**ਮੁੱਖ ਬੰਦ**

# ਦੁਬਿਧਾ ਦੂਰ ਕਰਹੁ ਲਿਵ ਲਾਇ

ਸੰਸਾਰ ਭਰ ਵਿੱਚ ਐਸਾ ਕੋਈ ਵੀ ਗੁਰਸਿੱਖ ਮਿਲਣਾ ਅਸੰਭਵ ਹੈ, ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਕ-ਜੋਤਿ ਸ਼ਬਦ ਸਰੂਪ ਗੁਰੂ ਜਾਣਦਾ ਹੋਇਆ ਅਤਿ ਅਦਬ ਸਹਿਤ ਨਤਮਸਤਕ ਨਾ ਹੁੰਦਾ ਹੋਵੇ। ਪ੍ਰੰਤੂ ਇਹ ਵੀ ਸੱਚ ਹੈ ਕਿ ਸਾਡੇ ਕੁਝ ਭੁੱਲੜ ਭੈਣ ਭਰਾ ਐਸੇ ਵੀ ਹਨ, ਜਿਹੜੇ ਕਿਸੇ ਸੰਪਰਦਾਈ ਹੱਠ ਅਧੀਨ ਜਾਂ ਅਗਿਆਨਮਈ ਦੁਬਿਧਾ ਵਸ ਦਸਮ-ਗ੍ਰੰਥ ਕਹੇ ਜਾਂਦੇ 'ਬਚਿਤ੍ਰਨਾਟਕ' ਤੇ 'ਸਰਬਲੋਹ' ਆਦਿਕ ਗ੍ਰੰਥਾਂ ਨੂੰ ਵੀ ਗੁਰੂ-ਬਾਣੀ ਜਾਣਕੇ ਮੱਥੇ ਟੇਕ ਰਹੇ ਹਨ। ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਉਨ੍ਹਾਂ ਨੂੰ ਚੰਦੋਏ ਹੇਠ ਤਖ਼ਤ 'ਤੇ ਬਿਰਾਜਮਾਨ ਕਰਕੇ ਚਵਰ ਝੁਲਾ ਰਹੇ ਹਨ। ਸੱਚਾਈ ਤਾਂ ਇਹ ਹੈ ਕਿ ਗੁਰੂ ਨਾਨਕ ਵਿਚਾਰਧਾਰਾ ਦੇ ਕੂੜਿਆਰ ਵਿਰੋਧੀਆਂ ਨੇ ਉਪਰੋਕਤ ਕਿਸਮ ਦੀ ਘਰ-ਗਾਲੂ ਦੁਬਿਧਾ (ਦੁਚਿੱਤਾਪਨ) ਦੇ ਬੀਜ ਤਾਂ ਗੁਰੂ ਕਾਲ ਵਿੱਚ ਹੀ ਬੀਜਣੇ ਸ਼ੁਰੂ ਕਰ ਦਿੱਤੇ ਸਨ। ਇਹੀ ਕਾਰਣ ਛੁਪਿਆ ਹੋਇਆ ਹੈ "ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚਹ ਬੋਲਦੇ, ਸੇ ਕੂੜਿਆਰ ਕੂੜੇ ਝੜਿ ਪੜੀਐ॥" (ਗੁ.ਗ੍ਰੰ-ਪੰ.4) ਵਰਗੇ ਗੁਰਵਾਕਾਂ ਦੇ ਪਿਛੋਕੜ ਵਿੱਚ ਅਤੇ ਆਦਿ ਬੀੜ ਦੀ ਸੰਪਾਦਨਾ ਸਬੰਧੀ ਗੁਰਇਤਿਹਾਸ ਦੇ ਹੇਠ ਲਿਖੇ ਬੋਲਾਂ ਵਿੱਚ:

**(ਗੁਰੂ ਅਰਜਨ ਸਾਹਿਬ) ਬਚਨ ਕੀਤਾ:**

**"ਭਾਈ ਗੁਰਦਾਸ, ਗੁਰੂ ਕੀ ਬਾਣੀ ਜੁਦਾ ਕਰੀਏ। ਮੀਣੇ ਪਾਂਦੇ ਨੀ ਰਲਾ, ਸੋ ਵਿਚ ਰਲਾ ਨਾ ਧਰੀਏ।"**

**ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ। ਭਾਈ ਗੁਰਦਾਸ ਸਭ ਇਕਤ੍ਰ ਕਰ ਲਏ ।93।(ਬੰਸਾਵਲੀਨਾਮਾ, ਸੰਨ 1796)**

ਕਿਉਂਕਿ ਗੁਰੂ ਨਾਨਕ ਸਾਹਿਬ ਦੁਆਰਾ ਪ੍ਰਗਟਾਈ ਹੋਈ ਵੱਡੀ ਸੱਚਾਈ 'ਇਨ ਦੁਬਿਧਾ ਘਰ ਬਹੁਤੇ ਗਾਲੇ' (ਪੰ. 1029) ਮੁਤਾਬਿਕ ਉਹ ਗੁਰੂ ਦੋਖੀ ਜਾਣਦੇ ਸਨ ਕਿ ਕਿਸੇ ਵਿਅਕਤੀ, ਘਰ ਜਾਂ ਕੌਮ ਨੂੰ ਗਾਲ਼ਣ ਅਤੇ ਦੋ ਬੇੜੀਆਂ ਦੇ ਸਵਾਰ ਬਣਾ ਕੇ ਡੋਬਣ ਦਾ ਕਾਰਣ ਬਣਦੀ ਹੈ। ਕਾਰਣ ਹੈ ਕਿ ਇਸ਼ਟ-ਏਕਤਾ ਹੀ ਤਾਂ ਇੱਕ ਅਜਿਹਾ ਆਧਾਰ ਹੁੰਦਾ ਹੈ, ਜਿਹੜਾ ਕਿਸੇ ਮਜ਼ਹਬੀ ਜਥੇਬੰਦੀ ਵਿੱਚ ਏਕਤਾ ਬਣਾਈ ਰੱਖਦਾ ਹੈ। ਜਿਸ ਅਧੀਨ ਉਹ 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਹਿਤ' ਵਰਗੀ ਜਥੇਬੰਦਕ ਸਾਂਝ ਦੀ ਅਰਦਾਸ ਕਰਦਾ ਹੈ। ਪਰ, ਜਦੋਂ ਇਸ਼ਟ-ਏਕਤਾ ਦਾ ਅਧਾਰ ਹਿੱਲ ਜਾਵੇ ਤਾਂ ਉਨ੍ਹਾਂ ਵਿੱਚ ਆਪਸੀ ਪਿਆਰ, ਸਤਿਕਾਰ ਤੇ ਦੁੱਖ ਵੰਡਾਊ ਸਾਂਝ ਦਾ ਵੀ ਅਭਾਵ ਹੋ ਜਾਂਦਾ ਹੈ। ਸ਼ਾਇਦ ਇਸੇ ਹੀ ਲਈ ਗੁਰੂ-ਕਾਲ ਦੇ ਗੁਰਮਤਿ ਪ੍ਰਚਾਰਕ ਭਾਈ ਗੁਰਦਾਸ ਜੀ ਨੂੰ ਗੁਰਸਿੱਖਾਂ ਨੂੰ ਸੁਚੇਤ ਕਰਨ ਹਿਤ ਹੇਠ ਲਿਖੇ ਬਚਨ ਪ੍ਰਚਾਰਨੇ ਪਏ ਕਿ ਜਿਵੇਂ ਦੋ ਸ਼ੀਸ਼ਿਆਂ ਵਿੱਚ ਦੀ ਦੇਖਿਆਂ ਆਪਣੇ ਇੱਕ ਰੂਪ ਦੇ ਹੀ ਅਨੇਕਾਂ ਰੂਪ ਹੋ ਦਿਸਦੇ ਹਨ। ਇਵੇਂ ਹੀ ਗੁਰਸਿੱਖਾਂ ਵਜੋਂ ਇੱਕ-ਰੂਪ ਹੁੰਦਿਆਂ ਵੀ ਸੰਪਰਦਾਈ ਤੇ ਰਾਜਨੀਤਕ ਧੜਿਆਂ ਦੇ ਰੂਪ ਵਿੱਚ ਉਹ ਕਈ ਰੂਪਾਂ ਵਿੱਚ ਦਿਸਣ ਲਗਦੇ ਹਨ। ਜਿਵੇਂ ਦੋ ਬੇੜੀਆਂ 'ਤੇ ਪੈਰ ਧਰਨ ਵਾਲਾ ਕਦੇ ਵੀ ਪਾਰ ਨਹੀਂ ਲੰਘਦਾ, ਸਗੋਂ ਡੁੱਬਦਾ ਹੈ। ਤਿਵੇਂ ਹੀ ਗੁਰਸਿੱਖ ਹੋ ਕੇ ਜਿਹੜਾ ਕਿਸੇ ਦੂਜੇ ਨੂੰ ਗੁਰੂ ਜਾਣ ਕੇ ਸੇਵਾ ਕਰਦਾ ਹੈ ਜਾਂ ਇੱਕ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਹੋਰ ਦੇਵੀ ਦੇਵਤੇ ਦੀ ਟੇਕ ਰੱਖਦਾ ਹੈ, ਉਹ ਸੰਸਾਰ ਵਿੱਚ ਫਿਟਕਾਰ ਜੋਗ ਹੈ ਅਤੇ ਅੰਤ ਨੂੰ ਉਹ ਵਿਕਾਰ ਰੂਪ ਜਮਾਂ ਦਾ ਡੰਡ ਹੀ ਸਹਿੰਦਾ ਹੈ:

**ਦੋਇ ਦਰਪਨ ਦੇਖੈ, ਏਕ ਮੈ ਅਨੇਕ ਰੂਪ; ਦੋਇ ਨਾਵ ਪਾਵ ਧਰੈ, ਪਹੁਚੈ ਨ ਪਾਰ ਹੈ। ਗੁਰਸਿਖ ਹੋਏ, ਆਨ ਦੇਵ ਸੇਵ ਟੇਕ ਗਹੈ; ਸਹੈ ਜਮ ਡੰਡ ਧ੍ਰਿਗ ਜੀਵਨ ਸੰਸਾਰ ਹੈ॥ਕਬਿਤ 467॥**

ਗੁਰੂ-ਕਾਲ ਵਿੱਚ ਤਾਂ ਇਸ਼ਟ ਪ੍ਰਤੀ ਉਪਰੋਕਤ ਕਿਸਮ ਦੀ ਭੈੜੀ ਦੁਬਿਧਾ ਦੇ ਬੀਜ ਨੂੰ ਉੱਗਣ ਦਾ ਵਾਤਾਵਰਣ ਨਾ ਮਿਲ ਸਕਿਆ, ਪਰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਜੋਤੀ-ਜੋਤਿ ਸਮਾਉਂਦਿਆਂ ਹੀ ਰਾਜਨੀਤਕ ਜਰਵਾਣਿਆਂ ਨੇ ਜਦੋਂ ਪੰਥ ਨੂੰ ਜੰਗਾਂ ਜੁੱਧਾਂ ਵਿੱਚ ਉਲਝਾ ਲਿਆ ਤਾਂ ਬਿਪਰਵਾਦੀ ਧਰਤੀ 'ਚੋਂ ਇਹ ਕਈ ਪ੍ਰਕਾਰ ਦੇ ਸਾਹਿਤਕ ਦੇ ਇਤਿਹਾਸਕ ਗ੍ਰੰਥਾਂ ਦੇ ਰਲਗਢ ਰੂਪਾਂ ਵਿੱਚ ਉੱਗਣਾ ਸ਼ੁਰੂ ਹੋ ਗਿਆ। ਪਰ ਇਹ ਪੂਰਨ ਰੂਪ ਵਿੱਚ ਫਲ਼ਿਆ ਫੁੱਲਿਆ ਉਦੋਂ, ਜਦੋਂ ਸੰਨ 1873 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਬਣ ਕੇ ਗੁਰਗੱਦੀ ਲਗਾਉਣ ਵਾਲੇ ਭਾਈ (ਬਾਬਾ) ਖ਼ੇਮ ਸਿੰਘ ਬੇਦੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਗੁਰਮਤਿ ਪ੍ਰਚਾਰਕ ਸਭਾ ਬਣਾਈ। ਜਿਸ ਨੇ ਵੱਖ ਵੱਖ ਥਾਵਾਂ ਤੋਂ 32 ਕਿਸਮਾਂ ਦੀਆਂ ਬਚਿਤ੍ਰ-ਨਾਟਕੀ ਪੁਸਤਕਾਂ ਨੂੰ ਮਿਲਾ ਕੇ ਸੰਨ 1897 ਵਿੱਚ 'ਬਚਿਤ੍ਰ ਨਾਟਕ' ਤੋਂ 'ਸ੍ਰੀ ਦਸਮ ਗ੍ਰੰਥ ਸਾਹਿਬ' ਬਣਾ ਕੇ ਪ੍ਰਕਾਸ਼ਤ ਕਰਵਾਇਆ।

ਪ੍ਰੰਤੂ, ਪੰਥ-ਦਰਦੀ ਵਿਦਵਾਨਾਂ ਦੀ ਜਾਗ ਤਦੋਂ ਖੁਲ੍ਹੀ, ਜਦੋਂ ਸ੍ਰੀ ਅੰਮ੍ਰਿਤਸਰ ਦੇ ਇੱਕ ਵਪਾਰੀ ਪ੍ਰਕਾਸ਼ਕ ਨੇ ਕੁਝ ਬਿਪਰਵਾਦੀ ਡੇਰੇਦਾਰਾਂ ਦੀ ਸ਼ਹਿ 'ਤੇ ਵਿਕਰੀ ਵਧਾਉਣ ਲਈ ਸੰਨ 1967 ਵਿੱਚ 'ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ' ਨਾਂ ਦੇ ਦਿੱਤਾ ਅਤੇ ਇਸ ਦੀ ਵਾਮ-ਮਾਰਗੀ ਤੇ ਦੁਬਿਧਾ-ਜਨਕ ਸ਼ਾਕਤੀ ਗੰਧ ਕਾਰਣ ਪੰਥ ਹਿਤਕਾਰੀ ਸੱਜਣਾਂ ਦਾ ਦਮ ਘੁੱਟਣ ਲੱਗਾ। ਇਹੀ ਕਾਰਣ ਸੀ ਕਿ ਉਸ ਵੇਲੇ ਇੱਕ ਪਾਸੇ ਤਾਂ

ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਰਤਨ ਸਿੰਘ ਜੱਗੀ ਹੁਰਾਂ ਨੇ 'ਦਸਮ ਗ੍ਰੰਥ ਦਾ ਕ੍ਰਿਤਤਵ' ਨਾਂ ਦੀ ਖੋਜ ਪੁਸਤਕ ਲਿਖ ਕੇ ਸਿੱਧ ਕੀਤਾ ਕਿ ਇਹ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਹੀਂ। ਅਤੇ ਦੂਜੇ ਪਾਸੇ, ਡਾ. ਸ਼ਮਸ਼ੇਰ ਸਿੰਘ ਅਸ਼ੋਕ, ਪ੍ਰਿੰਸੀਪਲ ਹਰਿਭਜਨ ਸਿੰਘ ਚੰਡੀਗੜ੍ਹ, ਗਿ. ਭਾਗ ਸਿੰਘ ਅੰਬਾਲਾ, ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਤੇ ਦਿੱਲੀ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਤੇ ਦਲਬੀਰ ਸਿੰਘ ਐਮ.ਐਸ.ਸੀ. ਆਦਿਕ ਸੁਹਿਰਦ ਵਿਦਵਾਨਾਂ ਨੇ ਬਚਿਤ੍ਰ ਨਾਟਕ ਦੀ ਅਸਲੀਅਤ ਪ੍ਰਗਟਾਉਣ ਲਈ ਗੁਰਬਾਣੀ ਦੇ ਚਾਨਣ ਵਿੱਚ ਕਈ ਪੁਸਤਕਾਂ ਰਚੀਆਂ। ਕੁਝ ਗੁਰਮਤਿ ਪ੍ਰਚਾਰਕਾਂ ਨੇ ਵੀ ਆਪਣਾ ਯੋਗਦਾਨ ਪਾਇਆ। ਸਿੱਟੇ ਵਜੋਂ ਸਾਜਸ਼ੀਆਂ ਨੂੰ ਭੁਲੇਖਾ ਪਾਊ 'ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ' ਨਾਂ ਵਿੱਚੋਂ 'ਗੁਰੂ' ਪਦ ਹਟਾਉਣ ਲਈ ਮਜ਼ਬੂਰ ਹੋਣਾ ਪਿਆ।

ਮੇਰਾ ਖ਼ਿਆਲ ਕਿ ਹੁਣ ਉਸੇ ਲੜੀ ਨੂੰ ਅੱਗੇ ਤੋਰਦਿਆਂ ਗੁਰੂ ਕਿਰਪਾ ਸਦਕਾ ਹਥਲੀ ਪੁਸਤਕ ਰਚੀ ਹੈ ਗੁਰਬਾਣੀ ਦੇ ਖੋਜੀ ਵਿਦਵਾਨ ਪ੍ਰੋ. ਕਸ਼ਮੀਰਾ ਸਿੰਘ ਜੀ (ਐਮ.ਏ.) ਨੇ ਮੈਂ ਜਾਣਦਾ ਹਾਂ ਕਿ ਉਹ ਦੇਸ਼ ਵਿਦੇਸ਼ ਵਿਖੇ ਗੁਰਮਤਿ ਪ੍ਰਚਾਰਕ ਵਜੋਂ ਵੀ ਸਮੇਂ ਸਮੇਂ ਸਿੱਖ ਸੰਗਤਾਂ ਦੇ ਸਨਮੁਖ ਹੁੰਦੇ ਰਹੇ ਹਨ। ਦਾਸ (ਜਾਚਕ) ਨਾਲ ਇਸ ਗੁਣੀ ਸੱਜਣ ਦੀ ਪਹਿਲੀ ਮੁਲਾਕਾਤ ਹੋਈ ਸੀ ਕੇਂਦਰੀ ਸਿੰਘ ਸਭਾ ਦੁਆਰਾ 'ਸਮੁੰਦਰੀ ਤੇਜਾ ਸਿੰਘ ਹਾਲ' ਸ੍ਰੀ ਅੰਮ੍ਰਿਤਸਰ ਵਿਖੇ ਸੰਨ 1979 ਵਿੱਚ ਕਰਵਾਏ ਪਹਿਲੇ 'ਗੁਰਬਾਣੀ ਪਾਠ ਬੋਧ' ਸਮਾਗਮ ਵਿੱਚ, ਜਿਸ ਦਾ ਮੁਖ ਮਨੋਰਥ ਸੀ ਗੁਰਬਾਣੀ ਦੇ ਸ਼ੁਧ ਉਚਾਰਣ ਦੀ ਸੰਥਿਆ ਦੇਣਾ।

ਇਸੇ ਸਮਾਗਮ ਵਿੱਚ ਇਨ੍ਹਾਂ ਦੀ ਨਿਕਟਤਾ ਬਣੀ ਸੀ ਭਾਈ ਜੋਗਿੰਦਰ ਸਿੰਘ ਤਲਵਾੜਾ ਵਰਗੇ ਗੁਰਬਾਣੀ ਵਿਆਕਰਣ ਦੀ ਸੋਝੀ ਰੱਖਣ ਵਾਲੇ ਵਿਦਵਾਨ ਸੱਜਣਾਂ ਨਾਲ। ਮੈਂ ਸਮਝਦਾ ਹਾਂ ਕਿ ਉਨ੍ਹਾਂ ਤੋਂ ਮਿਲੀ ਉਤਸ਼ਾਹੀ ਪ੍ਰੇਰਨਾ ਸਦਕਾ ਪ੍ਰੋ. ਕਸ਼ਮੀਰਾ ਸਿੰਘ ਜੀ ਹੁਰਾਂ ਨੇ ਸਭ ਤੋਂ ਪਹਿਲਾਂ ਸੰਨ 2010 ਵਿੱਚ ਗੁਰਬਾਣੀ ਦੇ ਸ਼ੁਧ ਉਚਾਰਣ ਹਿਤ ਇਸ ਵਿਚ ਵਰਤੇ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਨੂੰ ਸਮਝਣ ਲਈ 'ਗੁਰਬਾਣੀ ਸ਼ਬਦ ਕੋਸ਼' ਨਾਂ ਦੀ ਇੱਕ ਵਡਮੁੱਲੀ ਪੁਸਤਕ ਸ਼ੁੱਧ ਪਾਠ ਕਰਨ ਦੇ ਚਾਹਵਾਨ ਜਗਿਆਸੂਆਂ ਦੀ ਝੋਲੀ ਵਿਚ ਪਾਈ, ਜਿਹੜੀ ਉਨ੍ਹਾਂ ਦੇ ਸਫਲ ਗੁਰਬਾਣੀ ਵਿਚ ਵਰਤੀਆਂ ਭਾਸ਼ਾਵਾਂ ਦੇ ਮਾਹਰ ਤੇ ਗੁਰਬਾਣੀ ਦੇ ਗਿਆਤਾ ਹੋਣ ਦਾ ਮੂੰਹ ਬੋਲਦਾ ਸਬੂਤ ਹੈ। ਹੱਥਲੀ ਪੁਸਤਕ ਦਾ ਖਰੜਾ ਪੜ੍ਹਦਿਆਂ ਮੈਂ ਇਸ ਨਤੀਜੇ 'ਤੇ ਪਹੁੰਚਾ ਹਾਂ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਚਿਤ੍ਰਨਾਟਕ (ਦਸਮ ਗ੍ਰੰਥ) ਦੀਆਂ ਕੁਝ ਵਿਸ਼ੇਸ਼ ਰਚਨਾਵਾਂ ਦਾ ਬਹੁਪੱਖੀ ਤੁਲਿਨਾਤਮਕ ਅਧਿਐਨ ਹੈ। ਪ੍ਰੋ. ਸਾਹਿਬ ਜੀ ਨੇ ਉਸ ਸਾਜਸ਼ੀ ਪੱਖ ਨੂੰ ਉਜਾਗਰ ਕਰਨ ਦਾ ਵੀ ਸਫਲ ਯਤਨ ਕੀਤਾ ਹੈ, ਜਿਸ ਅਧੀਨ ਉਪਰੋਕਤ ਰਚਨਾਵਾਂ 'ਸਿੱਖ ਰਹਿਤ ਮਰਯਾਦਾ' ਦੇ ਕਿਤਾਬਚੇ ਰਾਹੀਂ ਪੰਥਕ ਜੀਵਨ-ਜਾਚ ਦਾ ਭਾਗ ਬਣਾਈਆਂ ਗਈਆ ਹਨ। ਪ੍ਰੰਤੂ, ਉਨ੍ਹਾਂ ਦੀ ਅਜਿਹੀ ਮਿਹਨਤ ਤੇ ਦਲੇਰੀ ਭਰੇ ਕਦਮ ਦਾ ਮੁੱਖ ਮਨੋਰਥ ਤਾਂ ਇਹੀ ਜਾਪਦਾ ਹੈ ਕਿ ਸਿੱਖ ਜਗਤ ਦੀਆਂ ਪ੍ਰਮੁਖ ਸੰਸਥਾਵਾਂ ਦੇ ਮੁਖੀ ਅਤੇ ਗੁਰਮਤਿ ਦੀ ਸੋਝੀ ਰਖਣ ਵਾਲੇ ਨਿਰਪੱਖ ਤੇ ਸੁਹਿਰਦ ਗੁਰਸਿੱਖ ਵਿਦਵਾਨ ਮਿਲ ਬੈਠਣ ਅਤੇ ਉਹ ਪੰਥਕ ਵਿਹੜੇ 'ਚੋਂ ਦੁਬਿਧਾ ਪਾਊ ਪੌਦਿਆਂ ਨੂੰ ਪੁੱਟ ਕੇ ਸਿੱਖੀ ਦੇ ਵਿਹੜੇ 'ਚੋਂ ਬਾਹਰ ਸੁੱਟ ਸਕਣ, ਕਿਉਂਕਿ ਸਾਨੂੰ ਇਲਾਹੀ ਹੁਕਮ ਵੀ ਹੈ :

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ! ਦੁਬਿਧਾ ਦੂਰਿ ਕਰਹੁ ਲਿਵ ਲਾਇ ॥**

**ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ ॥ ਗੁ.ਗ੍ਰੰ.-ਪੰ 1185**

ਗੁਰਬਾਣੀ ਦੇ ਖੋਜੀ ਰਸੀਏ ਹੋਣ ਕਰਕੇ "ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥ (ਗੁ.ਗ੍ਰੰ.-ਪੰ.238) ਦੀ ਰੌਸ਼ਨੀ ਵਿੱਚ ਉਹ ਭਲੀਭਾਂਤ ਸਮਝਦੇ ਹਨ ਕਿ ਗੁਰੂ ਕਿਰਪਾ ਦੇ ਪਾਤਰ ਬਣ ਕੇ ਦੁਚਿੱਤਾਪਨ (ਦੁਬਿਧਾ) ਦੂਰ ਕੀਤੇ ਬਗੈਰ ਕੋਈ ਵੀ ਮਨੁੱਖ ਬ੍ਰਹਮ ਦੀ ਵੀਚਾਰ ਵਾਲਾ ਨਹੀਂ ਹੋ ਸਕਦਾ। ਭਾਵ, ਉਹ ਜਗਤ-ਜੀਵਨ ਪ੍ਰਭੂ ਨਾਲ ਸਾਂਝ ਪਾ ਕੇ ਜੀਊਣ ਤੋਂ ਅਸਮਰਥ ਹੀ ਰਹਿੰਦਾ ਹੈ, ਭਾਵੇਂ ਉਹ ਪੁਜਾਰੀ ਵਰਗ ਦੇ ਮਿਥੇ ਹੋਏ ਬਹੁ ਪ੍ਰਕਾਰੀ ਧਾਰਮਿਕ ਕਰਮਕਾਂਡ ਕਰਦਾ ਫਿਰੇ। ਇਸੇ ਲਈ ਹੀ ਉਨ੍ਹਾਂ ਨੇ ਅਜਿਹਾ ਪੰਥ ਹਿਤਕਾਰੀ ਉਪਰਾਲਾ ਕੀਤਾ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ।

ਆਸ ਹੈ ਕਿ ਗੁਰਬਾਣੀ ਦੇ ਕੀਰਤਨੀਏ ਤੇ ਗੁਰਮਤਿ ਪ੍ਰਚਾਰਕਾਂ ਸਮੇਤ ਸਮੂਹ ਗੁਰਸਿੱਖ ਮਾਈ-ਭਾਈ ਇਸ ਪੁਸਤਕ ਨੂੰ ਅਤਿ ਗੰਭੀਰਤਾ ਸਹਿਤ ਵਿਚਾਰਨਗੇ ਅਤੇ ਪ੍ਰਚਾਰਨ ਦਾ ਉਦਮ ਉਪਰਾਲਾ ਵੀ ਕਰਨਗੇ, ਤਾਂ ਕਿ ਸਿੱਖ ਜਗਤ ਦਾ ਹਰੇਕ ਪਾਂਧੀ ਕਵੀ ਕੁਲ਼ ਦੇ ਰਤਨ ਭਾਈ ਨਿਹਾਲ ਸਿੰਘ ਵਾਂਗ ਹਰ ਵੇਲੇ ਇਹੀ ਗਾਉਂਦਾ ਫਿਰੇ "ਮੋ ਕਉ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ"। "ਮੋ ਕਉ ਤੋਂ ਭਰੋਸੋ ਏਕ ਗ੍ਰੰਥ ਮਹਾਰਾਜ ਪੈ"। ਭੁੱਲ-ਚੁੱਕ ਦੀ ਖ਼ਿਮਾਂ।

**ਬੇਨਤੀ ਕਰਤਾ :-**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਦ੍ਰਿੜਤਾ ਭਰਪੂਰ ਭਰੋਸਾ ਰੱਖਣ ਵਾਲੇ ਗੁਰਸਿੱਖਾਂ ਦੀ ਚਰਨ-ਧੂੜ : ਜਗਤਾਰ ਸਿੰਘ ਜਾਚਕ।**

**ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਆਨਰੇਰੀ ਅੰਤਰਾਸ਼ਟਰੀ ਸਿੱਖ ਪ੍ਰਚਾਰਕ,**

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।**

**ਮਿਤੀ : 20 ਮੱਘਰ ਨਾਨਕਸ਼ਾਹੀ ਸੰਮਤ 551 ਮੁਤਾਬਿਕ 3 ਦਸੰਬਰ 2019। ਨਿਊਯਾਰਕ।**

# ਭੂਮਿਕਾ

ਸਿੱਖ ਰਹਿਤ ਮਰਯਾਦਾ ਸੰਨ 1931 ਵਿੱਚ ਬਣਨੀ ਸ਼ੁਰੂ ਹੋਈ ਸੀ। ਸੰਨ 1936 ਵਿੱਚ ਇਸ ਨੂੰ ਸ਼੍ਰੋ. ਕਮੇਟੀ ਵਲੋਂ ਪ੍ਰਵਾਨਗੀ ਮਿਲ਼ ਗਈ ਸੀ। ਸੰਨ 1939 ਵਿੱਚ ਦੂਜਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਸੰਨ 1936 ਵਿੱਚ ਬਣੀ ਰਹਿਤ ਮਰਯਾਦਾ ਨੇ ਲੱਗਭੱਗ 6 ਸਾਲ ਦੂਜੇ ਸੰਸਾਰ ਯੁੱਧ ਦੇ ਵੀ ਦੇਖੇ। ਸੰਨ 1945 ਵਿੱਚ ਵਿੱਚ ਬਣ ਚੁੱਕੀ ਰਹਿਤ ਮਰਯਾਦਾ ਨੂੰ ਮੁੜ ਖੋਲ੍ਹ ਕੇ ਉਸ ਵਿੱਚ ਹੋਰ ਤਬਦੀਲੀਆਂ ਕਰ ਦਿੱਤੀਆਂ ਗਈਆਂ ਅਤੇ ਅੰਤਮ ਪ੍ਰਵਾਨਗੀ ਵੀ ਸ਼੍ਰੋ. ਕਮੇਟੀ ਵਲੋਂ ਦੇ ਦਿੱਤੀ ਗਈ। ਸੰਨ 1945 ਵਿੱਚ ਹੀ ਦੂਜਾ ਸੰਸਾਰ ਯੁੱਧ ਸਮਾਪਤ ਹੋ ਗਿਆ ਪਰ ਸੰਨ 1945 ਵਿੱਚ ਸ਼੍ਰੋ. ਕਮੇਟੀ ਦੀ ਪ੍ਰਵਾਨਗੀ ਨਾਲ਼ ਸਮਾਪਤ ਹੋਈ ਸਿੱਖ ਰਹਿਤ ਮਰਗਾਦਾ ਨਾਲ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਪਣੀ ਵਿਚਾਰਧਾਰਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਕਹੀਆਂ ਜਾਂਦੀਆਂ ਗੁਰੂ-ਕ੍ਰਿਤ ਰਚਨਾਵਾਂ ਦੀ ਵਿਚਾਰਧਾਰਾ ਵਿੱਚ ਆਪਸੀ ਯੁੱਧ ਸ਼ੁਰੂ ਹੋਣ ਦੇ ਆਸਾਰ ਜ਼ਰੂਰ ਬਣ ਗਏ। ਸੰਨ 1947 ਵਿੱਚ ਰੌਲ਼ੇ ਪੈ ਗਏ ਅਤੇ ਹਿੰਦੁਸਤਾਨ ਦੇ ਦੋ ਟੁਕੜੇ ਹੋ ਗਏ। ਇਸ ਰੌਲ਼ੇ ਗੌਲ਼ੇ ਵਿੱਚ ਅਤੇ ਮਰਯਾਦਾ ਨੂੰ ਸ਼੍ਰੋ. ਕਮੇਟੀ ਵਲੋਂ ਬਣਾਉਣ ਕਾਰਣ ਕਿਸੇ ਨੇ ਧਿਆਨ ਨਾ ਦਿੱਤਾ ਕਿ ਸਿੱਖ ਰਹਿਤ ਮਰਯਾਦਾ ਵਿੱਚ ਜੋ ਜੋ ਰਚਨਾਵਾਂ ਸਿੱਖਾਂ ਵਲੋਂ ਨਿੱਤਨੇਮ ਵਿੱਚ ਪੜ੍ਹਨ ਲਈ ਅਤੇ ਪਾਹੁਲ ਲਈ ਸ਼੍ਰੋ. ਕਮੇਟੀ ਵਲੋਂ ਦਰਜ ਕਰਵਾ ਦਿੱਤੀਆਂ ਗਈਆਂ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਹਨ ਕਿ ਬਾਹਰੋਂ ਵੀ ਹਨ ਅਤੇ ਉਨ੍ਹਾਂ ਦੇ ਕੀ ਅਰਥ ਹਨ। ਸਿੱਖ ਇਵੇਂ ਹੀ ਬਿਨਾਂ ਵਿਚਾਰੇ ਸ਼ਰਧਾ ਅਧੀਨ ਪੜ੍ਹਦੇ ਗਏ।

19 ਜਨਵਰੀ ਸੰਨ 2010 ਨੂੰ ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਨੂੰ, ਸੰਗਤ ਵਿੱਚ ਦਸ਼ਮ ਗ੍ਰੰਥ ਵਿੱਚੋਂ ਹੀ ਇੱਕ ਸਾਖੀ ਸੁਣਾ ਕੇ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਦਾਇਰੇ ਵਿੱਚ ਰਹਿਣ ਦੀ ਪ੍ਰੇਰਣਾ ਦੇਣ ਕਾਰਣ, ਛੇਕਣ ਦੀ ਕਾਰਵਾਈ ਹੋ ਗਈ ਜਿਸ ਦਾ ਸੰਸਾਰ ਭਰ ਵਿੱਚ ਵਿਰੋਧ ਵੀ ਹੋਇਆ ਪਰ ਇਸ ਨਾਲ਼ ਦਸ਼ਮ ਗ੍ਰੰਥ ਦੀ ਖੋਜ ਜ਼ੋਰਾਂ ਸ਼ੋਰਾਂ ਨਾਲ਼ ਸ਼ੁਰੂ ਹੋ ਗਈ ਕਿਉਂਕਿ ਦਸ਼ਮ ਗ੍ਰੰਥ ਵਿੱਚੋਂ ਹੀ ਵਾਧੂ ਰਚਨਾਵਾਂ ਸ਼੍ਰੋ. ਕਮੇਟੀ ਵਲੋਂ ਜੋੜ ਕੇ ਸਿੱਖਾਂ ਦੇ ਨਿੱਤਨੇਮ ਦਾ ਹਿੱਸਾ ਬਣਾ ਦਿੱਤੀਆਂ ਗਈਆਂ। ਦਾਸ ਵੀ ਇਸ ਖੋਜ ਵਿੱਚ ਸ਼ਾਮਲ ਹੋ ਗਿਆ ਅਤੇ ਵਾਧੂ ਜੋੜੀਆਂ ਰਚਨਾਵਾਂ ਦੀ ਅਸਲੀਅਤ ਸਮਝਣ ਦਾ ਯਤਨ ਕੀਤਾ ਗਿਆ ਜਿਸ ਨਾਲ਼ ਹੈਰਾਨ ਕਰਨ ਵਾਲ਼ੇ ਨਤੀਜੇ ਸਾਮ੍ਹਣੇ ਆਏ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਲਿਖੇ ਲੇਖ ਵੱਖ-ਵੱਖ ਥਾਵਾਂ ਉਤੇ ਛਪਵਾਏ ਗਏ ਅਤੇ ਹੋਰ ਸਿੱਖ ਵਿਦਵਾਨਾਂ ਦੁਆਰਾ ਲਿਖੇ ਲੇਖ ਵੀ ਖ਼ਾਲਸਾ ਨਿਊਜ਼ ਰਾਹੀਂ ਪੜ੍ਹੇ ਅਤੇ ਵਿਚਾਰੇ ਗਏ। ਕੁੱਝ ਲੇਖ ਮੀਡੀਆ ਪੰਜਾਬ ਜਰਮਨੀ ਵਿੱਚ ਛਪੇ ਅਤੇ ਬਹੁਤੇ ਲੇਖ ਖ਼ਾਲਸਾਨਿਊਜ਼ਡਾਟਓਰਗ ਰਾਹੀਂ ਪਾਠਕਾਂ ਦੇ ਸਾਮ੍ਹਣੇ ਆਏ। ਪਾਠਕਾਂ ਵਲੋਂ ਚੰਗਾ ਉਤਸ਼ਾਹ ਮਿਲ਼ਿਆ। ਇਨ੍ਹਾਂ ਛਪੇ ਹੋਏ ਲੇਖਾਂ ਵਿੱਚੋਂ ਕੁੱਝ ਕੁ ਲੇਖ ਹਥਲੀ ਪੁਸਤਕ ਵਿੱਚ ਛਪਵਾਏ ਜਾ ਰਹੇ ਹਨ ਤਾਂ ਜੁ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਵਿੱਚ ਕੀਤੀ ਖੋਜ ਆਮ ਪਾਠਕਾਂ ਦੇ ਸਾਮ੍ਹਣੇ ਰੱਖੀ ਜਾ ਸਕੇ ਅਤੇ ਸਿੱਖ ਰਹਿਤ ਮਰਯਾਦਾ ਰਾਹੀਂ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰੋਂ, ਨਿੱਤ ਨੇਮ ਵਿੱਚ ਵਾਧੂ ਜੋੜੀਆਂ ਰਚਨਾਵਾਂ ਦੀ ਅਸਲੀਅਤ ਪਤਾ ਲੱਗ ਸਕੇ। ਦਸ਼ਮ ਗ੍ਰੰਥ ਨੂੰ ਖ਼ੁਦ ਪੜ੍ਹ ਵਿਚਾਰ ਕੇ ਦਾਸ ਨੇ ਇਹ ਸਿੱਟੇ ਕੱਢਣ ਦਾ ਯਤਨ ਕੀਤਾ ਹੈ ਕਿਉਂਕਿ ਸਮੁੰਦਰੀ ਕੰਢੇ ਉਤੇ ਖੜੇ ਹੋ ਕੇ ਸਮੁੰਦਰ ਦੀ ਵਿਸ਼ਾਲਤਾ ਦਾ ਗਿਆਨ ਤਾਂ ਹੋ ਸਕਦਾ ਹੈ ਪਰ ਉਸ ਦੀ ਹੇਠਲੀ ਸਤਹ ਤੇ ਜੋ ਚੰਗਾ ਮਾੜਾ ਲੁਕਿਆ ਪਿਆ ਹੈ ਉਸ ਦਾ ਬੋਧ ਨਹੀਂ ਹੋ ਸਕਦਾ।

ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਖੋਜ ਨੂੰ ਸਲਾਹੁਣ ਵਾਲ਼ਿਆਂ ਦਾ ਅਤੇ ਉਨ੍ਹਾਂ ਸਾਰੇ ਹੋ ਚੁੱਕੇ ਅਤੇ ਵਰਤਮਾਨ ਸਿੱਖ ਖੋਜੀਆਂ ਜਿਵੇਂ ਕਿ ਡਾ. ਰਤਨ ਸਿੰਘ ਜੱਗੀ, ਸ. ਦਲਬੀਰ ਸਿੰਘ ਐਮ.ਐਸ ਸੀ., ਸ. ਜਸਬਿੰਦਰ ਸਿੰਘ ਡੁਬਈ ਅਤੇ ਸ. ਜਸਵੰਤ ਸਿੰਘ ਇਸਮਾਈਲਾਬਾਦ ਦਾ ਦਾਸ ਅਤੀ ਧੰਨਵਾਦੀ ਹੈ ਜਿਨ੍ਹਾਂ ਦੁਆਰਾ ਦਸ਼ਮ ਗ੍ਰੰਥ ਦੀ ਕੀਤੀ ਖੋਜ ਤੋਂ ਬਹੁਤ ਸਹਾਇਤਾ ਮਿਲ਼ੀ ਹੈ। ਅੰਤਰਰਾਸ਼ਟਰੀ ਪ੍ਰਸਿੱਧੀ ਵਾਲ਼ੇ ਪ੍ਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਜੀ ਨਿਊਯਾਰਕ ਵਾਲ਼ਿਆਂ ਦਾ, ਖਰੜੇ ਨੂੰ ਚੰਗੀ ਤਰ੍ਹਾਂ ਵਾਚਣ ਅਤੇ ਇਤਿਹਾਸਕ ਸੋਧਾਂ ਕਰਵਾਉਣ ਲਈ, ਦਾਸ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹੈ। ਸੋਸ਼ਲ ਮੀਡੀਆ, ਵਿਸ਼ੇਸ਼ ਕਰ ਕੇ ਖ਼ਾਲਸਾ ਨਿਊਜ਼, ਰਾਹੀਂ ਵੀ ਬਹੁਤ ਸਾਰੇ ਸਿੱਖ ਵਿਦਵਾਨਾ ਦੇ ਦਸ਼ਮ ਗ੍ਰੰਥ ਬਾਰੇ ਦਿੱਤੇ ਖੋਜ ਭਰਪੂਰ ਵਿਚਾਰਾਂ ਤੋਂ ਲਾਭ ਉਠਾਇਆ ਹੈ, ਸੱਭ ਦਾ ਧੰਨਵਾਦ।

**ਸੰਮਤ ਨਾਨਕਸ਼ਾਹੀ**
**11 ਮੱਘਰ, 551**
**24 ਨਵੰਬਰ, 2019**


**ਵਿੱਦਿਆ ਪ੍ਰੇਮੀਆਂ ਦਾ ਸੇਵਕ,**
**ਕਸ਼ਮੀਰਾ ਸਿੰਘ (ਪ੍ਰੋ.)**
**(M.A., B.Sc., B.Ed., B.Mus., GEM.)**
**kmsingh_05@yahoo.com**

# ਤਤਕਰਾ


| | | |
|---|---|---|
| * | ਮੁੱਖ ਬੰਦ | 1 |
| * | ਭੂਮਿਕਾ | 3 |
| 1. | ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਕੋਈ ਗੁਰ-ਸ਼ਬਦ ਹੈ? | 5 |
| 2. | ਨਾਨਕ ਬਾਣੀ ਦੀ ਪਛਾਣ - ਨਾਨਕ ਬਾਣੀ ਕਿੱਥੇ ਹੈ? | 7 |
| 3. | ਜਦੋਂ ਆਪਣਿਆਂ ਨੇ ਹੀ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ ! | 8 |
| 4. | ਕੀ 'ਸਿੱਖ ਰਹਿਤ ਮਰਯਾਦਾ' ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਜਾਂ ਲਾਗੂ ਹੈ? | 9 |
| 5. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੋਸ਼ਨੀ ਵਿੱਚ 'ਜਾਪੁ' (ਨਿੱਤ-ਨੇਮ) ਅਤੇ 'ਚੰਡੀ ਚਰਿਤ੍ਰ' ਇੱਕ ਤੁੱਲਨਾਤਮਕ ਅਧਿਐਨ ! | 10 |
| 6. | 'ਜਾਪੁ' ਰਚਨਾ ਨੇ ਸਿੱਖ ਦੇ ਕਿਹੜੇ ਮਾਤਾ ਪਿਤਾ ਥਾਪੇ? | 21 |
| 7. | ਦਸਮ ਗ੍ਰੰਥ ਤੇ ਇਸਦੀ ਰਚਨਾ 'ਜਾਪੁ' ਦੀ ਲੋਕ ਮਾਤਾ ਕੌਣ ਹੈ? | 22 |
| 8. | 'ਜਾਪੁ' ਵਿੱਚ ਭਵਾਨੀ ਦੁਰਗਾ ਮਾਈ !! | 23 |
| 9. | ਕੀ ਸ਼ਸਤ੍ਰਧਾਰੀ ਰੱਬ ਹੈ ਜਾਂ ਦੁਰਗਾ ਅਤੇ ਮਹਾਂਕਾਲ਼ ਹਨ? | 25 |
| 10. | ਦਸਮ ਗ੍ਰੰਥ ਦੀ "ਜਾਪੁ" ਰਚਨਾ ਅਤੇ ਸ਼ਿਵ ਪੁਰਾਣ ਵਿੱਚ "ਅਵਧੂਤ" ਸ਼ਬਦ ਦੀ ਵਰਤੋਂ ! | 28 |
| 11. | 'ਕ੍ਰਿਸ਼ਨਾਵਤਾਰ' ਅਤੇ ਰਚਨਾ 'ਜਾਪੁ' ਇੱਕ ਅਧਿਐਨ ! | 30 |
| 12. | 'ਕਬਿਯੋ ਬਾਚ ਬੇਨਤੀ ਚੌਪਈ' ਇੱਕ ਅਧਿਐਨ ! | 34 |
| 13. | ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ 'ਕ੍ਰਿਸ਼ਨਾਵਤਾਰ', 'ਤ੍ਰਿਅ ਚਰਿਤ੍ਰ ਨੰਬਰ 404' ਅਤੇ 'ਕਬਿਯੋ ਬਾਚ ਬੇਨਤੀ ਚੌਪਈ' ਵਿੱਚ ਮਹਾਂਕਾਲ਼ ਦਾ ਸੰਕਲਪ | 43 |
| 14. | ਮਹਾਂਕਾਲ਼ ਦੇਵਤੇ ਅੱਗੇ 'ਕਬਿਯੋ ਬਾਚ ਬੇਨਤੀ ਚੌਪਈ' ਦੀ ਭਾਸ਼ਾ ਅਤੇ ਹੋਰ ਪੱਖਾਂ ਤੋਂ ਪਰਖ ! | 49 |
| 15. | ਦੇਹ ਧਾਰੀ ਦੇਵਤੇ ਮਹਾਂਕਾਲ਼ ਅੱਗੇ ਕੀਤੀ ਬੇਨਤੀ ਹੈ ਕਬਿਯੋ ਬਾਚ ਬੇਨਤੀ ਚੌਪਈ ! | 53 |
| 16. | ਅਰਦਾਸਿ ਵਿੱਚ 'ਭਗਉਤੀ' ਸ਼ਬਦ ਕੀ ਹੈ? | 55 |
| 17. | ਅਰਦਾਸਿ ਵਿੱਚ ਪੜ੍ਹੀ ਜਾਂਦੀ 'ਵਾਰ ਸ਼੍ਰੀ ਭਗਉਤੀ ਜੀ ਕੀ ਪਾ: 10' ਦੀ ਅਸਲੀਅਤ ! | 56 |
| 18. | 'ਭਗਵਤੀ' ਸ਼ਬਦ ਤੋਂ 'ਭਗਉਤੀ' ਸ਼ਬਦ ਕਿਵੇਂ ਬਣਿਆ? | 58 |
| 19. | ਇੱਕ ਔਰਤ ਹੈ ਭਗਉਤੀ ਦਸਮ ਗ੍ਰੰਥ ਵਿੱਚ ! | 60 |
| 20. | ਦਸਮ ਗ੍ਰੰਥ ਕਿਵੇਂ ਬਣਿਆ? | 62 |
| 21. | ਹਿੰਦੂ ਅੰਨ੍ਹਾ ਤੁਰਕੂ ਕਾਣਾ, ਪਰ ਸਿੱਖ ਨੂੰ ਕੀ ਕਹੋਗੇ? | 63 |

# ਕੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਕੋਈ ਗੁਰ-ਸ਼ਬਦ ਹੈ?

**ਪੰਜਵੇਂ ਗੁਰੂ ਜੀ ਨੇ ਪਹਿਲੀ ਬੀੜ ਲਿਖਵਾਈ :**

ਧੰਨੁ ਗੁਰੂ ਅਰਜੁਨ ਸਾਹਿਬ ਪਾਤਿਸ਼ਾਹ ਜੀ ਨੇ ਭਾਈ ਗੁਰਦਾਸ ਜੀ ਕੋਲੋਂ 34 ਬਾਣੀਕਾਰਾਂ ਦੀ ਰਚਨਾ ਆਪਣੀ ਨਿਗਰਾਨੀ ਹੇਠ ਸੰਨ 1604 ਈਸਵੀ ਨੂੰ ਇੱਕ ਪੋਥੀ ਵਿੱਚ ਦਰਜ ਕਰਵਾ ਦਿੱਤੀ ਸੀ ਜਿਸ ਨੂੰ 'ਆਦਿ ਬੀੜ' ਜਾਂ 'ਪੋਥੀ ਸਾਹਿਬ' ਕਿਹਾ ਜਾਂਦਾ ਹੈ। ਪੰਜਵੇਂ ਗੁਰੂ ਜੀ ਨੇ ਕੋਈ ਗੁਰ-ਸ਼ਬਦ 'ਆਦਿ ਬੀੜ' ਤੋਂ ਬਾਹਰ ਨਹੀਂ ਰਹਿਣ ਦਿੱਤਾ ਸੀ।

**ਦਸਵੇਂ ਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਦਮਦਮੀ ਬੀੜ ਲਿਖਵਾਈ :**

ਫਿਰ ਦਸਵੇਂ ਪਾਤਿਸ਼ਾਹ ਧੰਨੁ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸੰਨ 1682 ਵਿੱਚ ਆਦਿ ਬੀੜ ਨੂੰ ਦੁਵਾਰਾ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਇਆ ਜਿਸ ਵਿੱਚ ਉਸ ਸਮੇਂ ਤਕ ਪ੍ਰਾਪਤ ਹੋ ਚੁੱਕੇ ਗੁਰ-ਸ਼ਬਦਾਂ ਨੂੰ ਪਹਿਲੀ ਲਿਖਣ ਕਲਾ ਅਨੁਸਾਰ ਦਰਜ ਕਰਵਾਇਆ।

ਇਹ ਨਵੇਂ ਗੁਰ-ਸ਼ਬਦ ਨੌਵੇਂ ਗੁਰੂ ਜੀ ਵਲੋਂ ਰਚਿਤ ਬਾਣੀ ਦੀਆਂ ਰਚਨਾਵਾਂ ਸਨ। ਛੇਵੇਂ, ਸੱਤਵੇਂ, ਅੱਠਵੇਂ ਅਤੇ ਦਸਵੇਂ ਗੁਰੂ ਜੀ ਦੀ ਬਾਣੀ ਨਹੀਂ ਸੀ ਕਿਉਂਕਿ ਇਨ੍ਹਾਂ ਗੁਰੂ ਪਾਤਿਸ਼ਾਹਾਂ ਦੀਆਂ ਰਚਨਾਵਾਂ ਸ਼੍ਰੀ ਗੁਰੂ ਗ੍ਰੰਥ ਵਿੱਚ ਦਰਜ ਨਹੀਂ ਮਿਲ਼ਦੀਆਂ। ਜੇ ਇਨ੍ਹਾਂ ਪਾਤਿਸ਼ਾਹਾਂ ਦੇ ਲਿਖੇ ਸ਼ਬਦ ਹੁੰਦੇ ਤਾਂ ਉਹ ਵੀ ਦਸਵੇਂ ਗੁਰੂ ਜੀ ਵਲੋਂ ਦਰਜ ਕਰਵਾ ਦਿੱਤੇ ਜਾਣੇ ਸਨ। ਇਸ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਦਾ ਕੋਈ ਵੀ ਗੁਰ ਸ਼ਬਦ ਦਸਵੇਂ ਗੁਰੂ ਜੀ ਨੇ ਦਮਦਮੀ ਬੀੜ ਤੋਂ ਬਾਹਰ ਨਹੀਂ ਰਹਿਣ ਦਿੱਤਾ ਸੀ।

**ਅੱਜ ਕੀ ਵਾਪਰ ਰਿਹਾ ਹੈ?**

**ੳ**) ਅੱਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਦੀਆਂ ਰਚਨਾਵਾਂ ਨੂੰ ਗੁਰ-ਸ਼ਬਦ ਮੰਨਿਆਂ ਜਾ ਰਿਹਾ ਹੈ।

**ਅ**) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਦੀਆਂ ਰਚਨਾਵਾਂ ਨੂੰ ਗੁਰ-ਸ਼ਬਦ ਕੇਵਲ ਮੰਨਿਆਂ ਹੀ ਨਹੀਂ ਜਾ ਰਿਹਾ ਸਗੋਂ ਇਨ੍ਹਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ ਸ਼ਬਦਾਂ ਵਿੱਚ ਰਲ਼ਾ ਕੇ ਸੰਨ 1931-45 ਵਿੱਚ ਨਵਾਂ ਨਿੱਤਨੇਮ ਘੜ ਦਿੱਤਾ ਗਿਆ ਹੈ, ਪਾਹੁਲ ਦੀਆਂ ਸੱਚੀਆਂ ਬਾਣੀਆਂ ਵਿੱਚ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰੋਂ ਸ਼ਬਦ ਰਲ਼ਾ ਦਿੱਤੇ ਗਏ ਹਨ, ਅਰਦਾਸਿ ਵਿੱਚ ਪੱਕੇ ਤੌਰ ਉੱਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਪਈਆਂ ਰਚਨਾਵਾਂ ਵਿੱਚੋਂ ਇੱਕ ਪਹਿਰਾ ਰਲ਼ਾ ਦਿੱਤਾ ਗਿਆ ਹੈ (ਜਾਪੁ, ਸਵੱਯੇ, ਚੌਪਈ, ਪ੍ਰਿਥਮ ਭਗਉਤੀ ਸਿਮਰ ਕੈ- ਸੱਭ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਹਨ)।

**ਰਲ਼ਾਵੇ ਦਾ ਸਿੱਟਾ ਕੀ ਨਿਕਲ਼ਿਆ?**

ਇਸ ਸਾਰੇ ਦਾ ਸਿੱਟਾ ਕੱਢਿਆ ਜਾਵੇ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਧੂਰਾ ਗੁਰੂ ਸਾਬਤ ਕਰ ਦਿੱਤਾ ਗਿਆ ਹੈ। ਇਹ

## ਹੈਰਾਨੀ ਦੀ ਗੱਲ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਸ ਨੂੰ ਸਦੀਵੀ ਗੁਰਿਆਈ ਪ੍ਰਾਪਤ ਹੈ, ਉਸ ਦੀਆਂ ਨਿਤਨੇਮ ਅਤੇ ਪਾਹੁਲ ਵਿੱਚ ਕੇਵਲ ਦੋ ਬਾਣੀਆਂ

**ਜਪੁ ਅਤੇ ਅਨੰਦੁ**

**ਪਰ,** ਜਿਸ ਦਸਮ ਗ੍ਰੰਥ ਦੀ ਗੁਰੂ ਗੋਬਿੰਦ ਸਿੰਘ ਜੀ ਦੇ ਸਰੀਰ ਤਿਆਗਣ ਸਮੇਂ ਤੱਕ ਕੋਈ ਹੋਂਦ ਹੀ ਨਹੀਂ ਸੀ, ਉਸ ਦੀਆਂ...

**ਤਿੰਨ ਰਚਨਾਵਾਂ?**

HOW!

ਦੁਸ਼ਮਣ ਧੰਨੁ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਪ੍ਰਚਾਰ ਤੋਂ ਬੁਖ਼ਲਾ ਕੇ ਓਦੋਂ ਤੋਂ ਹੀ ਸਿੱਖੀ ਦਾ ਜਾਸੂਸੀ ਪਿੱਛਾ ਕਰਦੇ ਪੀੜ੍ਹੀਆਂ-ਦਰ-ਪੀੜ੍ਹੀਆਂ ਅਤੇ ਇਸੇ ਰੂਪਾਂ ਵਿੱਚ ਚੱਲੇ ਆ ਰਹੇ ਹਨ।

**ਕੀ ਇਹ ਦਸਵੇਂ ਪਾਤਿਸ਼ਾਹ ਜੀ ਦੀ ਕਰਣੀ ਨੂੰ ਵੰਗਾਰਿਆ ਨਹੀਂ ਜਾ ਰਿਹਾ?**

ਕਿ ਮਰਿਆਦਾ ਬਣਾਉਣ ਵਾਲੇ 14 ਮੈਂਬਰ ਦਸਵੇਂ ਪਾਤਿਸ਼ਾਹ ਨਾਲੋਂ ਸਿਆਣੇ ਬਣ ਗਏ ਹਨ ਕਿ ਉਨ੍ਹਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਪਈਆਂ ਰਚਨਾਵਾਂ ਉੱਤੇ ਗੁਰ-ਸ਼ਬਦ ਦਾ ਠੱਪਾ ਲਾ ਦਿੱਤਾ ਹੈ ਜੋ ਦਸਵੇਂ ਗੁਰੂ ਜੀ ਨੇ ਨਹੀਂ ਲਾਇਆ ਸੀ?

ਗੁਟਕੇ ਛਾਪਣ ਵਾਲ਼ਿਆਂ ਨੂੰ ਇਹ ਕਿਸ ਨੇ ਅਧਿਕਾਰ ਦਿੱਤੇ ਸਨ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ 'ਨਾਨਕ' ਨਾਂ ਵਾਲ਼ੀਆਂ ਕੱਚੀਆਂ ਰਚਨਾਵਾਂ ਨੂੰ ਗੁਰ-ਸ਼ਬਦਾਂ ਦੇ ਨਾਲ਼ ਛਾਪਣ?

ਕੀ ਅੱਜ ਤੱਕ ਕਿਸੇ ਨੇ ਉਨ੍ਹਾਂ ਨੂੰ ਅਜਿਹਾ ਕਰਨੋਂ ਰੋਕਿਆ ਹੈ?

**ਕੀ ਹੇਠ ਲਿਖੀਆਂ ਕੱਚੀਆਂ ਰਚਨਾਵਾਂ ਨੂੰ ਗੁਟਕਿਆਂ ਵਾਲ਼ੇ ਗੁਰ-ਸ਼ਬਦ ਸ਼ਮਝ ਕੇ ਨਹੀਂ ਛਾਪ ਰਹੇ?**

1. "ਜਿਤੁ ਦਰ ਲਖ ਮੁਹੰਮਦਾ----।"
2. "ਇਸ ਕਲੀਓ ਪੰਜ ਭੀਤੀਓ-----।"
3. "ਮਨ ਲੋਚੇ ਬੁਰਿਆਈਆਂ-------।"

ਇਸੇ ਤਰ੍ਹਾਂ ਦੀਆਂ ਹੋਰ ਕਈ ਨਕਲੀ ਪੰਕਤੀਆਂ ਵਰਤੀਆਂ ਜਾ ਰਹੀਆਂ ਹਨ, ਜਿਵੇਂ-

4. ਨਾਨਕ ਨੀਵਾਂ ਜੋ ਚਲੇ ਲਗੇ ਨ ਤਤੀ ਵਾਉ।
5. ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।
6. ਸੋ ਸੁਖੀਆ ਜਿਸ ਨਾਮ ਆਧਾਰ।

(ਇਸ ਨੂੰ ਨਾਨਕ ਦੁਖੀਆ ਸਭੁ ਸੰਸਾਰੁ॥ ਵਾਲ਼ੀ ਸੱਚੀ ਤੁਕ ਨਾਲ਼ ਰਲ਼ਾਇਆ ਜਾ ਰਿਹਾ ਹੈ) ਅਸਲ ਵਿੱਚ ਇਹ ਦੋ ਤੁਕਾਂ ਇਉਂ ਹਨ-

**ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥**

**(ਗਗਸ 954/5)**

ਸਿੱਖ ਕੌਮ ਦੇ ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਸਮਝੇ ਜਾਂਦੇ ਰਹਿ ਗਏ ਸ਼ਬਦਾਂ ਵਾਰੇ ਇਉਂ ਕਿਹਾ ਹੈ- "ਇਹ ਖ਼ਿਆਲ ਬਨਾਵਟੀ, ਗ਼ਲਤ ਅਤੇ ਖ਼ਤਰਨਾਕ ਹੈ ਕਿ ਕੋਈ 'ਸ਼ਬਦ' ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਰਹਿ ਗਏ ਹੋਏ ਹਨ। ਅਜਿਹੇ ਖ਼ਿਆਲ ਸਿੱਖ ਦੀ ਸ਼ਰਧਾ ਨੂੰ ਠੋਕਰ ਮਾਰਨ ਵਾਲ਼ੇ ਹਨ, ਅਤੇ ਸਿੱਖ ਜਥੇਬੰਦੀਆਂ ਵਿੱਚ ਕਈ ਉਪਾਧੀਆਂ ਖੜ੍ਹੀਆਂ ਕਰ ਸਕਦੇ ਹਨ।"

**(ਪੁਸਤਕ ਗੁਰਬਾਣੀ ਤੇ ਇਤਿਹਾਸ ਬਾਰੇ ਪੰਨਾ 7 ਤੋਂ)**

**ਪ੍ਰਸ਼ਨ - ਕੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਨੂੰ ਸਥਾਪਤ ਕੀਤਾ ਜਾ ਸਕਦਾ ਹੈ?**

**ਉਤਰ : ਸਿੱਖ ਰਹਤ ਮਰਯਾਦਾ ਵਿੱਚ ਜਿੱਥੇ ਇਸ ਪ੍ਰਸ਼ਨ ਦਾ ਉਤਰ 'ਨਾਂਹ ਵਿੱਚ' ਲਿਖਿਆ ਜਾ ਚੁੱਕਾ ਹੈ, ਅ.ਫ਼ਸੋਸ ਹੈ, ਉਸੇ ਮਰਯਾਦਾ ਵਿੱਚ ਇਸ ਗ੍ਰੰਥ ਵਿੱਚੋਂ, ਗੁਰੂ ਬਖ਼ਸ਼ਿਆ ਨਿੱਤ-ਨੇਮ ਭੰਗ ਕਰ ਕੇ, ਕੁੱਝ ਵਾਧੂ ਕੱਚੀਆਂ ਰਚਨਾਵਾਂ ਵੀ ਨਿੱਤ-ਨੇਮ ਅਤੇ ਅਰਦਾਸਿ ਵਿੱਚ ਪੜ੍ਹਨੀਆਂ ਲਿਖ ਦਿੱਤੀਆਂ ਗਈਆਂ ਹਨ। ਇਹ ਦੋ.ਗਲੀ ਨੀਤੀ ਵਰਤੀ ਗਈ ਹੈ। ਜੇ ਇਸ ਗ੍ਰੰਥ ਦਾ ਪ੍ਰਕਾਸ਼ ਨਹੀਂ ਤਾਂ ਇਸ ਦੀਆਂ ਰਚਨਾਵਾਂ ਨੂੰ ਵੀ ਨਿੱਤ-ਨੇਮ, ਪਾਹੁਲ, ਅਰਦਾਸਿ ਆਦਿਕ ਵਿੱਚ ਬਰਾਬਰਤਾ ਨਹੀਂ ਦਿੱਤੀ ਜਾ ਸਕਦੀ। ਬ੍ਰਾਹਮਣਵਾਦ ਦਾ ਪੂਰਾ ਜ਼ੋਰ ਇਸ ਪਾਸੇ ਲੱਗ ਰਿਹਾ ਹੈ ਕਿ ਦਸ਼ਮ ਗ੍ਰੰਥ ਦਾ ਪ੍ਰਕਾਸ਼ ਵੀ ਗੁਰਦੁਆਰਿਆਂ ਵਿੱਚ ਕਰਵਾਇਆ ਜਾਵੇ ਜਿਵੇਂ ਸ਼੍ਰੀ ਹਜ਼ੂਰ ਸਾਹਿਬ, ਪਟਨਾ ਸਾਹਿਬ ਅਤੇ ਹੋਰ ਕਈ ਥਾਵਾਂ ਉਤੇ ਹੋ ਰਿਹਾ ਹੈ ਜੋ ਇੱਕ ਬਹੁਤ ਵੱਡਾ ਦੁਖਾਂਤ ਹੈ।**

# ਨਾਨਕ ਬਾਣੀ ਦੀ ਪਛਾਣ - ਨਾਨਕ ਬਾਣੀ ਕਿੱਥੇ ਹੈ?

**ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 15 ਭਗਤਾਂ ਦੀ ਬਾਣੀ ਦੀ ਪਛਾਣ ਕੀ ਹੈ?**

* ਲਿਖਤ ਵਿੱਚ ਲਿਖਾਰੀ ਭਗਤ ਜੀ ਦਾ ਨਾਂ ਹੋਵੇ।

* ਲਿਖਾਰੀ ਭਗਤ ਜੀ ਦੀ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਵੇ।

**ਨੋਟ 1 :** ਭਗਤ ਕਬੀਰ ਜੀ ਦੇ ਨਾਂ ਹੇਠ ਲਿਖਿਆ 'ਬੀਚਕ' ਨਾਮੀ ਗ੍ਰੰਥ, ਭਗਤ ਨਾਮ ਦੇਵ ਜੀ ਦੀ ਲਿਖੀ ਪੁਸਤਕ 'ਗੀਤ ਗੋਬਿੰਦ', ਭਗਤ ਰਵਿਦਾਸ-ਰੈਦਾਸ ਦੇ ਨਾਂ ਹੇਠ ਲਿਖੀਆਂ ਰਚਨਾਵਾਂ ਆਦਿਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਹੋਣ ਕਰਕੇ ਸਿੱਖੀ ਵਿੱਚ ਪ੍ਰਵਾਨਤ ਨਹੀਂ ਅਤੇ ਨਾਂ ਹੀ ਇਹ ਗੁਰੂ ਦਾ ਦਰਜਾ ਰੱਖਦੀਆਂ ਹਨ। ਇਹ ਰਚਨਾਵਾਂ ਸਿੱਖਾਂ ਦੇ ਨਿੱਤਨੇਮ ਵਿੱਚ ਜਾਂ ਪਾਹੁਲ ਦੀਆਂ ਬਾਣੀਆਂ ਵਿੱਚ ਸ਼ਾਮਲ ਨਹੀਂ ਕੀਤੀਆਂ ਜਾ ਸਕਦੀਆਂ। ਜਿਹੜੀਆਂ ਰਚਨਾਵਾਂ ਆਦਿ ਬੀੜ ਤਿਆਰ ਕਰਨ ਸਮੇਂ ਪੰਜਵੇਂ ਅਤੇ ਦਮਦਮੀ ਬੀੜ ਤਿਆਰ ਕਰਨ ਸਮੇਂ ਦਸਵੇਂ ਗੁਰੂ ਜੀ ਨੂੰ ਨਹੀਂ ਭਾਈਆਂ ਜਾਂ ਚੰਗੀਆਂ ਲੱਗੀਆਂ ਉਹ ਸਿੱਖਾਂ ਲਈ ਗੁਰਬਾਣੀ-ਸ਼ਬਦ-ਗੁਰੂ ਦਾ ਦਰਜਾ ਨਹੀਂ ਰੱਖਦੀਆਂ। ਅਜਿਹੀਆਂ ਰਚਨਾਵਾਂ ਨੂੰ ਜੇ ਸਿੱਖ ਇਕ ਹੋਰ ਗੁਰੂ ਮਨ ਕੇ ਮੱਥਾ ਟੇਕਣ ਤਾਂ ਇਹ ਗੁਰੂ ਪਾਤਿਸ਼ਾਹਾਂ ਦੇ ਹੁਕਮਾਂ ਦੀ ਘੋਰ ਨਿਰਾਦਰੀ ਹੈ। ਅਜਿਹਾ ਕਰਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪ੍ਰਵਾਨ ਕਰਨ ਤੋਂ ਮੁਨਕਰ ਹੋਣਾ ਹੈ।

**ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 11 ਭੱਟਾਂ ਦੀ ਬਾਣੀ ਦੀ ਕੀ ਪਛਾਣ ਹੈ?**

* ਲਿਖਤ ਵਿੱਚ ਲਿਖਾਰੀ ਭੱਟ ਦਾ ਨਾਂ ਸਾਬਤ ਹੁੰਦਾ ਹੋਵੇ।

* ਲਿਖਾਰੀ ਭੱਟ ਦੀ ਰਚਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਵੇ।

**ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 3 ਗੁਰਸਿੱਖ ਸੇਵਕਾਂ ਦੀ ਬਾਣੀ ਕੀ ਪਛਾਣ ਹੈ?**

* ਲਿਖਤ ਵਿੱਚ ਭਾਈ ਸੁੰਦਰ, ਭਾਈ ਸੱਤਾ ਅਤੇ ਭਾਈ ਬਲਵੰਡ ਦਾ ਨਾਂ ਹੋਵੇ।

* ਲਿਖਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਵੇ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6 ਗੁਰੂ ਪਾਤਿਸ਼ਾਹਾਂ ਦੀ ਬਾਣੀ ਦੀ ਕੀ ਪਛਾਣ ਹੈ?

* ਲਿਖਿਤ ਬਾਣੀ ਵਿੱਚ 'ਨਾਨਕ' ਮੁਹਰ ਛਾਪ ਹੋਵੇ, ਭਾਵੇਂ, ਉਹ ਬਾਣੀ ਕਿਸੇ ਵੀ ਗੁਰੂ ਪਾਤਿਸ਼ਾਹ ਵਲੋਂ ਉਚਾਰੀ ਹੋਵੇ। ਗੁਰੂ ਪਾਤਿਸ਼ਾਹ ਦੇ ਨਾਂ ਸੰਬੰਧੀ ਜਾਣਕਾਰੀ ਬਾਣੀ ਦੇ ਸਿਰਲੇਖ ਵਿੱਚ ਦਿੱਤੀ ਹੁੰਦੀ ਹੈ ਜਿਵੇਂ:- ਆਸਾ ਮਹਲਾ 1, 3, 4, 5; ਸ਼ਲੋਕ ਮਹਲਾ 2, ਸੋਰਠਿ ਮਹਲਾ 9 ਆਦਿਕ ਬਾਣੀ ਦੇ ਸਿਰਲੇਖਾਂ ਤੋਂ ਗੁਰੂ ਜੀ ਦੇ ਨਾਂ ਦਾ ਪਤਾ ਲੱਗਦਾ ਹੈ ਪਰ ਬਾਣੀ ਵਿੱਚ ਹਰ ਗੁਰੂ ਪਾਤਿਸ਼ਾਹ ਨੇ 'ਨਾਨਕ' ਮੁਹਰ ਛਾਪ ਹੀ ਵਰਤੀ ਹੈ।

* ਲਿਖਿਤ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਵੇ।

**ਨੋਟ 2 :** ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ 'ਨਾਨਕ' ਮੁਹਰ ਛਾਪ ਨਾਲ਼ ਲਿਖੀ ਮਿਲ਼ਦੀ ਕੋਈ ਵੀ ਰਚਨਾ ਜਾਂ ਪੁਸਤਕ ਗੁਰੂ ਕ੍ਰਿਤ ਬਾਣੀ ਨਹੀਂ ਹੈ; ਨਕਲੀ ਅਤੇ ਕੱਚੀ ਬਾਣੀ ਹੈ। ਪੰਜਵੇਂ ਗੁਰੂ ਜੀ ਨੇ ਆਦਿ ਬੀੜ ਦੀ ਰਚਨਾ ਸਮੇਂ ਆਪਣੀ ਨਿਗਰਾਨੀ ਅਤੇ ਦੇਖ-ਰੇਖ ਹੇਠ ਉਸ ਸਮੇਂ ਪ੍ਰਾਪਤ ਸਾਰੀ ਪ੍ਰਵਾਨਿਤ ਬਾਣੀ, ਆਪਣੀ ਬਾਣੀ ਸਮੇਤ, ਸੰਨ 1604 ਵਿੱਚ ਆਦਿ ਬੀੜ (ਪੋਥੀ ਸਾਹਿਬ) ਵਿੱਚ ਦਰਜ ਕਰਵਾ ਦਿੱਤੀ ਸੀ ਅਤੇ ਦਰਜ ਕਰਨ ਤੋਂ ਕੋਈ ਵੀ ਰਚਨਾ ਬਾਹਰ ਨਹੀਂ ਛੱਡੀ ਗਈ ਸੀ। ਦਸਵੇਂ ਗੁਰੂ ਜੀ ਨੇ ਦਮਦਮੀ ਬੀੜ ਤਿਆਰ ਕਰਨ ਸਮੇਂ ਨੌਵੇਂ ਗੁਰੂ ਪਿਤਾ ਜੀ ਦੀ ਬਾਣੀ ਦਰਜ ਕਰਵਾ ਦਿੱਤੀ ਸੀ ਅਤੇ ਕੋਈ ਵੀ ਗੁਰੂ ਕ੍ਰਿਤ ਰਚਨਾ ਬੀੜ ਤੋਂ ਬਾਹਰ ਨਹੀਂ ਰਹਿਣ ਦਿੱਤੀ ਸੀ।

**ਕੋਈ ਸ਼ੰਕਾ ਬਾਕੀ ਨਹੀਂ ਰਹਿਣ ਦਿੱਤਾ :**

ਹੁਣ ਕੋਈ ਇਹ ਨਹੀਂ ਕਹਿ ਸਕਦਾ ਕਿ ਗੁਰੂ ਕ੍ਰਿਤ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਪਈ ਹੈ।

**ਹੇਠ ਲਿਖੀਆਂ ਰਚਨਾਵਾਂ ਗੁਰੂ ਕ੍ਰਿਤ ਨਹੀਂ, ਭਾਵੇਂ, 'ਨਾਨਕ' ਮੁਹਰ ਛਾਪ ਵੀ ਲੱਗੀ ਹੋਈ ਹੈ:-**

* ਨਾਨਕ ਨੀਵਾਂ ਜੋ ਚਲੇ ਲੱਗੀ ਨਾ ਤੱਤੀ ਵਾਉ।

* ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।

* ਨਾਨਕ ਨਾਮ ਚੜ੍ਹਦੀ ਕਲਾ।

ਤੇਰੇ ਭਾਣੇ ਸਰਬੱਤ ਦਾ ਭਲਾ।




ਹੇਠਾਂ ਇੱਕ ਪੂਰੀ ਪੁਸਤਕ ਦੇ ਟਾਈਟਲ ਫ਼ੋਟੋ ਵੀ ਦਿੱਤੀ ਗਈ ਹੈ ਜਿਸ ਵਿੱਚ 'ਨਾਨਕ' ਮੁਹਰ ਛਾਪ ਨਾਲ਼ ਸਾਰੀ ਰਚਨਾ ਕੀਤੀ ਗਈ ਹੈ ਜੋ ਗੁਰੂ ਸ਼ਬਦ ਜਾਂ ਗੁਰੂ ਕ੍ਰਿਤ ਨਹੀਂ ਹੈ ਕਿਉਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਹੈ।

# ਜਦੋਂ ਆਪਣਿਆਂ ਨੇ ਹੀ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਇਰੇ ਤੋਂ ਬਾਹਰ ਕਰ ਦਿੱਤਾ!

ਅੰਗ੍ਰੇਜ਼ ਰਾਜ ਸਮੇਂ 15 ਨਵੰਬਰ ਸੰਨ 1920 ਵਿੱਚ ਅਕਾਲੀ ਲੀਡਰਸ਼ਿੱਪ ਵਲੋਂ ਦਰਬਾਰ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਇੱਕ ਕਮੇਟੀ ਬਣਾਉਣ ਲਈ ਅੰਮ੍ਰਿਤਸਰ ਵਿੱਚ ਜਨਰਲ ਅਸੈਂਬਲੀ ਬੁਲਾ ਕੇ ਇੱਕ ਇਕੱਠ ਕਰਨ ਦਾ ਫ਼ੈਸਲਾ ਕੀਤਾ। ਪਤਾ ਲੱਗਣ ਮਗਰੋਂ ਇਸ ਇਕੱਠ ਤੋਂ ਠੀਕ ਦੋ ਦਿਨ ਪਹਿਲਾਂ ਚਾਲਾਕ ਅੰਗ੍ਰੇਜ਼ ਸਰਕਾਰ ਨੇ ਆਪਣੇ ਵਲੋਂ 36 ਮੈਂਬਰੀ ਗੁਰਦੁਆਰਾ ਪ੍ਰ. ਕਮੇਟੀ ਬਣਾ ਦਿੱਤੀ ਤਾਂ ਜੁ ਸਿੱਖ ਆਪਣੀ ਕਮੇਟੀ ਨਾ ਬਣਾ ਸਕਣ। ਸਿੱਖਾਂ ਨੇ ਬੁਲਾਏ ਇਕੱਠ ਵਿੱਚ ਆਪਣੇ ਵਲੋਂ ਨਵੀਂ ਕਮੇਟੀ ਚੁਣ ਲਈ। ਇਸ 175 ਮੈਂਬਰੀ ਕਮੇਟੀ ਵਿੱਚ ਅੰਗ੍ਰੇਜ਼ ਸਰਕਾਰ ਵਲੋਂ ਬਣਾਈ ਗੁਰਦੁਆਰਾ ਪ੍ਰ. ਕਮੇਟੀ ਦੇ 36 ਮੈਂਬਰ (ਜੋ ਸਿੱਖ ਕੌਮ ਵਿਰੋਧੀ ਬ੍ਰਿਟਿਸ਼ ਸਰਕਾਰ ਦੇ ਹਮਾਇਤੀ ਸਨ) ਵੀ ਸਿੱਖਾਂ ਨੇ ਸ਼ਾਮਲ ਕਰ ਲਏ। ਕਮੇਟੀ ਦਾ ਨਾਂ ਸ਼੍ਰੋ. ਗੁ. ਪ੍ਰ. ਕਮੇਟੀ ਰੱਖਿਆ ਗਿਆ। ਇਸ ਕਮੇਟੀ ਵਲੋਂ 14 ਦਸੰਬਰ ਸੰਨ 1920 ਨੂੰ ਸ਼ੁਰੂ ਕੀਤੀ ਗੁਰਦੁਆਰਾ ਸੁਧਾਰ ਲਹਿਰ (ਸੰਨ 1920 ਤੋਂ 1925) ਬੜੀ ਕਾਮਯਾਬੀ ਨਾਲ਼ ਚਲਾਈ ਗਈ ਤੇ ਬ੍ਰਿਟਿਸ਼ ਸਰਕਾਰ ਦੇ ਪਿੱਠੂਆ (ਸੋਚ ਵਾਲ਼ੇ ਸਿੱਖੀ ਦੇ ਵਿਰੋਧੀ, ਗੁਰਦੁਆਰਿਆਂ ਉਤੇ ਪਹਿਲਾਂ ਹੀ ਕਾਬਜ਼, ਇਹ ਮਹਾਰਾਜਾ ਰਣਜੀਤ ਸਿੰਘ (ਸੰਨ 1780-1839) ਦੇ 40 ਸਾਲਾ ਰਾਜ ਵਿੱਚ ਹੋਰ ਪਲ਼ੇ ਤੇ ਵਧੇ ਫੁੱਲੇ। ਮਹਾਰਾਜੇ ਵਲੋਂ ਗੁਰਦੁਆਰਿਆਂ ਦੇ ਨਾਂ ਲਾਈਆਂ ਜਗੀਰਾਂ ਇਨ੍ਹਾਂ ਦੀ ਅਯਾਸ਼ੀ ਬਣ ਗਈਆਂ ਕਿਉਂਕਿ ਮਹਾਰਾਜੇ ਨੇ ਇਨ੍ਹਾਂ ਨੂੰ ਬਦਲਿਆ ਨਹੀਂ। ਮਹਾਰਾਜੇ ਨੇ ਗੁਰਦੁਆਰਿਆਂ ਵਿੱਚ ਸਿੱਖੀ ਸੋਚ ਵਾਲ਼ੇ ਗ੍ਰੰਥੀ ਲਾਉਣ ਦੀ ਥਾਂ ਇਨ੍ਹਾਂ ਬਿਪਰਵਾਦੀ ਨੂੰ ਮਾਇਕ ਤੌਰ ਤੇ ਤਕੜੇ ਕਰ ਕੇ ਸਿੱਖੀ ਵਿਚਾਰਧਾਰਾ ਦਾ ਬਹੁਤ ਨੁਕਸਾਨ ਕਰਵਾਇਆ ਜਿਸ ਨੂੰ ਹੁਣ ਤਕ ਭੁਗਤਿਆ ਜਾ ਰਿਹਾ ਹੈ ਤੇ ਭੁਗਤਿਆ ਜਾਂਦਾ ਰਹੇਗਾ। ਬਹੁਤੇ ਗੁਰਦੁਆਰਿਆਂ ਵਿੱਚ ਚੱਲ ਰਹੀਆਂ ਤੇ ਸਿੱਖਾਂ ਦੇ ਮਨਾਂ ਵਿੱਚ ਘਰ ਕਰ ਚੁੱਕੀਆਂ ਮਨਮਤਾਂ ਤੇ ਪੜ੍ਹੀਆਂ ਜਾ ਰਹੀਆਂ ਅਪ੍ਰਵਾਨਤ ਰਚਨਾਵਾਂ ਇਨ੍ਹਾਂ ਦੀ ਹੀ ਦੇਣ ਹੈ) ਦੇ ਕਬਜ਼ਿਆਂ ਤੋਂ ਬਹੁਤ ਸਾਰੀਆਂ ਸ਼ਾਂਤਮਈ ਸ਼ਹੀਦੀਆਂ ਨਾਲ਼ ਗੁਰਦੁਆਰੇ ਛੁਡਾ ਲਏ ਗਏ। ਇਸ ਕਾਰਜ ਲਈ ਸ਼ਾਂਤਮਈ ਮੋਰਚੇ ਲਾਏ ਗਏ ਜਿਵੇਂ ਨਨਕਾਣਾ ਸਾਹਿਬ ਦਾ ਮੋਰਚਾ, ਜੈਤੋ ਦਾ ਮੋਰਚਾ, ਮੋਰਚਾ ਗੁਰੂ ਕਾ ਬਾਗ਼, ਚਾਬੀਆਂ ਦਾ ਮੋਰਚਾ ਆਦਿਕ। ਸ਼੍ਰੋ. ਗੁ. ਪ੍ਰ. ਕਮੇਟੀ ਨੇ ਗੁਰਦੁਆਰਿਆ ਵਿੱਚ ਸਦੀਆਂ ਤੋਂ ਘਰ ਕਰ ਚੁੱਕੀ ਬਿਪਰਵਾਦੀ ਸੋਚ (ਇਸ ਸੋਚ ਨਾਲ਼ ਹੀ ਹੁਣ ਤੱਕ ਬਹੁਤੇ ਗੁਰਦੁਆਰਿਆਂ ਵਿੱਚ ਬਿਪਰਵਾਦੀ ਧਾਰਮਕ ਰੀਤਾਂ ਚੱਲ ਰਹੀਆਂ ਹਨ ਜਿਵੇਂ ਗੁਰ ਤਸਵੀਰ ਪੂਜਾ, ਵਿਸ਼ੇਸ਼ ਦਿਨਾਂ ਉਤੇ ਬਿਪਰਵਾਦੀ ਸੋਚ ਅਧੀਨ ਵਰਤ ਰੱਖਣੇ ਤੇ ਵਰਤਾਂ ਦੀ ਮਹਾਨਤਾ ਦੀਆਂ ਕਹਾਣੀਆਂ ਸੁਣਾਉਣੀਆਂ, ਪਾਠਾਂ ਸਮੇਂ ਕੁੰਭ, ਨਾਰੀਅਲ, ਲਾਲ ਕੱਪੜਾ ਤੇ ਜੋਤਾਂ ਜਗਾਉਣੀਆਂ, ਥਾਲ਼ ਵਿੱਚ ਲੰਗਰ ਪਰੋਸ ਕੇ ਹਜ਼ੂਰੀ ਵਿੱਚ ਰੱਖਣਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੂਰਤੀ ਸਮਝ ਕੇ ਭੋਗ ਲੁਆਉਣਾ, ਥਾਲ਼ ਵਿੱਚ ਰੱਖੇ ਦੀਵੇ ਘੁਮਾਅ ਕੇ ਸ਼ਬਦ ਗੁਰੂ ਅੱਗੇ ਆਰਤੀ ਕਰਨੀ ਤਾਂ ਜੁ ਸ਼ਬਦ ਗੁਰੂ ਵੀ ਮੂਰਤੀ ਮੰਨ ਲਈ ਜਾਏ, ਸ਼ਨੀਵਾਰ ਨੂੰ ਤੇਲ ਅਤੇ ਮਾਂਹ ਦੀ ਦਾਲ਼ ਭੇਟ ਕਰਨੀ, ਸੰਪਟ ਪਾਠ ਕਰਨੇ ਕਰਾਉਣੇ, ਪੀੜੇ ਨੂੰ ਰੱਖੜੀ ਅਤੇ ਰੰਗ ਬਰੰਗੇ ਧਾਗੇ ਬੰਨ੍ਹਣੇ, ਹਵਨ ਦੀ ਤਰਜ਼ ਤੇ ਧੂਫ਼ ਤੇ ਅਗਰਬੱਤੀ ਦੀ ਵਰਤੋਂ ਕਰਨੀ ਭਾਵੇਂ ਪਾਠੀ ਦਾ ਸੰਘ ਹੀ ਧੂਏਂ ਨਾਲ਼ ਖ਼ਰਾਬ ਹੋ ਜਾਏ, ਆਦਿਕ ਆਦਿਕ ਆਦਿਕ---) ਦੀ ਥਾਂ ਸਿੱਖ ਮਰਯਾਦਾ ਲਾਗੂ ਕਰਨ ਲਈ ਇੱਕ ਕਮੇਟੀ ਬਣਾਉਣ ਲਈ ਸੋਚ ਬਣਾਈ।

ਸੰਨ 1925 ਵਿੱਚ ਕੇ. ਬੀ. ਹੈਡਗਵਾਰ ਦੀ ਪ੍ਰਧਾਨਗੀ ਵਿੱਚ ਆਰ.ਐਸ.ਐਸ. ਸਥਾਪਤ ਹੋ ਚੁੱਕੀ ਸੀ। ਅਕਤੂਬਰ ਸੰਨ 1931 ਵਿੱਚ ਸਿੱਖ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਲਈ ਸ਼੍ਰੋ. ਕਮੇਟੀ ਵਲੋਂ ਇੱਕ 25 ਮੈਂਬਰੀ ਸਬ-ਕਮੇਟੀ ਬਣਾ ਦਿੱਤੀ ਗਈ ਜਿਸ ਦੀਆਂ ਬੈਠਕਾਂ 4 ਅਕਤੂਬਰ, 1931 ਤੋਂ ਸ਼ੁਰੂ ਹੋਈਆਂ। ਇਸ ਸਬ-ਕਮੇਟੀ ਨੇ ਤਿਆਰ ਕੀਤਾ ਖਰੜਾ ਕਰੀਬ ਇੱਕ ਸਾਲ਼ ਬਾਅਦ 1 ਅਕਤੂਬਰ, 1932 ਨੂੰ ਸ਼੍ਰੋ. ਗੁ. ਪ੍ਰ. ਕਮੇਟੀ ਨੂੰ ਸੌਂਪ ਦਿੱਤਾ। ਇਸ ਸਬ-ਕਮੇਟੀ ਦੇ ਬਣਾਏ ਖਰੜੇ ਵਿੱਚ ਕੀ ਲਿਖਿਆ ਸੀ, ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਖਰੜਾ 14 ਸਾਲ ਤਕ ਆਪਣੇ ਵਿੱਚ ਹੁੰਦੇ ਕਦੀ ਵਾਧਿਆਂ ਤੇ ਕਦੇ ਘਾਟਿਆਂ ਦੀ ਮਾਰ ਖਾਂਦਾ ਰਿਹਾ। ਇਸ ਲੰਬੇ ਅਰਸੇ ਦੌਰਾਨ ਮੌਕੇ ਦੀਆਂ ਪ੍ਰਭਾਵਸ਼ਾਲੀ ਸਿੱਖੀ ਵਿਚਾਰਧਾਰਾ ਦੀਆਂ ਵਿਰੋਧੀ ਸੰਸਥਾਵਾਂ, ਗੁਰਦੁਆਰਿਆਂ ਵਿੱਚੋਂ ਕੱਢੇ ਗਏ ਨਾਰਾਇਣੂ ਅਤੇ ਹੋਰ ਸਥਾਪਤ ਸਿੱਖ-ਪੰਥ ਵਿਰੋਧੀ ਸ਼ਕਤੀਆਂ ਨੇ ਖਰੜੇ ਵਿੱਚ ਆਪਣੇ ਅਨੁਸਾਰ ਤਬਦੀਲੀਆਂ ਕਰਾਉਣ ਲਈ ਜ਼ਰੂਰ ਪੂਰਾ ਪੂਰਾ ਤਾਣ ਲਾਇਆ ਹੋਵੇਗਾ ਜਿਸ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ, ਤਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਤੇ ਸੁੱਚੀ ਰੱਬੀ ਵਿਚਾਰਧਾਰਾ ਤੋਂ ਬਾਹਰੋਂ ਕੁਝ ਅੰਸ਼ ਖਰੜੇ ਵਿੱਚ ਘੁਸਪੈਠ ਕਰ ਸਕੇ, ਸ਼੍ਰੋ. ਕਮੇਟੀ ਨੇ 3 ਫ਼ਰਵਰੀ 1945 ਨੂੰ ਮਤਾ ਨੰਬਰ 97 ਰਾਹੀਂ ਓਦੋਂ ਤਕ ਕੀਤੇ ਗਏ ਸਾਰੇ ਵਾਧਿਆਂ ਘਾਟਿਆਂ ਨੂੰ ਮੰਜ਼ੂਰੀ ਦੇ ਦਿੱਤੀ।

# ਕੀ ‘ਸਿੱਖ ਰਹਿਤ ਮਰਯਾਦਾ’ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਜਾਂ ਲਾਗੂ ਹੈ?

‘ਸਿੱਖ ਰਹਿਤ ਮਰਯਾਦਾ’ ਕਿਤਾਬਚਾ ਕਿਸੇ ਗੁਰੂ ਪਾਤਿਸ਼ਾਹ ਜੀ ਵਲੋਂ ਨਹੀਂ ਬਣਾਇਆ ਗਿਆ। ਸ਼੍ਰੋ ਕਮੇਟੀ ਦੁਆਰਾ ਇਸ ਦਾ ਰਚਨ-ਕਾਲ਼ ਸੰਨ 1931 ਤੋਂ 1945 ਹੈ। ਰਹਤ ਮਰਯਾਦਾ ਦੇ ਖਰੜੇ ਦੀ ਪ੍ਰਵਾਨਗੀ ਸ਼੍ਰੋ. ਕਮੇਟੀ ਨੇ ਮਤਾ ਨੰਬਰ 149 ਮਿਤੀ 12-10-36 ਨੂੰ ਦੇ ਦਿੱਤੀ ਸੀ। ਇਹ ਖਰੜਾ ਲੱਗਭੱਗ 9 ਸਾਲ ਪਿਆ ਰਿਹਾ ਪਰ ਇਸ ਵਿੱਚ ਹੋਰ ਭੰਨ ਤੋੜ ਕਰਨ ਦੇ ਮਨਸੂਬੇ ਬਣਦੇ ਗਏ। ਮੁੜ ਮਿਤੀ 7-1-45 ਨੂੰ ਇਸ ਵਿੱਚ ਵਾਧੇ ਘਾਟੇ ਕਰਨ ਦੀ ਸਿਫ਼ਾਰਸ਼ ਸ਼੍ਰੋ. ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਵਲੋਂ ਕੀਤੀ ਗਈ। ਸ਼੍ਰੋ. ਕਮੇਟੀ ਨੇ ਇਸ ਅਨੁਸਾਰ ਕੀਤੇ ਵਾਧਿਆਂ ਅਤੇ ਘਾਟਿਆਂ ਨੂੰ ਆਪਣੇ ਮਤਾ ਨੰਬਰ 97 ਮਿਤੀ 3-2-45 ਰਾਹੀਂ ਪ੍ਰਵਾਨਗੀ ਦੇ ਦਿੱਤੀ। ਦੂਜਾ ਸੰਸਾਰ ਯੁੱਧ (ਸੰਨ 1939-45) 2 ਸਤੰਬਰ, 1945 ਨੂੰ ਖ਼ਤਮ ਹੋਇਆ। ਰਹਿਤ ਮਰਯਾਦਾ ਬਣਦਿਆਂ ਬਣਦਿਆਂ ਦੂਜਾ ਸੰਸਾਰ ਯੁੱਧ ਤਾਂ ਸ਼ੁਰੂ ਹੋ ਕੇ ਸਮਾਪਤ ਹੋ ਗਿਆ ਪਰ ਇਸ ਮਰਯਾਦਾ ਨੇ ਸਿੱਖਾਂ ਵਿੱਚ ਨਵੀਂ ਜੰਗ ਦੇ ਬੀਜ ਜ਼ਰੂਰ ਬੀਜ ਦਿੱਤੇ।

ਕਈ ਪ੍ਰਸ਼ਨ ਪੈਦਾ ਹੁੰਦੇ ਹਨ। ਕੀ ਸ਼੍ਰੋ. ਕਮੇਟੀ ਵਲੋਂ ਇਸ ਰਹਿਤ ਮਰਯਾਦਾ ਨੂੰ ਸਿੱਖ ਕੌਮ ਲਈ ਲਾਗੂ ਕਰਨ ਦਾ ਕੋਈ ਸੰਕੇਤ ਇਸ ਕਿਤਾਬਚੇ ਵਿੱਚ ਦਿੱਤਾ ਗਿਆ ਹੈ? ਉੱਤਰ ਹੈ, ਨਹੀਂ। ਜੇ ਹੈ, ਤਾਂ ਦੱਸੋ? ਕੀ ਸ਼੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਸ ਕਿਤਾਬਚੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ? ਉੱਤਰ ਹੈ, ਨਹੀਂ, ਕਿਉਂਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਸ ਨੂੰ ਬਣਾਇਆ ਹੀ ਨਹੀਂ ਗਿਆ ਤੇ ਨਾ ਹੀ ਉਸ ਦੇ ਸੇਵਾਦਾਰ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਕੀ ਇਸ ਮਰਯਾਦਾ ਦੇ ਕਿਤਾਬਚੇ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਿੱਖ ਕੌਮ ਲਈ ਲਾਗੂ ਕਰਨ ਦਾ ਕੋਈ ਆਦੇਸ਼ ਹੈ? ਉੱਤਰ ਹੈ, ਨਹੀਂ। ਜੇ ਹੈ, ਤਾਂ ਦੱਸੋ?

ਕੁੱਝ ਪ੍ਰਸਿੱਧ ਪ੍ਰਚਾਰਕਾਂ ਵਲੋਂ ਹਜ਼ਾਰਾਂ ਸੰਗਤਾਂ ਦੇ ਇਕੱਠ ਵਿੱਚ ਕਿਹਾ ਗਿਆ ਹੈ ਕਿ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਤ ਹਨ ਅਤੇ ਇੱਸ ਦੇ ਸੱਚ ਦੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਉਨ੍ਹਾਂ ਇਹ ਵੀ ਨਾਲ਼ ਹੀ ਕਿਹਾ ਕਿ ਉਹ ਸ਼੍ਰੀ ਅਕਾਲ ਤਖ਼ਤ ਵਲੋਂ ਪ੍ਰਵਾਨਤ ‘ਸਿੱਖ ਰਹਿਤ ਮਰਯਾਦਾ’ ਦੇ ਪਾਬੰਦ ਹਨ। ਕਿਸੇ ਨੇ ਕਿਹਾ ਕਿ ਉਹ ਪੰਥ ਪ੍ਰਵਾਨਤ ‘ਸਿੱਖ ਰਹਿਤ ਮਰਯਾਦਾ’ ਨੂੰ ਪੂਰਨ ਤੌਰ ਤੇ ਮੰਨਦੇ ਹਨ ਅਤੇ ਬਾਕੀਆਂ ਨੂੰ ਵੀ ਮੰਨਣ ਲਈ ਕਿਹਾ ਗਿਆ ਤਾਂ ਜੁ ਸਿੱਖ ਏਕਤਾ ਕਾਇਮ ਹੋਵੇ। ਇਹ ਆਪਸ ਵਿੱਚ ਵਿਰੋਧੀ ਬਿਆਨ ਹਨ। ਜਿਹੜਾ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਤ ਹੋਵੇ ਉਹ ਦਸਮ ਗ੍ਰੰਥ ਦੀਆਂ ਰਚਨਾਵਾਂ, ਜੋ ਸਿੱਖ ਰਹਤ ਮਰਯਾਦਾ ਵਿੱਚ ਬ੍ਰਾਹਮਣਵਾਦੀ ਪ੍ਰਭਾਵ ਨਾਲ਼ ਵਾੜੀਆਂ ਗਈਆਂ, ਨੂੰ ਕਿਵੇਂ ਸਮਰਪਤ ਹੋ ਸਕਦਾ ਹੈ?

ਬਹੁਤ ਹੀ ਅਫ਼ਸੋਸ ਦੀ ਗੱਲ!!!

ਆਮ ਸਿੱਖ ਤਾਂ ਦਸਮ ਗ੍ਰੰਥ ਨਾ ਪੜ੍ਹਿਆ ਹੋਣ ਕਰਕੇ ਧੋਖਾ ਖਾਣ, ਪਰ ਪ੍ਰਚਾਰਕ ਕਿਉਂ ਧੋਖੇ ਵਿੱਚ ਰਹਿਣ ਜੋ ਆਪ ਪਹਿਲਾਂ ਸੱਭ ਕੁੱਝ ਪੜ੍ਹ ਸੋਚ ਸਮਝ ਕੇ ਚੱਲਦੇ ਹੋਣ।

## ਕੀ ਗੁਰੂ ਗ੍ਰੰਥ ਸਾਹਿਬ ਅਧੂਰੇ ਅਤੇ ਆਪੂ ਬਣਾਈ ਮਰਿਯਾਦਾ ਪੂਰੀ ਹੈ?



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਵਿੱਚ 'ਜਾਪੁ' (ਨਿੱਤ-ਨੇਮ) ਅਤੇ 'ਚੰਡੀ ਚਰਿਤ੍ਰ' ਇੱਕ ਤੁੱਲਨਾਤਮਕ ਅਧਿਐਨ !

1897 ਵਿੱਚ ਪਹਿਲੀ ਵਾਰ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਲੋਂ ਛਾਪੇ 'ਦਸਮ ਗ੍ਰੰਥ' ਵਿੱਚ ਇੱਕ ਰਚਨਾ 'ਚੰਡੀ ਚਰਿਤ੍ਰ ਉਕਤਿ ਬਿਲਾਸ' ਅਤੇ ਦੂਜੀ 'ਚੰਡੀ ਚਰਿਤ੍ਰ' ਹੈ। 'ਚੰਡੀ ਚਰਿਤ੍ਰ' ਰਚਨਾ ਦੇ 262 ਛੰਦ ਹਨ। ਛੰਦ ਨੰਬਰ 1 ਤੋਂ 122 ਤਕ ਕਵੀ ਨੇ ਇੰਦ੍ਰ ਦੇਵਤੇ ਵਲੋਂ ਲੜਦੀ ਦੁਰਗਾ ਅਤੇ ਦੈਂਤਾਂ ਦੀ ਲੜਾਈ ਵਿੱਚ ਦੁਰਗਾ ਦੇਵੀ ਦੀ ਜਿੱਤ ਹੁੰਦੀ ਬਿਆਨ ਕੀਤੀ ਹੈ। ਕਵੀ ਨੇ ਇਸ ਖ਼ੁਸ਼ੀ ਵਿੱਚ ਛੰਦ ਨੰਬਰ 223 ਤੋਂ 256 ਤਕ ਦੁਰਗਾ ਦੇਵੀ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹੇ ਹਨ, ਜਿਵੇਂ, ਕਵੀ ਵਲੋਂ ਲਿਖੇ ਸਿਰਲੇਖ ਤੋਂ ਸਪੱਸ਼ਟ ਹੈ- 'ਦੇਵੀ ਜੂ ਕੀ ਉਸਤਤਿ', ਭਾਵ, ਦੁਰਗਾ ਮਾਈ/ਪਾਰਬਤੀ ਮਾਈ/ਸ਼ਿਵਾ ਦੀ ਜੰਗ-ਜੇਤੂ ਵਜੋਂ ਸਿਫ਼ਤਿ। 'ਜਾਪੁ' ਨਾਂ ਦੀ ਰਚਨਾ ਨਾਲ਼ 'ਦਸ਼ਮ ਗ੍ਰੰਥ' ਸ਼ੁਰੂ ਹੁੰਦਾ ਹੈ। ਡੂੰਘਾ ਅਧਿਐਨ ਕਰਨ ਤੇ ਪਤਾ ਲੱਗਦਾ ਹੈ ਕਿ, ਸ਼੍ਰੋ.ਗੁ.ਪ੍ਰ. ਕਮੇਟੀ ਅੰਮ੍ਰਿਤਸਰ ਦੁਆਰਾ ਬਣਾਈ 25 ਮੈਂਬਰੀ ਸਬ-ਕਮੇਟੀ ਵਲੋਂ ਸੰਨ 1931 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਤੋਂ ਬਾਹਰੋਂ ਸ਼ਾਮਲ ਕੀਤੀਆਂ ਰਚਨਾਵਾਂ ਵਿੱਚੋਂ ਇੱਕ ਰਚਨਾ 'ਜਾਪੁ' ਵੀ ਹੈ, ਜਿਸ ਵਿੱਚ ਦੁਰਗਾ ਦੇਵੀ ਦੀਆਂ ਬਹੁਤੀਆਂ ਉਹੀ ਸਿਫ਼ਤਾਂ ਹਨ ਜੋ 'ਚੰਡੀ ਚਰਿੱਤ੍ਰ' ਵਿੱਚ ਦਰਜ ਹਨ। ਸੰਨ 1931-32 ਵਿੱਚ ਪ੍ਰਚੱਲਤ ਹੋਈ ਮਨੌਤ ਅਨੁਸਾਰ 'ਜਾਪੁ' ਵਿੱਚ ਰੱਬ ਦੀ ਵਡਿਆਈ' ਦੱਸੀ ਜਾਂਦੀ ਹੈ। ਜੇ ਇਹ ਠੀਕ ਹੈ ਤਾਂ ਵਿਚਾਰ ਅਧੀਨ ਦੋਵੇਂ ਰਚਨਾਵਾਂ (ਚੰਡੀ ਚਰਿੱਤ੍ਰ ਅਤੇ ਜਾਪੁ) ਦੁਰਗਾ ਅਤੇ ਰੱਬ ਨੂੰ ਇੱਕੋ ਹੀ ਹਸਤੀ ਸਿੱਧ ਕਰਦੀਆਂ ਹਨ। ਇਹ ਤੱਥ ਸੱਚੀ ਗੁਰਬਾਣੀ ਦੀ ਕਸਵੱਟੀ ਉੱਤੇ ਪੂਰਾ ਨਹੀਂ ਉੱਤਰਦਾ।

**ਪੇਸ਼ ਹੈ ਦੋਹਾਂ ਰਚਨਾਵਾਂ ਦਾ ਇੱਕ ਤੁਲਨਾਤਮਕ ਅਧਿਐਨ :**

1. **ਚੰਡੀ ਚਰਿਤ੍ਰ :** ਨਮੋ ਚੰਡ ਮੰਡਾਰਨੀ ਭੂਪਿ ਭੂਪਾ ।224।

**ਜਾਪੁ :** ਨਮੋ ਭੂਪ ਭੂਪੇ ।55। ਨਮੋ ਸਰਬ ਭੂਪੇ ।19॥

**ਸੋਚ-ਵਿਚਾਰ :** 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਭੂਪਿ ਭੂਪਾ' ਭੂਪਾਂ ਦੀ ਭੂਪ ਕਿਹਾ ਹੈ ਤੇ 'ਜਾਪੁ' ਵਿੱਚ ਵੀ ਦੁਰਗਾ ਦਾ ਇਹੀ ਗੁਣ 'ਭੂਪ ਭੂਪੇ' ਕਹਿ ਕੇ ਬਿਆਨ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਬਿਜੀ ਵੱਲੋਂ ਨਿਰਨਾ :** ਦੁਰਗਾ ਅਤੇ ਰੱਬ ਦੋਵੇਂ ਰਾਜਿਆਂ ਦੇ ਰਾਜੇ ਨਹੀਂ ਬਣ ਸਕਦੇ (ਕੋਊ ਹਰਿ ਸਮਾਨ ਨਹੀ ਰਾਜਾ॥ ਪੰਨਾ ਗਗਸ 856)। ਦੁਰਗਾ ਨੂੰ 'ਚੰਡੀ ਚਰਿਤ੍ਰ' ਵਿੱਚ ਰਾਜਿਆਂ ਵਿੱਚ ਰਾਜਾ ਕਿਹਾ ਹੈ। ਇਸ ਲਈ 'ਜਾਪੁ' ਵਿੱਚ ਦੁਰਗਾ ਦੀ ਹੀ ਸਿਫ਼ਤਿ ਹੈ।

2. **ਚੰਡੀ ਚਰਿਤ੍ਰ :** ਨਮੋ ਪਰਮ ਰੂਪਾ ਨਮੋ ਕ੍ਰੂਰ ਕਰਮਾ ।225।

**ਜਾਪੁ :** ਨਮੋ ਨਿਤ ਨਾਰਾਇਣੇ ਕ੍ਰੂਰ ਕਰਮੇ ।54।

**ਸੋਚ-ਵਿਚਾਰ :** ਦੁਰਗਾ ਹੈਂਸਿਆਰੇ (ਕ੍ਰੂਰ ਕਰਮਾ) ਕੰਮ ਕਰਦੀ ਹੈ ਤੇ 'ਜਾਪੁ' ਵਿਚ ਵੀ ਦੁਰਗਾ ਇਹੀ ਗੁਣ 'ਕ੍ਰੂਰ ਕਰਮੇ' ਕਹਿ ਕੇ ਬਿਆਨ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ :** ਰੱਬ ਹੈਂਸਿਆਰਾ ਨਹੀਂ ਹੈ, ਦੁਰਗਾ ਹੋ ਸਕਦੀ ਹੈ। ਰੱਬ ਦਇਆਲੂ ਹੈ, ਕ੍ਰਿਪਾਲੂ ਹੈ (ਮਿਹਰਵਾਨੁ ਸਾਹਿਬੁ ਮਿਹਰਵਾਨੁ॥ -ਤਿਲੰਗ ਮਹਲਾ 5)। 'ਜਾਪੁ' ਵਿੱਚ ਦੁਰਗਾ ਨੂੰ ਹੀ ਹੈਂਸਿਆਰੀ ਕਿਹਾ ਹੈ।

3. **ਚੰਡੀ ਚਰਿਤ੍ਰ :** ਨਮੋ ਰਾਜਸਾ ਸਾਤਕਾ ਪਰਮ ਬਰਮਾ ।225।

**ਜਾਪੁ :** ਨਮੋ ਰਾਜਸੰ ਤਾਮਸੰ ਸਾਂਤ ਰੂਪੇ ।186।

**ਸੋਚ-ਵਿਚਾਰ :** 'ਚੰਡੀ ਚਰਿਤ੍ਰ' ਦੀ ਦੁਰਗਾ ਰਜੋ (ਰਾਜਸਾ), ਸਤੋ (ਸਾਤਕਾ) ਆਦਿਕ ਗੁਣ ਰੱਖਦੀ ਹੈ। 'ਜਾਪੁ' ਵਿਚ ਵੀ ਦੁਰਗਾ ਦੇ ਇਹ ਗੁਣ 'ਰਾਜਸੰ ਤਾਮਸੰ' ਲਿਖਕੇ ਬਿਆਨ ਕੀਤੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ :** ਰੱਬ ਮਾਇਆ ਦੇ ਤਿੰਨਾਂ ਗੁਣਾਂ ਤੋਂ ਨਿਰਲੇਪ ਹੈ- "ਤ੍ਰਿਹੁ ਗੁਣ ਤੇ ਪ੍ਰਭ ਭਿੰਨ॥" ਰਜੋ, ਸਤੋ ਆਦਿਕ ਗੁਣ 'ਜਾਪੁ' ਵਿੱਚ ਦੁਰਗਾ ਦੇ ਹੀ ਹਨ, ਰੱਬ ਦੇ ਨਹੀਂ।

4. **ਚੰਡੀ ਚਰਿਤ੍ਰ :** ਨਮੋ ਜੋਗ ਜੁਆਲੰ ਧਰੀ ਸਰਬ ਮਾਨੀ ।226।

**ਜਾਪੁ :** ਨਮੋ ਸਰਬ ਮਾਨੇ ।44।

**ਸੋਚ-ਵਿਚਾਰ :** 'ਚੰਡੀ ਚਰਿਤ੍ਰ' ਦੀ ਦੁਰਗਾ ਨੂੰ ਸਾਰੇ ਮੰਨਦੇ ਹਨ (ਸਰਬ ਮਾਨੀ) ਤੇ 'ਜਾਪੁ' ਵਿੱਚ ਵੀ ਦੁਰਗਾ ਦਾ ਇਹੀ ਗੁਣ 'ਸਰਬ ਮਾਨੇ' ਲਿਖਿਆ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ :** ਦੁਰਗਾ ਦੇਵੀ ਅਤੇ

ਰੱਬ ਦੋਵੇਂ ਸਰਬ ਮਾਨੇ ਨਹੀਂ ਹੋ ਸਕਦੇ। ਰੱਬ ਦੇ ਬਰਾਬਰ ਕੋਈ ਹੋਰ ਹਸਤੀ ਨਹੀਂ ਹੋ ਸਕਦੀ। 'ਜਾਪੁ' ਵਿੱਚ 'ਸਰਬ ਮਾਨੇ' ਦੁਰਗਾ ਦਾ ਹੀ ਗੁਣ ਹੈ।

5. **ਚੰਡੀ ਚਰਿਤ੍ਰ** : ਅਧੀ ਉਰਧਵੀ ਆਪ ਰੂਪਾ ਅਪਾਰੀ।227।

**ਜਾਪੁ** : ਅਧੋ ਉਰਧ ਅਰਧੰ ਅਘੰ ਓਘ ਹਰਤਾ।59।

ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ।85।

ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ।85।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ ਹਰ ਥਾਂ (ਅਧੀ, ਉਰਧਵੀ) ਮੌਜੂਦ ਹੈ, ਆਪ ਹੀ ਰੂਪ ਧਾਰਨ ਕਰਤਾ (ਆਪ ਰੂਪਾ) ਤੇ ਬੇਅੰਤ (ਅਪਾਰੀ) ਹੈ। 'ਜਾਪੁ' ਵਿੱਚ ਵੀ ਦੁਰਗਾ ਦੇ ਇਹ ਗੁਣ 'ਅਧੋ ਉਰਧ', 'ਆਪ ਰੂਪ' ਅਤੇ 'ਅਪਾਰ' ਕਰਕੇ ਲਿਖੇ ਗਏ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਹਰ ਥਾਂ ਉਹੀ ਹਾਜ਼ਰ ਰਹਿ ਸਕਦਾ ਹੈ ਜੋ ਦੁਨੀਆਂ ਦਾ ਕਰਤਾ ਹੈ। ਦੁਰਗਾ ਤਾਂ 'ਕਰਤਾ' ਨਹੀਂ ਹੈ। ਰੱਬ ਹੀ 'ਕਰਤਾ ਪੁਰਖ' ਹੈ। ਇਸ ਲਈ 'ਜਾਪ' ਵਿੱਚ ਵੀ ਦੁਰਗਾ ਦੀ ਹੀ ਸਿਫ਼ਤਿ ਹੈ ਕਿਉਂਕਿ ਰੱਬ ਅਤੇ ਦੁਰਗਾ ਸਮਾਨ ਨਹੀਂ ਹੋ ਸਕਦੇ।

6. **ਚੰਡੀ ਚਰਿਤ੍ਰ** : ਨਮੋ ਜੁਧਨੀ ਕ੍ਰੁਧਨੀ ਕ੍ਰੂਰ ਕਰਮਾ।228।

**ਜਾਪੁ** : ਨਮੋ ਜੁਧ ਜੁਧੇ- ।187।

ਨਮੋ ਰੋਖ ਰੋਖੇ- ।68।----ਕ੍ਰੂਰ ਕਰਮੇ।54।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ ਦੈਂਤਾਂ ਨਾਲ਼ ਯੁੱਧ ਕਰਨ ਵਾਲ਼ੀ (ਜੁਧਨੀ), ਗੁੱਸੇਖ਼ੋਰ ਸੁਭਾਉ ਦੀ (ਕ੍ਰੁਧਨੀ) ਤੇ ਹੈਂਸਿਆਰੇ ਕੰਮ ਕਰਨ ਵਾਲ਼ੀ (ਕ੍ਰੂਰ ਕਰਮੇ) ਹੈ। 'ਜਾਪੁ' ਵਿੱਚ ਵੀ ਦੁਰਗਾ ਦੇ ਇਹ ਹੀ ਗੁਣ 'ਜੁਧ ਜੁਧੇ', 'ਰੋਖ ਰੋਖੇ' ਅਤੇ 'ਕ੍ਰੂਰ ਕਰਮੇ' ਲਿਖ ਕੇ ਕੀਤੇ ਗਏ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਰੱਬ ਕਦੇ ਦੇਹਧਾਰੀ ਬਣ ਕੇ ਯੁੱਧ ਨਹੀਂ ਕਰਦਾ ਤੇ ਉਹ 'ਜੁਧ ਜੁਧੇ' ਨਹੀਂ ਹੈ। ਦੁਰਗਾ ਹੀ ਦੈਂਤਾਂ ਨਾਲ਼ ਯੁੱਧ ਕਰਦੀ ਹੈ ਤੇ ਉਹ ਹੀ 'ਜੁਧ ਜੁਧੇ' ਹੈ। ਰੱਬ 'ਰੋਖ ਰੋਖੇ' ਜਾਂ ਗੁਸੇਖ਼ੋਰ ਵੀ ਨਹੀਂ ਮਿਠ ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ ਉਹ ਕਦੇ ਨ ਬੋਲੈ ਕਉਰਾ॥ (ਪੰਨਾ ਗਗਸ 784), ਦੁਰਗਾ ਹੀ 'ਜੁਧਨੀ' ਅਤੇ 'ਕ੍ਰੁਧਨੀ' ਹੈ। ਸੋ, ਜਾਪ ਵਿੱਚ 'ਜੁਧ ਜੁਧੇ', 'ਰੋਖ ਰੋਖੇ, 'ਕ੍ਰੂਰ ਕਰਮੇ' ਆਦਿਕ ਗੁਣ ਦੁਰਗਾ ਦੇਵੀ ਦੇ ਹੀ ਹਨ।

7. **ਚੰਡੀ ਚਰਿਤ੍ਰ** : ਮਹਾ ਬੁਧਿਨੀ ਸਿਧਿਨੀ ਸੁਧ ਕਰਮਾ।228।

ਨਮੋ ਰਿਧਿ ਰੂਪੰ ਨਮੋ ਸਿਧ ਕਰਣੀ।235।

ਮਹਾ ਰਿਧਣੀ ਸਿਧ ਦਾਤੀ ਕ੍ਰਿਪਾਣੰ।244।

**ਜਾਪੁ** : ਸਦਾ ਸਿਧਿਦਾ ਬੁਧਿਦਾ ਬ੍ਰਿਧ ਕਰਤਾ।59।

ਅੰਮ੍ਰਿਤ ਕਰਮੇ।74।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ ਬੁੱਧੀ ਦੇਣ ਵਾਲ਼ੀ (ਬੁਧਿਨੀ), ਸਿੱਧੀਆਂ ਦੇਣ ਵਾਲ਼ੀ (ਸਿਧਿਨੀ) ਅਤੇ ਸ਼ੁੱਧ ਕਰਮ ਕਰਨ ਵਾਲ਼ੀ (ਸੁਧ ਕਰਮਾ) ਹੈ। 'ਜਾਪੁ' ਵਿੱਚ ਦੁਰਗਾ ਦੇ ਇਨ੍ਹਾਂ ਗੁਣਾਂ ਨੂੰ ਹੀ 'ਸਿਧਿਦਾ', 'ਬੁਧਿਦਾ' ਅਤੇ 'ਅੰਮ੍ਰਿਤ ਕਰਮੇ' ਸ਼ਬਦਾਂ ਰਾਹੀ ਬਿਆਨ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਰਾਮਾਤੀ ਸ਼ਕਤੀਆਂ ਦਾ ਮਾਲਕ ਕੇਵਲ ਰੱਬ ਹੈ, ਦੁਰਗਾ ਨਹੀਂ (ਸੁਖ ਸਾਗਰੁ ਸੁਰਤਰਿ ਚਿੰਤਾਮਨਿ ਕਾਮਧੇਨੁ ਬਸਿ ਜਾ ਕੈ॥ ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰ ਤਲ ਤਾ ਕੈ॥) ਰੱਬ ਹੀ ਸੱਭ ਤੋਂ ਸ਼ੁੱਧ ਸਰੂਪ ਹੈ ਤੇ ਉਸ ਦੇ ਕੰਮ ਵੀ ਅੰਮ੍ਰਿਤਮਈ ਸ਼ੁੱਧ ਹਨ। ਰੱਬ ਅਤੇ ਦੁਰਗਾ ਦੇ ਇਹ ਸਾਂਝੇ ਗੁਣ ਨਹੀਂ ਹੋ ਸਕਦੇ, ਇਸ ਲਈ 'ਜਾਪੁ' ਵਿੱਚ ਦੁਰਗਾ ਦੇ ਹੀ ਇਹ ਗੁਣ ਹਨ। ਕਵੀ ਦੁਰਗਾ ਦਾ ਪੁਜਾਰੀ ਹੈ ਤੇ ਸਿਫ਼ਤਾਂ ਵੀ ਦੁਰਗਾ ਦੀਆਂ ਹੀ ਕਰਦਾ ਹੈ, ਰੱਬ ਦੀਆਂ ਨਹੀਂ।

8. **ਚੰਡੀ ਚਰਿਤ੍ਰ** : ਪਰੀ ਪਦਮਿਨੀ ਪਾਰਬਤੀ ਪਰਮ ਰੂਪਾ।228।

**ਜਾਪੁ** : ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ।83।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ/ਪਾਰਬਤੀ ਸਭ ਤੋਂ ਮਹਾਨ ਰੂਪ ਵਾਲ਼ੀ ਪਰੀ ਤੇ (ਪਰਮ ਰੂਪਾ) ਹੈ। 'ਜਾਪੁ' ਰਚਨਾ ਵਿੱਚ ਵੀ ਕਵੀ ਨੇ 'ਪਰਮ ਰੂਪ' ਲਿਖ ਕੇ ਦੁਰਗਾ ਦਾ ਉਹੀ ਗੁਣ ਬਿਆਨ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਅਤੇ ਰੱਬ ਦੋਵੇਂ 'ਪਰਮ ਰੂਪ' ਨਹੀਂ ਹੋ ਸਕਦੇ। ਰੱਬ ਜਿਹਾ ਹੋਰ ਕੋਈ ਨਹੀਂ ਹੈ (ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨਾ ਸਾਈਆ॥ ਪੰਨਾ ਗਗਸ 1098)। ਇਸ ਲਈ 'ਜਾਪੁ' ਵਿੱਚ 'ਪਰਮ ਰੂਪ' ਗੁਣ ਦੁਰਗਾ ਦਾ ਹੀ ਹੈ।

9. **ਚੰਡੀ ਚਰਿਤ੍ਰ** : ਪਰਾ ਪਸਟਨੀ ਪਾਰਬਤੀ ਦੁਸਟ ਹਰਤਾ।229।

**ਜਾਪੁ** : ਗਰਬ ਗੰਜਨ ਦੁਸਟ ਭੰਜਨ--- ।84।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ/ਪਾਰਬਤੀ ਨੂੰ ਵੈਰੀਆਂ (ਇੰਦ੍ਰ ਦੇ ਦੁਸ਼ਮਨ ਦੈਂਤਾਂ) ਨੂੰ ਵਿਨਾਸ਼ ਕਰਨ ਵਾਲ਼ੀ (ਦੁਸਟ ਹਰਤਾ) ਲਿਖਿਆ ਹੈ। 'ਜਾਪੁ' ਵਿੱਚ ਵੀ ਦੁਰਗਾ ਦਾ ਇਹੀ ਗੁਣ 'ਦੁਸਟ ਭੰਜਨ' ਲਿਖ ਕੇ ਪ੍ਰਗਟ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਿਉਂਕਿ ਰੱਬ ਕਿਸੇ ਦਾ ਵੈਰੀ ਨਹੀਂ (ਨਿਰਵੈਰੁ) ਤੇ ਨਾ ਹੀ ਉਹ ਦੈਂਤਾਂ ਨਾਲ ਦੇਹਧਾਰੀ ਬਣ ਕੇ ਲੜਿਆ ਹੈ। ਦੁਸ਼ਟ ਭੰਜਨ ਦੁਰਗਾ ਹੀ ਹੈ, ਰੱਬ ਨਹੀਂ। ਦੈਤਾਂ

ਨੂੰ ਜੰਗ ਵਿੱਚ ਦੁਰਗਾ ਨੇ ਹੀ ਮਾਰ ਕੇ ਇੰਦ੍ਰ ਨੂੰ ਰਾਜ ਦਿਵਾਇਆ ਸੀ। ਇਸ ਲਈ 'ਜਾਪੁ' ਵਿੱਚ ਦੁਰਗਾ ਹੀ 'ਦੁਸ਼ਟ ਭੰਜਨ' ਹੈ।

10. **ਚੰਡੀ ਚਰਿਤ੍ਰ** : ਭਵੀ ਭਗਵੀਅੰ ਨਮੋ ਸਸਤ੍ਰ ਪਾਣੰ ।230।

ਨਮੋ ਅਸਤ੍ਰ ਧਰਤਾ ਨਮੋ ਤੇਜ ਮਾਣੰ ।230।

ਨਮੋ ਸਸਤ੍ਰਣੀ ਅਸਤ੍ਰਣੀ ਕਰਮ ਕਰਤਾ ।233।

ਨਮੋ ਸੂਲਣੀ ਸੈਥਣੀ ਬਕ੍ਰ ਬੈਣਾ ।241।

**ਜਾਪੁ** : ਨਮੋ ਸਸਤ੍ਰ ਪਾਣੇ। ਨਮੋ ਅਸਤ੍ਰ ਮਾਣੇ ।52।

ਨਮੋ ਤੇਜ ਤੇਜੇ ।185।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਮਾਈ ਸ਼ਸਤ੍ਰਧਾਰੀ (ਸਸਤ੍ਰਣੀ, ਸਸਤ੍ਰ ਪਾਣੰ), ਦੂਰੋਂ ਮਾਰ ਕਰਨ ਵਾਲ਼ੇ ਹਥਿਆਰ ਰੱਖਦੀ ਅਸਤ੍ਰਧਾਰੀ (ਅਸਤ੍ਰਣੀ), ਤ੍ਰਿਸ਼ੂਲਧਾਰੀ, ਸੈਥੀਧਾਰੀ ਅਤੇ ਤੇਜ਼ ਪ੍ਰਤਾਪੀ (ਤੇਜ ਮਾਣੰ) ਹੈ। ਦੇਹਧਾਰੀ ਹੀ ਹਥਿਆਰ ਪਹਿਨ ਸਕਦੇ ਹਨ। 'ਜਾਪੁ' ਵਿੱਚ ਦੁਰਗਾ ਦੇ ਇਹੀ ਗੁਣ 'ਨਮੋ ਸਸਤ੍ਰ ਪਾਣੇ', 'ਨਮੋ ਅਸਤ੍ਰ ਮਾਣੇ' ਅਤੇ 'ਤੇਜ ਤੇਜੇ' ਲਿਖ ਕੇ ਉਸੇ ਦੀ ਹੀ ਸਿਫ਼ਤਿ ਕੀਤੀ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਰੱਬ ਦੇਹਧਾਰੀ ਨਹੀਂ, ਤੇ ਨਾ ਹੀ ਉਹ ਸ਼ਸਤ੍ਰ ਤੇ ਅਸਤ੍ਰ ਹਥਿਆਰ ਰੱਖਦਾ ਹੈ, ਕਿਉਂਕਿ ਰੱਬ ਨੂੰ ਕਿਸੇ ਦਾ ਡਰ ਨਹੀਂ (ਨਿਰਭਉ) ਹੈ। ਦੁਰਗਾ ਨੇ ਹਥਿਆਰ ਫੜੇ, ਕਿਉਂਕਿ ਉਹ ਦੈਤਾਂ ਹੱਥੋਂ ਖ਼ੁਦ ਮਾਰੇ ਜਾਣ ਦੇ ਡਰ ਵਿੱਚ ਸੀ। ਦੇਹਧਾਰੀ ਹੀ ਹਥਿਆਰ ਫੜ ਸਕਦਾ ਹੈ। ਰੱਬ ਨੂੰ ਹਥਿਆਰਾਂ ਤੇ ਫ਼ੌਜਾਂ ਦੀ ਲੋੜ ਨਹੀਂ। ਖ਼ਾਲਸਾ ਵੀ ਰੱਬ ਦੀ ਫ਼ੌਜ ਨਹੀਂ ਸਗੋਂ ਗੁਰੂ ਦੀ ਲਾਡਲੀ ਫ਼ੌਜ ਹੈ ('ਵਾਹਿ ਗੁਰੂ ਜੀ ਕਾ ਖ਼ਾਲਸਾ' ਦਾ ਅਰਥ ਹੈ- ਹੇ ਗੁਰੂ ਜੀ ! ਤੁਸੀਂ ਧੰਨੁ ਹੋ, ਖ਼ਾਲਸਾ ਤੁਹਾਡਾ ਹੀ ਹੈ। 'ਵਾਹਿ ਗੁਰੂ ਜੀ ਕੀ ਫ਼ਤਹ' ਦਾ ਅਰਥ ਹੈ- ਹੇ ਗੁਰੂ ਜੀ ! ਤੁਸੀਂ ਧੰਨੁ ਹੋ, ਖ਼ਾਲਸੇ ਦੀ ਜਿੱਤ ਵੀ ਤੁਹਾਡੀ ਹੀ ਜਿੱਤ ਹੈ।)। ਦੁਰਗਾ ਮਾਈ ਨੂੰ 'ਬਕ੍ਰ ਬੈਣਾ' (ਰੁੱਖੇ, ਭੈੜੇ ਅਤੇ ਕੁਰੱਖ਼ਤ ਬੋਲ ਹਨ ਜਿਸ ਦੇ) ਵੀ ਲਿਖਿਆ ਹੈ, ਪਰ ਰੱਬ ਇਸ ਤਰ੍ਹਾਂ ਦਾ ਨਹੀਂ ਹੈ। ਸਪੱਸ਼ਟ ਹੈ ਕਿ 'ਜਾਪੁ' ਵਿੱਚ ਦੁਰਗਾ ਦੇ ਹੀ ਗੁਣ ਹਨ।

11. **ਚੰਡੀ ਚਰਿਤ੍ਰ** : ਨਮੋ ਜਯ ਅਜਯ--- ।230।

**ਜਾਪੁ** : ਅਜੈ ।189।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ ਅਜਿੱਤ (ਅਜਯ) ਹੈ ਕਿਉਂਕਿ ਉਹ ਦੈਤਾਂ ਨੂੰ ਮਾਰ ਕੇ ਜੰਗ ਵਿੱਚ ਜਿੱਤ ਜਾਂਦੀ ਹੈ ਤੇ ਉਸ ਦੀ ਜੈ ਜੈ ਹੁੰਦੀ ਹੈ। 'ਜਾਪੁ' ਵਿੱਚ ਦੁਰਗਾ ਦਾ ਇਹੀ ਗੁਣ 'ਅਜੈ' ਲਿਖ ਕੇ ਪ੍ਰਗਟ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਰੱਬ ਨੂੰ ਕੋਈ ਜਿੱਤ ਨਹੀਂ ਸਕਦਾ ਕਿਉਂ ਜੁ ਉਹ ਸਾਰੀ ਦੁਨੀਆਂ ਦਾ ਰਾਜਾ ਹੈ। ਦੁਰਗਾ ਰੱਬ ਦੀ ਬਰਾਬਰੀ ਨਹੀਂ ਕਰ ਸਕਦੀ। ਦੁਰਗਾ ਨੂੰ ਹੀ ਕਵੀ ਨੇ ਦੋਹਾਂ ਰਚਨਾਵਾਂ ਵਿੱਚ 'ਅਜੈ' ਲਿਖਿਆ ਹੈ, ਕਿਉਂਕਿ ਦੁਰਗਾ ਤੋਂ ਬਿਨਾਂ ਕਵੀ ਲਈ ਹੋਰ ਕੋਈ ਮਹਾਨ ਨਹੀਂ ਹੈ, ਜਿਸ ਨੂੰ ਗੁਰਬਾਣੀ ਨਹੀਂ ਮੰਨਦੀ।

12. **ਚੰਡੀ ਚਰਿਤ੍ਰ** : ਨਮੋ ਗਿਆਨ ਬਿਗਿਆਨ ਕੀ ਗਿਆਨ ਗਿਆਤਾ ।231

**ਜਾਪੁ** : ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ।186।

ਨਮੋ ਸਰਬ ਗਿਆਨੰ ।70। ਨਮੋ ਪਰਮ ਗਿਆਤਾ ।52

**ਸੋਚ-ਵਿਚਾਰ** : ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਗਿਆਨ ਕੀ ਗਿਆਨ' ਕਿਹਾ ਹੈ ਅਤੇ 'ਜਾਪੁ' ਵਿੱਚ ਦੁਰਗਾ ਦਾ ਇਹ ਗੁਣ 'ਗਿਆਨ ਗਿਆਨੇ', 'ਸਰਬ ਗਿਆਨੰ' ਅਤੇ 'ਪਰਮ ਗਿਆਤਾ' ਲਿਖ ਕੇ ਪ੍ਰਗਟ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਸਾਰੀ ਦੁਨੀਆਂ ਦੇ ਜੀਵਾਂ ਨੂੰ ਗਿਆਨ ਗੁਣ ਦੇਣ ਵਾਲ਼ਾ ਰੱਬ ਆਪਿ ਹੈ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇਇ॥--ਜਪੁ ਤੇ ਉਸ ਦੇ ਬਰਾਬਰ ਹੋਰ ਕੋਈ ਨਹੀਂ ਹੈ। ਦੁਰਗਾ ਰੱਬ ਦੇ ਗੁਣਾਂ ਦੀ ਬਰਾਬਰੀ ਨਹੀਂ ਕਰ ਸਕਦੀ। 'ਜਾਪੁ' ਵਿੱਚ ਦੁਰਗਾ ਦਾ 'ਚੰਡੀ ਚਰਿਤ੍ਰ' ਵਾਲ਼ਾ ਗੁਣ 'ਗਿਆਨ ਗਿਆਨੇ' ਹੈ।

13. **ਚੰਡੀ ਚਰਿਤ੍ਰ** : ਨਮੋ ਸੋਖਣੀ ਪੋਖਣੀਅੰ ਮ੍ਰਿੜਾਲੀ ।232।

ਨਮੋ ਪੋਖਣੀ ਸੋਖਣੀ ਸਰਬਭਰਣੀ ।235।

**ਜਾਪੁ** : ਕਿ ਸਰਬਤ੍ਰ ਸੋਖੈ। ਕਿ ਸਰਬਤ੍ਰ ਪੋਖੈ ।116

ਨਮੋ ਸਰਬ ਸੋਖੰ। ਨਮੋ ਸਰਬ ਪੋਖੰ ।27।

ਨਮੋ ਸਰਬ ਕਾਲੇ। ਨਮੋ ਸਰਬ ਪਾਲੇ ।20।

ਨਮੋ ਸਰਬ ਖਾਪੇ ਨਮੋ ਥਾਪੇ ।19।

ਸਰਬ ਪਾਲਕ ਸਰਬ ਘਾਲਕ--- ।79। ਸਰਬੰ ਭਰ ਹੈਂ ।174। ਬਿਸੰਵਭਰ ਹੈਂ ।175,181।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਦੇਵੀ ਨੂੰ ਨਮੋ ਕਰਦਿਆਂ 'ਸੋਖਣੀ' (ਸੱਭ ਨੂੰ ਮਾਰਨ ਯੋਗ), 'ਪੋਖਣੀਯੰ' (ਸੱਭ ਨੂੰ ਪਾਲਣ ਯੋਗ), 'ਸਰਬ ਭਰਣੀ' (ਸਾਰਿਆਂ ਨੂੰ ਪਾਲਣ ਯੋਗ) ਅਤੇ 'ਮ੍ਰਿੜਾਲੀ' (ਮੁਰਦਿਆਂ ਦੀ ਸਵਾਰੀ ਕਰਨ ਵਾਲ਼ੀ) ਮੰਨਿਆਂ ਹੈ। 'ਜਾਪੁ' ਵਿੱਚ ਦੁਰਗਾ/ਪਾਰਬਤੀ ਮਾਈ ਦੇ ਇਨ੍ਹਾਂ ਗੁਣਾਂ ਨੂੰ 'ਸਰਬਤ੍ਰ ਸੋਖੈ', 'ਸਰਬ ਸੋਖੰ', 'ਸਰਬ ਕਾਲੇ', 'ਸਰਬ ਖਾਪੇ'( ਸੱਭ ਨੂੰ ਮਾਰਨ ਯੋਗ) ਅਤੇ 'ਸਰਬਤ੍ਰ ਪੋਖੈ', 'ਸਰਬ ਪੋਖੰ', 'ਸਰਬ ਪਾਲੇ', 'ਸਰਬ ਥਾਪੇ'(ਸੱਭ ਨੂੰ ਪਾਲਣ ਯੋਗ), ਸਰਬੰ ਭਰ ਹੈਂ/ਬਿਸੰਭਰ ਹੈਂ (ਵਿਸ਼ਵ ਪਾਲਕ)' ਸ਼ਬਦਾਂ ਰਾਹੀਂ ਲਿਖਿਆ ਗਿਆ ਹੈ। ਦੁਰਗਾ ਦੇ 'ਮ੍ਰਿੜਾਲੀ' ਗੁਣ ਨੂੰ 'ਜਾਪੁ' ਵਿੱਚ ਛੱਡ ਦਿੱਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਮਾਰੈ ਰਾਖੈ ਏਕੋ ਆਪਿ॥ਮਾਨੁਖ ਕੈ ਕਿਛੁ ਨਾਹੀ ਹਾਥਿ॥–(ਸੁਖਮਨੀ)

ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕੜਈਐ॥-- ਗੋਂਡ ਮਹਲਾ 4॥( 861)

ਸਪੱਸ਼ਟ ਹੈ ਕਿ ਜੀਵਾਂ ਨੂੰ ਮਾਰਨਾ ਤੇ ਪਾਲਣਾ ਦੁਰਗਾ ਮਾਈ ਦੇ ਹੱਥ ਵਿੱਚ ਨਹੀਂ ਹੈ। 'ਚੰਡੀ ਚਰਿਤ੍ਰ' ਦੀ ਦੁਰਗਾ ਨੂੰ ਰੱਬ ਨਾਲ਼ ਤੁਲਨਾ ਨਹੀਂ ਦਿੱਤੀ ਜਾ ਸਕਦੀ, ਇਸੇ ਲਈ 'ਜਾਪੁ' ਵਿੱਚ ਵੀ ਦੁਰਗਾ ਦੀ ਹੀ ਸਿਫ਼ਤਿ ਹੈ। ਕਵੀ ਲਈ ਦੁਰਗਾ ਹੀ ਰੱਬ ਹੈ, ਜਿਸ ਨੂੰ ਸਿੱਖੀ ਸਿਧਾਂਤ ਨਹੀਂ ਮੰਨਦੇ।

14. **ਚੰਡੀ ਚਰਿਤ੍ਰ** : ਨਮੋ ਦੋਖ ਦਾਹੀ ਨਮੋ ਦੁਖਯ ਹਰਤਾ।

**ਜਾਪੁ** : ਨਮੋ ਰੋਗ ਹਰਤਾ।55।

**ਸੋਚ-ਵਿਚਾਰ** : ਨਮੋ ਕਰਦਿਆਂ, 'ਚੰਡੀ ਚਰਿਤ੍ਰ' ਵਿੱਚ, ਦੁਰਗਾ ਦੇਵੀ ਨੂੰ 'ਦੋਖਦਾਹੀ' (ਦੁੱਖਾਂ ਨੂੰ ਸਾੜਨ ਯੋਗ) ਅਤੇ 'ਦੁਖਯ ਹਰਤਾ' (ਦੁੱਖ ਦੂਰ ਕਰਨ ਦੇ ਸਮਰੱਥ) ਮੰਨਿਆਂ ਹੈ। 'ਜਾਪੁ' ਵਿੱਚ ਵੀ, ਉਸੇ ਦੁਰਗਾ ਨੂੰ ਨਮੋ ਕਰਦਿਆਂ, 'ਰੋਗ ਹਰਤਾ' (ਰੋਗ/ਦੁੱਖ ਦੂਰ ਕਰਨ ਸਮਰੱਥ) ਲਿਖਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥–ਗਉੜੀ ਮਹਲਾ 5 (218)

ਮਾਂਝ ਰੋਗੀ ਕਾ ਪ੍ਰਭ ਖੰਡਹੁ ਰੋਗੁ॥ ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ॥–ਭੈਰਉ ਮਹਲਾ 5॥ਗਗਸ 1146

ਪ੍ਰਭੂ ਹੀ ਸੱਭ ਦੁੱਖਾਂ ਦਾ ਦਾਰੂ ਹੈ, ਦੁਰਗਾ ਨਹੀਂ। ਇਸ ਲਈ 'ਚੰਡੀ ਚਰਿਤ੍ਰ' ਵਾਲ਼ਾ ਦੁਰਗਾ ਦਾ 'ਦੁਖਯ ਹਰਤਾ' ਦਾ ਗੁਣ 'ਜਾਪੁ' ਵਿੱਚ 'ਰੋਗ ਹਰਤਾ' ਕਰਕੇ ਹੀ ਲਿਖਿਆ ਹੈ।

15. **ਚੰਡੀ ਚਰਿਤ੍ਰ** : ਨਮੋ ਰੂੜਿ ਗੂੜੰ ਨਮੋ ਸਰਬ ਬਆਪੀ।234।

**ਜਾਪੁ** : ਚਤ੍ਰ ਚਕ੍ਰ ਵਰਤੀ–।199।ਸਰਬ ਪਾਸਯ ਹੈਂ।174।

ਸਮਸਤੁਲ ਨਿਵਾਸ ਹੈਂ।154।ਕਿ ਸਰਬੁਲ ਗਵੰਨ ਹੈਂ।156।

**ਸੋਚ-ਵਿਚਾਰ** : ਦੁਰਗਾ ਦੇਵੀ ਨੂੰ 'ਚੰਡੀ ਚਰਿਤ੍ਰ' ਵਿੱਚ 'ਸਰਬ ਬਿਆਪੀ' (ਹਰ ਥਾਂ ਵਿਆਪਣ ਯੋਗ) ਕਹਿ ਕੇ ਨਮੋ ਕੀਤੀ ਹੈ। 'ਜਾਪੁ' ਵਿੱਚ ਵੀ ਉਸੇ ਦੁਰਗਾ ਨੂੰ 'ਚਤ੍ਰ ਚਕ੍ਰ ਵਰਤੀ' (ਚਾਰੇ ਕੁੰਟਾਂ ਵਿੱਚ ਵਿਆਪਣ ਯੋਗ), 'ਸਰਬ ਪਾਸਯ' (ਸਾਰੀਆਂ ਦਿਸ਼ਾਵਾਂ ਵਿੱਚ ਵਸਣ ਯੋਗ), 'ਸਮਸਤੁਲ ਨਿਵਾਸ' (ਸਾਰਿਆਂ ਵਿੱਚ ਵਸਣ ਯੋਗ), 'ਸਰਬੁਲ ਗਵੰਨ' (ਹਰ ਥਾਂ 'ਤੇ ਗਵਨ ਕਰਨ ਯੋਗ) ਕਿਹਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਜੇ ਦੁਰਗਾ ਅਤੇ ਰੱਬ ਦੋਵੇਂ ਸਰਬ ਬਿਆਪੀ ਹਨ ਤਾਂ ਫਿਰ ਦੁਰਗਾ ਵੀ ਰੱਬ ਹੈ, ਜਿਸ ਨਾਲ਼ ਗੁਰੂ ਜੀ ਸਹਿਮਤ ਨਹੀਂ। ਇਹ ਗੁਣ 'ਚੰਡੀ ਚਰਿਤ੍ਰ' ਅਤੇ 'ਜਾਪੁ' ਵਿੱਚ ਸਾਂਝਾ ਹੈ ਤੇ ਇਹ ਗੁਣ ਦੋਹਾਂ ਰਚਨਾਵਾਂ ਵਿੱਚ ਕੇਵਲ ਦੁਰਗਾ ਦਾ ਹੀ ਹੈ। ਰੱਬ ਵਰਗਾ ਹੋਰ ਕੋਈ ਹੈ ਹੀ ਨਹੀਂ, ਭਾਵੇਂ ਦੁਰਗਾ ਪੂਜਕ ਹੋਣ ਕਰਕੇ ਕਵੀ ਦੁਰਗਾ ਨੂੰ ਹੀ ਸੱਭ ਕੁਝ ਸਮਝਦਾ ਹੈ। ਗੁਰਬਾਣੀ ਦੱਸਦੀ ਹੈ– ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨਾ ਸਾਈਆ॥–ਡਖਣੇ ਮਹਲਾ 5॥( 1098)

16. **ਚੰਡੀ ਚਰਿਤ੍ਰ** : ਨਮੋ ਨਿਤ ਨਾਰਾਇਣੀ ਦੁਸਟ ਖਾਪੀ।234।

**ਜਾਪੁ** : ਨਮੋ ਨਿਤ ਨਾਰਾਇਣੇ–।54।ਸੁਨਿੰਤ ਹੈਂ।138।-- ਦੁਸਟ ਭੰਜਨ।84।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਦੇਵੀ ਨੂੰ 'ਨਿਤ ਨਾਰਾਇਣੀ' (ਸਦਾ ਰਹਿਣ ਵਾਲ਼ੀ ਅਤੇ ਰੱਬ/ਨਾਰਾਇਣੀ) ਕਹਿ ਕੇ ਨਮੋ ਕੀਤੀ ਹੈ। 'ਜਾਪੁ' ਵਿੱਚ ਵੀ ਦੁਰਗਾ ਦਾ ਇਹ ਗੁਣ 'ਨਿਤ ਨਾਰਾਇਣੇ'(ਸਦਾ ਰਹਿਣ ਯੋਗ ਨਾਰਾਇਣ) ਕਰਕੇ ਲਿਖਿਆ ਹੈ, ਅਰਥ ਬਿਲਕੁਲ ਸਮਾਨ ਹਨ। ਨਾਰਾਇਣੀ ਅਤੇ ਨਾਰਾਇਣੇ ਦੋ ਵੱਖਰੀਆਂ ਹਸਤੀਆਂ (ਦੁਰਗਾ ਅਤੇ ਰੱਬ) ਨਹੀਂ, ਇੱਕੋ ਹੀ ਹਸਤੀ ਹੈ ਤੇ ਉਹ ਹੈ ਕਵੀ ਦਾ ਇਸ਼ਟ– ਦੁਰਗਾ ਦੇਵੀ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਨਾਰਾਇਣ ਕੇਵਲ ਰੱਬ ਹੈ। ਜਿਵੇਂ

ਨਾਲਿ ਨਾਰਾਇਣੁ ਮੇਰੈ॥ ਜਮਦੂਤੁ ਨ ਆਵੈ ਨੇਰੈ॥–ਸੋਰਠਿ ਮਹਲਾ 5॥

ਅੰਤਿ ਕਾਲਿ ਨਾਰਾਇਣ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥

'ਦੁਰਗਾ' ਨਾਲਿ ਨਹੀਂ, ਰੱਬ ਨਾਲਿ ਹੈ। ਦੁਰਗਾ ਨੂੰ ਨਹੀਂ, ਨਾਰਾਇਣ ਨੂੰ ਯਾਦਾਂ ਵਿੱਚ ਰੱਖਣਾ ਹੈ। ਸਿੱਖ ਕਿਸੇ ਦੇਵੀ ਜਾਂ ਦੇਵਤੇ ਦਾ ਪੁਜਾਰੀ ਨਹੀਂ ਹੈ।

17. **ਚੰਡੀ ਚਰਿਤ੍ਰ** : ਨਮੋ ਜੋਗ ਜ੍ਵਾਲੰ ਸਰਬ ਦਾਤ੍ਰੀ।235।

**ਜਾਪੁ** : ਸਰਬੰ ਦਾਤਾ।37।–ਸਰਬ ਕੋ ਪ੍ਰਤਿਪਾਰ।85।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ 'ਸਰਬ ਦਾਤ੍ਰੀ' (ਸਾਰਿਆਂ ਨੂੰ ਦਾਤਾਂ ਵੰਡਣ ਯੋਗ) ਹੈ। 'ਜਾਪੁ' ਵਿੱਚ ਦੁਰਗਾ ਦਾ ਇਹੀ ਗੁਣ 'ਸਰਬੰ ਦਾਤਾ'/ 'ਸਰਬ ਕੋ ਪ੍ਰਤਿਪਾਰ' (ਸੱਭ ਨੂੰ ਦਾਤਾਂ ਵੰਡਣ ਯੋਗ) ਲਿਖ ਕੇ ਪ੍ਰਗਟ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਸਾਰਿਆਂ ਦਾ ਦਾਤਾ ਕੇਵਲ ਰੱਬ ਹੈ, ਦੁਰਗਾ ਮਾਈ ਨਹੀਂ। ਦੁਰਗਾ ਤੇ ਰੱਬ ਇਕੋ ਹਸਤੀ ਨਹੀਂ, ਭਾਵੇਂ ਕਵੀ ਮੰਨਦਾ ਹੈ। ਫ਼ੁਰਮਾਨ ਹੈ– ਜਗਤੁ ਭਿਖਾਰੀ

ਫਿਰਤੁ ਹੈ ਸਭ ਕੋ ਦਾਤਾ ਰਾਮੁ ॥ – ਸ਼ਲੋਕ ਮਹਲਾ 9 ॥

18. **ਚੰਡੀ ਚਰਿਤ੍ਰ** : ਨਮੋ ਪਰਮ ਪਰਮੇਸ੍ਵਰੀ ਧਰਮ ਕਰਣੀ।236।

**ਜਾਪੁ** : ਪਰੰ ਪਰਮ ਪਰਮੇਸ੍ਵਰੰ ਪੋਛ ਪਾਲੰ।60। ਸਰਬੰ ਧਰਮੰ।144।ਆਡੀਠ ਧਰਮ।170।– ਪਰਮੇਸ੍ਵਰ ਹੈਂ।179।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ 'ਪਰਮ ਪਰਮੇਸ੍ਵਰੀ ਹੈ' ਅਤੇ 'ਧਰਮਕਰਣੀ' ਹੈ। 'ਜਾਪੁ' ਵਿੱਚ ਵੀ ਦੁਰਗਾ ਦੇ ਇਹ ਗੁਣ 'ਪਰਮ ਪਰਮੇਸ੍ਵਰੰ' ਅਤੇ 'ਸਰਬੰ ਧਰਮੰ'/ 'ਆਡੀਠ ਧਰਮ' ਲਿਖ ਕੇ ਪ੍ਰਗਟ ਕੀਤੇ ਗਏ ਹਨ। ਅਰਥ ਇਨ੍ਹਾਂ ਸ਼ਬਦਾਂ ਦੇ ਇੱਕੋ ਜਿਹੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਤੇ ਰੱਬ ਦੋਵੇਂ ਪਰਮੇਸ਼ਰ ਨਹੀਂ ਹਨ। ਪਰਮੇਸ਼ਰ ਕੇਵਲ 'ਇਕੁ ਓਅੰਕਾਰੁ' ਹੈ। 'ਪਰਮੇਸ੍ਵਰੀ' ਅਤੇ 'ਪਰਮੇਸ੍ਵਰ' ਸ਼ਬਦ ਕਵੀ ਨੇ ਦੁਰਗਾ ਲਈ ਹੀ ਵਰਤੇ ਹਨ, ਰੱਬ ਲਈ ਨਹੀਂ। ਰੱਬ ਤੇ ਦੁਰਗਾ ਬਰਾਬਰ ਨਹੀਂ, ਭਾਵੇਂ ਕਵੀ ਮੰਨਦਾ ਹੋਵੇ।

**19. ਚੰਡੀ ਚਰਿਤ੍ਰ** : ਨਮੋ ਚੰਦ੍ਰਣੀ ਭਾਨੁਵੀਅੰ ਗੁਬਿੰਦੀ।239।

**ਜਾਪੁ** : ਨਮੋ ਚੰਦ੍ਰ ਚੰਦ੍ਰੇ। ਨਮੋ ਭਾਨ ਭਾਨੇ।47। ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ।185।ਗੋਬਿੰਦੇ।94।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਚੰਦ੍ਰਣੀ' (ਚੰਦ੍ਰਮਾ ਵਿਚਲੀ ਸ਼ਕਤੀ, ਪ੍ਰਕਾਸ਼), 'ਭਾਨੁਵੀਅੰ' (ਸੂਰਜ ਵਿੱਚਲੀ ਸ਼ਕਤੀ)

ਅਤੇ 'ਗੁਬਿੰਦੀ' (ਧਰਤੀ ਨੂੰ ਧਾਰਣ ਕਰਨ ਯੋਗ, ਧਰਤੀ ਦਾ ਸਹਾਰਾ) ਕਿਹਾ ਹੈ। 'ਜਾਪੁ' ਵਿੱਚ ਕਵੀ ਨੇ ਓਹੀ ਸ਼ਬਦ ਮੁੜ ਦੁਰਗਾ ਮਾਈ ਲਈ ਵਰਤ ਕੇ ਕਿਹਾ ਹੈ ਕਿ ਉਹ 'ਚੰਦ੍ਰ ਚੰਦ੍ਰੇ', 'ਸੂਰਜ ਸੂਰਜੇ', 'ਭਾਨ ਭਾਨੇ' ਅਤੇ 'ਗੁਬਿੰਦੇ' (ਧਰਤੀ ਦਾ ਸਹਾਰਾ) ਹੈ। ਅਸਲੀਅਤ ਇਹੀ ਹੈ ਕਿ 'ਜਾਪੁ' ਅਤੇ 'ਚੰਡੀ ਚਰਿਤ੍ਰ' ਵਿੱਚ ਦੁਰਗਾ ਦੀ ਹੀ ਜੈ ਜੈਕਾਰ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਸੂਰਜ ਅਤੇ ਚੰਦ ਕੇਵਲ ਰੱਬ ਦੇ ਭੈ ਵਿੱਚ ਹਨ (ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਵਾਰ ਆਸਾ ਮਹਲਾ 1), ਦੁਰਗਾ ਦੇ ਭੈ ਵਿੱਚ ਨਹੀਂ। ਸੂਰਜ ਅਤੇ ਚੰਦ ਨੂੰ ਰੱਬ ਤੋਂ ਸ਼ਕਤੀ ਮਿਲ਼ਦੀ ਹੈ, ਦੁਰਗਾ ਦੇਵੀ ਤੋਂ ਨਹੀਂ, ਭਾਵੇਂ ਦੁਰਗਾ ਦਾ ਪੁਜਾਰੀ ਕਵੀ ਦੁਰਗਾ ਨੂੰ ਰੱਬ ਨਾਲ਼ ਤੁਲਨਾ ਦਿੰਦਾ ਹੈ।

20. **ਚੰਡੀ ਚਰਿਤ੍ਰ** : ਨਮੋ ਜੋਗਣੀ ਭੋਗਣੀ ਪ੍ਰਮ ਪ੍ਰਗਿਯਾ– ।240।

**ਜਾਪੁ** : ਨਮੋ ਜੋਗ ਜੋਗੇ। ਨਮੋ ਭੋਗ ਭੋਗੇ।28।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਦੇਵੀ ਨੂੰ 'ਜੋਗਣੀ' (ਜੋਗ ਵਿੱਦਿਆ ਵਿੱਚ ਪ੍ਰਵੀਨ) ਅਤੇ 'ਭੋਗਣੀ' (ਪਦਾਰਥਾਂ ਦੇ ਭੋਗਣ ਯੋਗ) ਕਹਿ ਕੇ ਨਮੋ ਕੀਤੀ ਹੈ। 'ਜਾਪੁ' ਵਿੱਚ ਵੀ 'ਜੋਗਣੀ' ਅਤੇ 'ਭੋਗਣੀ' ਦੀ ਥਾਂ 'ਜੋਗੇ' ਅਤੇ 'ਭੋਗੇ' ਸ਼ਬਦਾਂ ਦੀ ਇੱਕੋ ਹੀ ਅਰਥਾਂ ਵਿੱਚ ਵਰਤੋਂ ਹੈ। ਸਾਂਝੇ ਗੁਣਾਂ ਕਰਕੇ 'ਚੰਡੀ ਚਰਿਤ੍ਰ' ਅਤੇ 'ਜਾਪੁ' ਵਿੱਚ ਇੱਕੋ ਹੀ ਹਸਤੀ ਦੁਰਗਾ ਦੇਵੀ ਦੇ ਗੁਣ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਗੁਰਬਾਣੀ ਵਿੱਚ ਰੱਬ ਨੂੰ ਹੀ ਜੋਗੀਆਂ ਵਿੱਚ ਜੋਗੀ ਅਤੇ ਭੋਗੀਆਂ ਵਿੱਚ ਭੋਗੀ ਕਿਹਾ ਗਿਆ ਹੈ।

ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥ ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥1॥ (––ਸ੍ਰੀ ਰਾਗੁ ਮਹਲਾ 1 ਘਰੁ ਤੀਜਾ ਗਗਸ 71) ਦੁਰਗਾ ਦਾ 'ਜੋਗਣੀ' ਅਤੇ 'ਭੋਗਣੀ' ਇਹ ਗੁਣ 'ਚੰਡੀ ਚਰਿਤ੍ਰ' ਵਿੱਚ ਵੀ ਹੈ ਅਤੇ 'ਜਾਪੁ' ਵਿੱਚ ਵੀ ਹੈ। ਦੁਰਗਾ ਰੱਬ ਦੀ ਬਰਾਬਰੀ ਨਹੀਂ ਕਰ ਸਕਦੀ। ਗੁਰਬਾਣੀ ਵਿੱਚ ਇਹ ਰੱਬੀ ਗੁਣ ਹਨ, ਦੁਰਗਾ ਦੇ ਨਹੀਂ।

**21. ਚੰਡੀ ਚਰਿਤ੍ਰ** : ਨਮੋ ਘੋਰਿ ਰੂਪਾ ਨਮੋ ਚਾਰੁ ਨੈਣਾਂ।241।

ਨਮੋ ਇੰਦ੍ਰ ਊਰਧਾ ਨਮੋ ਦਾੜ ਗੂੜੰ।249।

ਨਮੋ ਰੂੜਿ ਗੂੜੰ ਨਮੋ ਸਰਬ ਬਆਪੀ।234।

**ਜਾਪੁ** : ––ਕ੍ਰੂਰ ਕਰਮੇ।54।ਨਮੋ ਅੰਧਕਾਰੇ।185।

ਕਿ ਹੁਸਨਲ ਚਰਾਗ ਹੈਂ।151। ਕਿ ਹੁਸਨਲ ਜਮਾਲ ਹੈਂ।152।ਨਮਸਤਸਤ ਰੰਮੇ।16।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਘੋਰਿ ਰੂਪਾ'/ 'ਦਾੜ ਗੂੜੰ' (ਭਿਆਨਕ ਰੂਪ) ਮੰਨ ਕੇ ਨਮੋ ਕੀਤੀ ਹੈ ਤੇ 'ਜਾਪੁ' ਵਿੱਚ ਵੀ 'ਕ੍ਰੂਰ ਕਰਮੇ' / 'ਅੰਧਕਾਰੇ' (ਭਿਆਨਕ ਰੂਪ, ਹਨ੍ਹੇਰ ਰੂਪ) ਕਰਕੇ ਦੁਰਗਾ ਦੇ ਗੁਣ ਲਿਖੇ ਹਨ। 'ਚੰਡੀ ਚਰਿੱਤ੍ਰ' ਵਿੱਚ ਕਵੀ ਦੁਰਗਾ ਨੂੰ 'ਚਾਰੁ ਨੈਣਾ' (ਅਤੀ ਸੁੰਦਰ) ਕਹਿ ਕੇ ਨਮੋ ਕਰਦਾ ਹੈ। 'ਜਾਪੁ' ਵਿੱਚ ਦੁਰਗਾ ਨੂੰ 'ਹੁਸਨਲ ਚਰਾਗ਼' (ਹੁਸਨ ਦਾ ਦੀਵਾ), 'ਹੁਸਨਲ ਜਮਾਲ'/ 'ਨਮਸਤਸਤ ਰੰਮੇ' (ਅਤੀ ਸੁੰਦਰ) ਕਰਕੇ ਲਿਖਿਆ ਹੈ। ਦੁਰਗਾ ਅਤੇ ਰੱਬ ਦੇ ਗੁਣ ਇੱਕੋ ਜਿਹੇ ਨਹੀਂ ਹੋ ਸਕਦੇ। ਇਸੇ ਕਰਕੇ ਦੋਹਾਂ ਰਚਨਾਵਾਂ ਵਿੱਚ ਦੁਰਗਾ ਦੀਆਂ ਹੀ ਸਿਫ਼ਤਾਂ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਵੀ ਚੰਡੀ ਨੂੰ ਰੱਬ ਦੇ ਬਰਾਬਰ ਮੰਨਦਾ ਹੈ ਪਰ ਗੁਰਬਾਣੀ ਨਹੀਂ ਮੰਨਦੀ। ਰੱਬ ਜਿਹਾ ਹੋਰ ਕੋਈ ਸੁੰਦਰ ਨਹੀਂ ਹੈ। ਰੱਬ ਤੋਂ ਹੀ ਸਾਰੀ ਸੁੰਦਰਤਾ ਮਿਲ਼ਦੀ ਹੈ। ਦੁਰਗਾ ਹਨ੍ਹੇਰ ਰੂਪ ਹੋ ਸਕਦੀ ਹੈ ਰੱਬ ਹਨ੍ਹੇਰ ਰੂਪ ਨਹੀਂ। ਰੱਬ ਤਾਂ ਪ੍ਰਕਾਸ਼ ਹੀ ਪ੍ਰਕਾਸ਼ ਹੈ। ਜੇ ਰੱਬ ਹੀ ਹਨ੍ਹੇਰ ਰੂਪ ਹੈ ਤਾਂ ਸੂਰਜ ਚੰਦ

ਆਦਿਕ ਰੱਬ ਨਾਲੋਂ ਵੱਡੇ ਮੰਨਣੇ ਪੈਣਗੇ ਜੋ ਨਹੀਂ ਹਨ। ਰੱਬ ਹੀ ਸੱਭ ਨੂੰ ਪ੍ਰਕਾਸ਼ ਦਿੰਦਾ ਹੈ ਤੇ ਰੱਬ 'ਨਮੋ ਅਧਕਾਰੇ' ਨਹੀਂ ਹੈ। ਕਵੀ ਨੇ 'ਚੰਡੀ ਚਰਿਤ੍' ਵਿੱਚ ਦੁਰਗਾ ਨੂੰ ਹਨ੍ਹੇਰ ਰੂਪ ਲਿਖਿਆ ਹੈ ਤੇ 'ਜਾਪੁ' ਵਿੱਚ ਵੀ। ਸਪੱਸ਼ਟ ਹੈ ਕਿ ਕਵੀ ਦੋਹਾਂ ਰਚਨਾਵਾਂ ਵਿੱਚ ਦੁਰਗਾ ਦੇ ਹੀ ਗੁਣ ਲਿਖ ਰਿਹਾ ਹੈ ਤੇ ਦੁਰਗਾ ਹੀ ਕਵੀ ਦਾ ਰੱਬ ਹੈ, ਪਰ ਸਿੱਖਾਂ ਦਾ ਨਹੀਂ।

22. **ਚੰਡੀ ਚਰਿਤ੍** : ਨਮੋ ਜਛ ਬਿਦਿਆ ਪੂਰਣ ਕਾਮੀ।242।

ਪਰੀ ਪਦਮਨੀ ਪੂਰਣੀ ਸਰਬ ਇਛਿਆ।250।

**ਜਾਪੁ** : ਮੁਕਤਿ ਦਾਇਕ ਕਾਮ।84। ਨਮੋ ਆਸ ਆਸੇ।188।

**ਸੋਚ-ਵਿਚਾਰ** : 'ਚੰਡੀ ਚਰਿਤ੍' ਵਿੱਚ ਦੁਰਗਾ ਨੂੰ 'ਪੂਰਣ ਕਾਮੀ' (ਕਾਮਨਾਵਾਂ ਪੂਰੀਆਂ ਕਰਨ ਯੋਗ) ਅਤੇ ਸਰਬ ਇਛਿਆ ਪੂਰਣ ਕਰਨ ਯੋਗ ਲਿਖ ਕੇ ਨਮੋ ਕੀਤੀ ਹੈ। 'ਜਾਪੁ' ਵਿੱਚ ਵੀ ਦੁਰਗਾ ਦਾ ਇਹੀ ਗੁਣ 'ਮੁਕਤਿ ਦਾਇਕ ਕਾਮ', ਭਾਵ, ਮੁਕਤਿ ਦਾਇਕ ਅਤੇ ਕਾਮ ਦਾਇਕ ਅਤੇ 'ਆਸ ਆਸੇ' ਲਿਖ ਕੇ ਨਮੋ ਕੀਤੀ ਹੈ। ਦੁਰਗਾ ਦੇ ਗੁਣ 'ਜਾਪੁ' ਵਿੱਚ ਦੁਹਰਾਏ ਗਏ ਹਨ। ਦੁਰਗਾ ਦਾ ਪੁਜਾਰੀ ਹੋਣ ਕਰਕੇ ਕਵੀ ਨੇ ਦੁਰਗਾ ਦਾ ਇਹੀ ਗੁਣ 'ਚੰਡੀ ਚਰਿਤ੍' ਵਿੱਚ ਅਤੇ 'ਜਾਪੁ' ਵਿੱਚ ਲਿਖਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਗੁਰਬਾਣੀ ਮੰਨਦੀ ਹੈ ਕਿ ਰੱਬ ਹੀ ਸੱਭ ਇੱਛਾਂ ਪੂਰੀਆਂ ਕਰਦਾ ਹੈ। ਲਿਖਿਆ ਹੈ–

ਇਛਾ ਪੂਰਕੁ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥ –ਧਨਾਸਰੀ ਮਹਲਾ 4॥ (669)

23. **ਚੰਡੀ ਚਰਿਤ੍** : ਰਿਪੰ ਤਾਪਣੀ ਜਾਪਣੀ ਸਰਬ ਲੋਗਾ।243।

**ਜਾਪੁ** : ਰਿਪੁ ਤਾਪਨ ਹੈਂ। ਜਪ ਜਾਪਨ ਹੈਂ।182।

ਲੋਕ ਚਉਦਹ ਕੈ ਬਿਖੈ ਜਗ ਜਾਪਹੀ ਜਿਹ ਜਾਪ।83।

**ਸੋਚ-ਵਿਚਾਰ** : 'ਚੰਡੀ ਚਰਿਤ੍' ਵਿੱਚ ਦੁਰਗਾ ਮਾਈ/ਪਾਰਬਤੀ ਮਾਈ ਨੂੰ 'ਰਿਪੰ ਤਾਪਣੀ' (ਦੁਸ਼ਟਾਂ ਨੂੰ ਤਪਾਉਣ ਯੋਗ) ਅਤੇ 'ਜਾਪਣੀ ਸਰਬ ਲੋਗਾ' (ਸਾਰੇ ਸੰਸਾਰ ਲਈ ਜਪਣ ਯੋਗ) ਲਿਖਿਆ ਹੈ। ਭਾਵ, ਕਵੀ ਆਪ ਲਿਖਦਾ ਹੈ ਕਿ ਸਾਰੀ ਦੁਨੀਆਂ (ਹਿੰਦੂ, ਸਿੱਖ, ਮੁਸਲਮਾਨ, ਜੈਨੀ, ਬੋਧੀ ਆਦਿਕ ਦੁਨੀਆਂ ਵਿੱਚ ਹੀ ਸ਼ਾਮਲ ਹਨ) ਲਈ ਦੁਰਗਾ ਦੀਆਂ ਸਿਫ਼ਤਾਂ ਦਾ ਹੀ ਪਾਠ ਕਰਨ ਯੋਗ ਹੈ। 'ਜਾਪੁ' ਰਚਨਾ ਵਿੱਚ ਵੀ ਦੁਰਗਾ ਦਾ ਇਹੀ ਗੁਣ ਬਿਆਨ ਕਰਨ ਲਈ ਕਵੀ ਨੇ 'ਰਿਪੁ ਤਾਪਣੀ' ਦੀ ਥਾਂ 'ਰਿਪੁ ਤਾਪਨ' ਅਤੇ 'ਜਾਪਣੀ ਸਰਬ ਲੋਗਾ' ਦੀ ਥਾਂ 'ਜਗ ਜਾਪਹੀ ਜਿਹ ਜਾਪ' ਸ਼ਬਦ ਵਰਤੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਰੱਬ ਕਿਸੇ ਦਾ ਵੈਰੀ ਨਹੀਂ ਤੇ ਉਹ ਕਿਸੇ ਨੂੰ ਤਪਾਉਂਦਾ ਨਹੀਂ, ਜ਼ਾਲਮ ਨਹੀਂ। ਸਾਰੇ ਜੀਵ ਕੀਤੇ ਕਰਮਾ ਦਾ ਹੀ ਫਲ਼ ਭੋਗਦੇ ਹਨ। 'ਜਾਪੁ' ਵਿੱਚ ਇਹ ਗੁਣ ਰੱਬ ਦਾ ਨਹੀਂ, ਦੁਰਗਾ ਦਾ ਹੈ ਜਿਸ ਨੇ ਦੈਂਤਾਂ ਨੂੰ ਤਪਾਇਆ ਸੀ। ਕਵੀ ਕਹਿੰਦਾ ਹੈ ਕਿ ਦੁਰਗਾ ਨੂੰ ਸਾਰੇ ਲੋਕ ਜਪਦੇ ਹਨ ਕਿਉਂਕਿ ਕਵੀ ਦਾ ਇਸ਼ਟ ਹੀ ਦੁਰਗਾ ਹੈ, ਪਰ ਸਿੱਖ ਕੌਮ ਦਾ ਇਸ਼ਟ ਦੁਰਗਾ ਦੇਵੀ ਨਹੀਂ ਹੈ।

24. **ਚੰਡੀ ਚਰਿਤ੍** : ਥਪੇ ਖਾਪਣੀ ਥਾਪਣੀ ਸਰਬ ਸੋਗਾ।243।

**ਜਾਪੁ** : ਨਮੋ ਸਰਬ ਖਾਪੇ। ਨਮੋ ਸਰਬ ਥਾਪੇ।20।

**ਸੋਚ-ਵਿਚਾਰ** : ਚੰਡੀ ਚਰਿਤ੍ ਅਨੁਸਾਰ ਦੁਰਗਾ ਦੇਵੀ ਹੀ ਸੰਸਾਰ ਨੂੰ ਢਾਹੁੰਦੀ (ਖਾਪਣੀ) ਅਤੇ ਬਣਾਉਂਦੀ (ਥਾਪਣੀ) ਹੈ। 'ਜਾਪੁ' ਵਿੱਚ ਦੁਰਗਾ ਦੇ ਇਹੀ ਗੁਣ 'ਸਰਬ ਖਾਪੇ' ਅਤੇ 'ਸਰਬ ਥਾਪੇ' ਸ਼ਬਦਾਂ ਰਾਹੀ ਪ੍ਰਗਟ ਕੀਤੇ ਗਏ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਵੀ ਨੇ ਦੋਹਾਂ ਰਚਨਾਵਾਂ ਵਿੱਚ ਇੱਕ ਸਾਂਝਾ ਗੁਣ ਲਿਖਿਆ ਹੈ। ਇਹ ਗੁਣ ਹੈ– ਦੁਨੀਆਂ ਨੂੰ ਪੈਦਾ ਕਰਨਾ ਤੇ ਮਾਰਨਾ। 'ਚੰਡੀ ਚਰਿਤ੍' ਵਿੱਚ ਇਹ ਗੁਣ ਦੁਰਗਾ ਦਾ ਹੈ ਤੇ ਓਹੀ ਸ਼ਬਦ ਵਰਤ ਕੇ ਦੁਰਗਾ ਦਾ ਇਹ ਗੁਣ 'ਜਾਪੁ' ਵਿੱਚ ਵੀ ਲਿਖ ਦਿੱਤਾ ਹੈ। ਇਗ ਗੁਣ ਤਾਂ ਰੱਬ ਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ–

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ॥ –ਵਡਹੰਸ ਕੀ ਵਾਰ ਮਹਲਾ 4 (ਗਗਸ 594)

25. **ਚੰਡੀ ਚਰਿਤ੍** : ਨਮੋ ਪਾਰਬ੍ਰਹਮੀ ਹਰੀ ਸੀ ਮੁਕੰਦੀ।246।

---------------ਗੁਬਿੰਦੀ।239।

**ਜਾਪੁ** : ਗੁਬਿੰਦੇ ਮੁਕੰਦੇ।94।

**ਸੋਚ-ਵਿਚਾਰ** : 'ਚੰਡੀ ਚਰਿਤ੍' ਵਿੱਚ ਦੁਰਗਾ ਲਈ ਕਵੀ ਨੇ 'ਪਾਰਬ੍ਰਹਮੀ' (ਪ੍ਰਭੂ ), 'ਹਰੀ' (ਪ੍ਰਭੂ), 'ਗੁਬਿੰਦੀ' ਅਤੇ 'ਮੁਕੰਦੀ' (ਮੁਕਤੀ ਦਾਇਕ) ਸ਼ਬਦ ਵਰਤ ਕੇ ਨਮੋ ਕੀਤੀ ਹੈ। 'ਜਾਪੁ' ਵਿੱਚ 'ਮੁਕੰਦੀ' ਸ਼ਬਦ ਦੀ ਥਾਂ ਉਹੀ ਅਰਥਾਂ ਵਾਲ਼ਾ 'ਮੁਕੰਦੇ' ਸ਼ਬਦ ਵਰਤਿਆ ਹੈ ਅਤੇ 'ਗੁਬਿੰਦੀ' ਦੀ ਥਾਂ 'ਗੁਬਿੰਦੇ' ਹੈ, ਅਰਥ ਸਮਾਨ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਵੀ ਨੇ ਦੁਰਗਾ ਲਈ ਜੋ ਸ਼ਬਦ ਛੰਦ ਨੰਬਰ 246 ਵਿੱਚ ਲਿਖੇ 'ਚੰਡੀ ਚਰਿਤ੍' ਵਿੱਚ ਵਰਤੇ ਹਨ ਉਹੀ ਸ਼ਬਦ 'ਜਾਪੁ' ਵਿੱਚ ਵੀ ਉਨ੍ਹਾਂ ਹੀ ਅਰਥਾਂ ਵਿੱਚ ਵਰਤੇ ਹਨ। ਸਪੱਸ਼ਟ ਹੈ ਕਿ ਦੋਹਾਂ ਰਚਨਾਵਾਂ ਵਿੱਚ ਇੱਕੋ ਹੀ ਹਸਤੀ ਦੀ ਸਿਫ਼ਤਿ ਹੈ ਤੇ ਉਹ ਹੈ– ਦੁਰਗਾ ਮਾਈ ਪਾਰਬਤੀ ਜੋ ਕਵੀ ਦਾ

ਇਸ਼ਟ ਹੈ। ਜੇ ਇਹ ਗੁਣ 'ਜਾਪੁ' ਵਿੱਚ ਰੱਬ ਲਈ ਮੰਨ ਲਏ ਜਾਣ ਤਾਂ ਦੋ ਹਸਤੀਆਂ,ਦੁਰਗਾ ਅਤੇ ਰੱਬ, ਵਿੱਚ ਕੋਈ ਫ਼ਰਕ ਨਹੀਂ ਰਹਿੰਦਾ ਜੋ ਝੂਠ ਜੈ। ਗੁਰਬਾਣੀ ਵਿੱਚ ਇਹ ਸ਼ਬਦ (ਗੁਬਿੰਦੇ, ਮੁਕੰਦੇ) ਰੱਬ ਲਈ ਵਰਤੇ ਗਏ ਹਨ, ਦੁਰਗਾ ਦੇਵੀ ਲਈ ਨਹੀਂ-ਮੁਕੰਦ ਮੁਕੰਦ ਜਪਹੁ ਸੰਸਾਰ ॥ ਬਿਨੁ ਮੁਕੰਦ ਤਨੁ ਹੋਇ ਅਉਹਾਰੁ ॥

ਸੋਈ ਮੁਕੰਦੁ ਮੁਕਤਿ ਕਾ ਦਾਤਾ ॥ ਸੋਈ ਮੁਕੰਦੁ ਹਮਰਾ ਪਿਤ ਮਾਤਾ ॥1 ॥

ਜੀਵਤ ਮੁਕੰਦੇ ਮਰਤ ਮੁਕੰਦੇ ॥ ਤਾ ਕੇ ਸੇਵਕ ਕਉ ਸਦਾ ਅਨੰਦੇ ॥1 ॥ ਰਹਾਉ ॥ -ਗੌਂਡ ਭਗਤ ਰਵਿਦਾਸ ਜੀ (ਗਗਸ 875)

ਸੰਸਾਰੁ ਸਮੁੰਦੇ ਤਾਰਿ ਗੁਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥1 ॥ਰਹਾਉ ॥-ਬਸੰਤੁ ਨਾਮਦੇਉ ਜੀ (ਗਗਸ 1196)

26. **ਚੰਡੀ ਚਰਿਤ੍ਰ** : ਨਮੋ ਚਰਬਣੀ ਸਰਬ ਧਰਮੰ ਧੁਜਾਯੰ ।248।

**ਜਾਪੁ** : ਕਿ ਧਰਮੰ ਧੁਜਾ ਹੈਂ ।105।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ/ਸ਼ਿਵਾ (ਕਪਾਲੀ ਨਮੋ ਭਦ੍ਰਕਾਲੀ ਸ਼ਿਵਾਯੰ ।247।) ਸ਼ਿਵਾਯੰ- ਦੁਰਗਾ ਦਾ ਨਾਂ ਸ਼ਿਵਾ ਵੀ ਹੈ ਤੇ 'ਦੇਹ ਸ਼ਿਵਾ ਬਰ ਮੋਹਿ' ਵਾਲ਼ੀ ਰਚਨਾ ਵਿੱਚ 'ਸ਼ਿਵਾ' ਦੁਰਗਾ ਹੀ ਹੈ ਜਿਸ ਤੋਂ ਦੁਰਗਾ ਪੂਜਕ ਕਵੀ ਨੇ ਵਰ ਮੰਗਿਆ ਹੈ, 'ਸ਼ਿਵਾ' ਰੱਬ ਨਹੀਂ। ਨੂੰ 'ਧਰਮੰ ਧੁਜਾ' - ਧਰਮ ਲਈ ਸ਼ੋਭਨੀਕ ਕਹਿ ਕੇ ਨਮੋ ਕੀਤੀ ਹੈ। 'ਜਾਪੁ' ਵਿੱਚ ਦੁਰਗਾ ਦਾ ਹੂ-ਬ-ਹੂ ਇਹੀ ਗੁਣ 'ਧਰਮੰ ਧੁਜਾ' ਲਿਖ ਕੇ ਬਿਆਨ ਕੀਤਾ ਹੈ। ਦੋਹਾਂ ਰਚਨਾਵਾਂ ਵਿੱਚ ਇਕੋ ਹਸਤੀ ਨੂੰ 'ਧਰਮੰ ਧੁਜਾ' ਕਿਹਾ ਗਿਆ ਹੈ ਤੇ ਉਹ ਹਸਤੀ ਸਪੱਸ਼ਟ ਤੌਰ ਤੇ 'ਚੰਡੀ ਚਰਿਤ੍ਰ' ਦੀ ਦੁਰਗਾ ਹੀ ਹੈ, ਕੋਈ ਰੱਬ ਨਹੀਂ ਹੈ। ਦੁਰਗਾ ਦਾ 'ਧਰਮੰ ਧੁਜਾ' ਦਾ ਗੁਣ ਦੋਵੇਂ ਰਚਨਾਵਾਂ ਵਿੱਚ ਸਮਾਨ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਰੱਬ ਨੂੰ ਕਿਸੇ ਧਰਮ ਨਾਲ਼ ਨਹੀਂ ਬੰਨ੍ਹਿਆਂ ਜਾ ਸਕਦਾ ਤੇ ਨਾ ਹੀ ਉਹ ਕਿਸੇ ਵਿਸ਼ੇਸ਼ ਧਰਮ ਦੀ ਧੁਜਾ ਹੈ। 'ਧਰਮ ਧੁਜਾ' ਸ਼ਬਦਾਂ ਦੀ ਗੁਰਬਾਣੀ ਵਿੱਚ ਵਰਤੋਂ-

ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ ॥

-ਪੰਨਾ (ਗਗਸ 1306)

**ਅਰਥ** - ਤੀਜੇ ਗੁਰੂ ਜੀ ਦਾ ਧੀਰਜ ਹੀ ਸਫ਼ੈਦ ਝੰਡਾ ਹੈ ਜੋ ਸਿੱਖਾਂ ਦੀ ਅਗਵਾਈ ਕਰ ਰਿਹਾ ਹੈ।

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤ੍ਰੰਗ ਨਿਵਾਰਨ ਕਉ ॥ -ਪੰਨਾ (ਗਗਸ 404)

**ਅਰਥ** - ਧ੍ਰੰਮ ਧੁਜਾ- ਸ੍ਰੀ ਗੁਰੂ ਰਾਮਦਾਸ ਜੀ ਦਾ ਨਾਮ-ਸਿਮਰਨ ਰੂਪ ਧਰਮ ਦਾ ਝੰਡਾ ਹੀ ਧ੍ਰੰਮ ਧੁਜਾ ਹੈ।

ਕੁਲਿ ਸੋਧੀ ਗੁਰ ਰਾਮਦਾਸ ਤਨੁ ਧਰਮ ਧੁਜਾ ਅਰਜੁਨੁ ਹਰਿ ਭਗਤਾ ॥ (ਗਗਸ 1407)

**ਅਰਥ** - ਧਰਮ ਧੁਜਾ- ਪੰਜਵੇਂ ਗੁਰੂ ਜੀ ਹਰੀ ਦੇ ਭਗਤ ਹਨ ਤੇ ਨਾਮ-ਸਿਮਰਨ ਉਨ੍ਹਾਂ ਦਾ 'ਧਰਮ ਧੁਜਾ' ਹੈ।

27. **ਚੰਡੀ ਚਰਿਤ੍ਰ** : ਨਮੋ ਇੰਦ੍ਰ ਊਰਧਾ ਨਮੋ ਦਾੜ ਗੂੜੰ।

**ਜਾਪੁ** : ਨਮੋ ਇੰਦ੍ਰ ਇੰਦ੍ਰੇ ।185।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ 'ਇੰਦ੍ਰ ਊਰਧਾ' ਰਾਹੀ ਦੱਸਿਆ ਹੈ ਕਿ ਦੁਰਗਾ ਹੀ ਇੰਦ੍ਰ ਨੂੰ ਸ਼ਕਤੀ ਦੇਣ ਵਾਲ਼ੀ, ਭਾਵ, ਇੰਦ੍ਰਾਂ ਦੀ ਇੰਦ੍ਰ ਹੈ। ਇੰਦ੍ਰ ਤੋਂ ਵੱਡੀ ਹੈ। 'ਜਾਪੁ' ਵਿੱਚ ਦੁਰਗਾ ਦਾ ਇਹ ਹੀ ਗੁਣ ਸਿੱਧੇ ਤੌਰ ਤੇ 'ਨਮੋ ਇੰਦ੍ਰ ਇੰਦ੍ਰੇ' ਕਰਕੇ ਲਿਖਿਆ ਗਿਆ ਹੈ ਕਿਉਂਕਿ ਇੰਦ੍ਰ ਨੂੰ ਹੀ ਦੁਰਗਾ ਨੇ, ਦੈਂਤਾਂ ਵਲੋਂ ਖੋਹਿਆ ਉਸ ਦਾ ਰਾਜ, ਵਾਪਸ ਕਰਵਾਇਆ ਸੀ। ਕਵੀ ਲਈ ਦੁਰਗਾ 'ਧਰਮੰ ਧੁਜਾਯੰ' ਹੈ ਤੇ ਉਹ ਝੰਡਾ ਚੁੱਕੀ ਜੰਗ ਵਿੱਚ ਲੜਦੀ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਗੁਰ ਸਿੱਖਾਂ ਲਈ ਗੁਰੂ ਜੀ ਵਲੋਂ ਅਗਵਾਈ ਅਤੇ ਨਾਮ-ਸਿਮਰਨ ਹੀ ਧਰਮ ਦਾ ਝੰਡਾ ਹੈ। ਭੱਟ ਕਵੀਆਂ ਨੇ 'ਧਰਮ ਧੁਜਾ' ਸ਼ਬਦ ਗੁਰੂ ਸਾਹਿਬਾਨ ਲਈ ਵਰਤੇ ਹਨ ਤੇ 'ਚੰਡੀ ਚਰਿਤ੍ਰ' ਦੇ ਕਵੀ ਨੇ ਦੁਰਗਾ ਲਈ। ਸਿੱਖ ਦੁਰਗਾ ਦੇ ਪੁਜਾਰੀ ਨਹੀਂ।

28. **ਚੰਡੀ ਚਰਿਤ੍ਰ** : ਸੁਭਾ ਸੁਆਮਣੀ ਸ੍ਰਿਸਟਜਾ ਸਤ੍ਰ ਹੰਤੀ ।250।

**ਜਾਪੁ** : ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ।83। ਜਗ ਕੇ ਕਰਨ ਹੈਂ ।173।

**ਸੋਚ-ਵਿਚਾਰ** : ਦੁਰਗਾ ਨੂੰ ਸ੍ਰਿਸਟਜਾ (ਜੱਗ ਨੂੰ ਪੈਦਾ ਕਰਨ ਵਾਲ਼ੀ) ਕਹਿ ਕੇ 'ਚੰਡੀ ਚਰਿਤ੍ਰ' ਵਿੱਚ ਉਸ ਦੀ ਵਡਿਆਈ ਕੀਤੀ ਹੈ। 'ਜਾਪੁ' ਵਿੱਚ 'ਸਰਬ ਬਿਸ੍ਵ ਰਚਿਓ' ਅਤੇ 'ਜਗ ਕੇ ਕਰਨ ਹੈਂ' ਲਿਖ ਦੇ ਦੁਰਗਾ ਦੇ ਜਗਤ ਰਚਨਾ ਕਰਨ ਦੇ ਗੁਣ ਨੂੰ ਹੀ ਬਿਆਨ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਵੀ ਦੁਰਗਾ ਨੂੰ 'ਜਗਤ ਕਰਤਾ' ਮੰਨ ਕੇ ਉਸ ਦੀ ਸਿਫ਼ਤਿ ਕਰਦਾ ਹੈ। ਗੁਰਬਾਣੀ ਇਹ ਨਹੀਂ ਮੰਨਦੀ ਕਿਉਂਕਿ 'ਕਰਤਾ ਪੁਰਖੁ' ਕੇਵਲ ਰੱਬ ਹੈ, ਦੁਰਗਾ ਨਹੀਂ। ਦੇਵੀਆਂ ਅਤੇ ਦੇਵਤੇ ਰੱਬ ਤੋਂ ਵੱਡੇ ਨਹੀਂ ਹਨ।

29. **ਚੰਡੀ ਚਰਿਤ੍ਰ** : ਪਵਿਤ੍ਰੀ ਪੁਨੀਤਾ ਪੁਰਾਣੀ ਪਰੇਯੰ ।251।

**ਜਾਪੁ** : ਪੁਨੀਤ ਮੂਰਤਿ- ।83 ।ਆਦਿ ਰੂਪ- ।79। ਨ੍ਰਿਬੂਝ ਹੈਂ। ਅਸੂਝ ਹੈਂ ।37।

**ਸੋਚ-ਵਿਚਾਰ** : ਚੰਡੀ ਚਰਿਤ੍ਰ ਵਿਚ ਦੁਰਗਾ ਨੂੰ 'ਪਵਿਤ੍ਰੀ

ਪੁਨੀਤਾ' (ਸ਼ੁੱਧ ਸਰੂਪ), 'ਪੁਰਾਣੀ' (ਪੁਰਾਤਨ ਹੈ ਦੁਰਗਾ) ਅਤੇ 'ਪਰੇਯੰ' (ਸਮਝ ਤੋਂ ਪਰੇ ਦੁਰਗਾ) ਲਿਖਿਆ ਗਿਆ ਹੈ। 'ਜਾਪੁ' ਵਿੱਚ ਉਸੇ ਦੁਰਗਾ ਦੇ ਇਨ੍ਹਾਂ ਗੁਣਾਂ ਨੂੰ 'ਪੁਨੀਤ ਮੂਰਤਿ', 'ਆਦਿ ਰੂਪ' (ਪੁਰਾਣੀ), 'ਨ੍ਰਿਬੂਝ' ਅਤੇ 'ਅਸੂਝ' (ਸਮਝ ਤੋਂ ਪਰੇ) ਆਦਿਕ ਸਮਾਨਾਰਥਕ ਸ਼ਬਦ ਵਰਤ ਕੇ ਪ੍ਰਗਟ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਗੁਣਾ ਵਿੱਚ ਰੱਬ ਦੀ ਬਰਾਬਰੀ ਨਹੀਂ ਕਰ ਸਕਦੀ। ਇਨ੍ਹਾਂ ਛੰਦਾਂ ਵਿੱਚ ਲਿਖੇ ਗੁਣ ਦੁਰਗਾ ਨਾਲਿ ਨਹੀਂ ਜੋੜੇ ਜਾ ਸਕਦੇ।ਾਵੇਂ ਕਵੀ ਨੇ ਦੁਰਗਾ ਨਾਲਿ ਜੋੜ ਕੇ ਲਿਖੇ ਹਨ। ਸਿੱਖ ਲਈ ਦੁਰਗਾ ਦੀ ਪੂਜਾ ਰੱਬ ਦੀ ਪੂਜਾ ਨਹੀਂ ਹੈ।

30. **ਚੰਡੀ ਚਰਿਤ੍ਰ** : ਪ੍ਰਭੀ ਪੂਰਣੀ ਪਾਰਬ੍ਰਹਮੀ ਅਜੈਯੰ ।251।

**ਜਾਪੁ** : ਕਿ ਬਿਭੂਤਿ ਕਰਨੈ ।104।

**ਸੋਚ-ਵਿਚਾਰ** : ਚੰਡੀ ਚਰਿਤ੍ਰ ਵਿੱਚ ਦੁਰਗਾ ਨੂੰ ਪ੍ਰਭੀ (ਪ੍ਰਭਤਾ ਵਾਲ਼ੀ) ਅਤੇ 'ਜਾਪੁ' ਵਿੱਚ ਦੁਰਗਾ ਦੇ ਇਸੇ ਗੁਣ ਨੂੰ 'ਬਿਭੂਤਿ ਕਰਨੈ' ਲਿਖਿਆ ਹੈ। ਬਾਕੀ ਸ਼ਬਦ, ਵਿਚਾਰੇ ਜਾ ਚੁੱਕੇ ਹਨ, ਜਿਵੇਂ ਦੁਰਗਾ ਦੇ 'ਅਜੈਯੰ' ਗੁਣ ਨੂੰ 'ਜਾਪੁ' ਵਿੱਚ 'ਅਜੈ', 'ਅਗੰਜ' ਆਦਿਕ ਸ਼ਬਦਾਂ ਨਾਲ਼ ਬਿਆਨ ਕੀਤਾ ਗਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : 'ਚੰਡੀ ਚਰਿਤ੍ਰ' ਵਾਲ਼ੇ ਦੁਰਗਾ ਦੇ ਗੁਣ 'ਜਾਪੁ' ਵਿੱਚ ਵੀ ਪ੍ਰਗਟ ਕੀਤੇ ਹਨ। ਸਿੱਖੀ ਵਿੱਚ ਰੱਬ ਹੀ ਪ੍ਰਭੂ ਹੈ, ਪੂਰਨ ਹੈ ਤੇ ਪਾਰਬ੍ਰਹਮ ਹੈ, ਦੁਰਗਾ ਦੇਵੀ ਨਹੀਂ।

31. **ਚੰਡੀ ਚਰਿਤ੍ਰ** : ਅਰੂਪੰ ਅਨੂਪੰ ਅਨਾਮੰ ਅਠਾਮੰ ।251।

**ਜਾਪੁ** : ਅਰੂਪ ਹੈਂ। ਅਨੂਪ ਹੈਂ ।29। ਨਮਸਤੰ ਅਨਾਮੇ। ਨਮਸਤੰ ਅਠਾਮੇ ।4। ਨਮਸਤੰਵ ਅਰੂਪੇ। ਨਮਸਤੰਵ ਅਨੂਪੇ ।2।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਅਰੂਪੰ ਅਨੂਪੰ ਅਨਾਮੰ ਅਠਾਮੰ' ਲਿਖ ਕੇ ਕਵੀ ਨੇ ਦੱਸਿਆ ਹੈ ਕਿ ਦੁਰਗਾ ਦੇਵੀ ਜਿਹਾ ਕੋਈ ਸੁੰਦਰ ਨਹੀਂ ਤੇ ਦੁਰਗਾ ਦੀ ਕਿਸੇ ਨਾਲ਼ ਤੁਲਨਾ ਨਹੀਂ ਹੋ ਸਕਦੀ, ਕਿਉਂਕਿ ਦੁਰਗਾ ਵਰਗਾ ਦੁਨੀਆਂ ਉੱਤੇ ਹੋਰ ਕੋਈ ਨਹੀਂ ਹੈ, ਦੁਰਗਾ ਦਾ ਕੋਈ ਨਾਂ ਨਹੀਂ (ਨਿਰੀ ਗੱਪ ਹੈ, ਕਿਉਂਕਿ ਨਾਂ ਤਾਂ 'ਦੁਰਗਾ' ਹੀ ਪੱਕਾ ਹੈ, ਤੇ ਕਵੀ ਕਹਿੰਦਾ ਹੈ ਕਿ ਦੁਰਗਾ ਦਾ ਨਾਂ ਕੋਈ ਨਹੀਂ) ਅਤੇ ਦੁਰਗਾ ਦਾ ਕੋਈ ਖ਼ਾਸ ਟਿਕਾਣਾ ਨਹੀਂ ਹੈ (ਭਾਵੇਂ ਗੁਰਮਤਿ ਅਨੁਸਾਰ ਇਹ ਨਿਰੀਆਂ ਗੱਪਾਂ ਹਨ, ਕਿਉਂਕਿ ਕੈਲਾਸ਼ ਪਰਬਤ ਨੂੰ ਦੁਰਗਾ ਦਾ ਟਿਕਾਣਾ ਹੀ ਮੰਨਿਆਂ ਜਾਂਦਾ ਹੈ)। 'ਜਾਪੁ' ਵਿੱਚ ਦੁਰਗਾ ਦੇ ਇਨ੍ਹਾਂ ਗੁਣਾਂ ਨੂੰ ਕਵੀ ਨੇ ਫਿਰ ਉਨ੍ਹਾਂ ਸ਼ਬਦਾਂ ਨਾਲ਼ ਹੀ ਵਡਿਆਇਆ ਹੈ ਜੋ 'ਚੰਡੀ ਚਰਿਤ੍ਰ' ਵਿੱਚ ਵਰਤੇ ਹਨ। ਜਿਵੇਂ 'ਜਾਪੁ' ਵਿੱਚ ਕਵੀ, ਦੁਰਗਾ ਦੇ ਗੁਣ ਬਿਆਨ ਕਰਦਿਆਂ, ਲਿਖਦਾ ਹੈ – "ਅਰੂਪ ਹੈਂ, ਅਨੂਪ ਹੈਂ, ਅਨਾਮੇ, ਅਠਾਮੇ, ਅਰੂਪੇ ਅਤੇ ਅਨੂਪੇ"। ਇਹ ਦੁਰਗਾ ਦੇ ਹੀ ਗੁਣ ਹਨ ਜੋ 'ਚੰਡੀ ਚਰਿਤ੍ਰ' ਵਿੱਚ ਬਿਆਨ ਕੀਤੇ ਗਏ ਹਨ। 'ਜਾਪੁ' ਵਿੱਚ ਦੁਰਗਾ ਤੋਂ ਬਿਨਾਂ ਕੋਈ ਕਿਸੇ ਹੋਰ ਹਸਤੀ ਦੀ ਵਡਿਆਈ ਹੈ ਹੀ ਨਹੀਂ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਵੀ ਨੇ ਦੁਰਗਾ ਲਈ 'ਅਰੂਪੰ, ਅਨੂਪੰ, ਅਨਾਮੇ, ਅਠਾਮੇ' ਸ਼ਬਦ ਵਰਤੇ ਹਨ ਜੋ 'ਚੰਡੀ ਚਰਿਤ੍ਰ' ਅਤੇ 'ਜਾਪੁ' ਦੋਹਾਂ ਵਿੱਚ ਹਨ। ਸਪੱਸ਼ਟ ਹੈ ਕਿ 'ਜਾਪੁ' ਦੀ ਹਸਤੀ ਰੱਬ ਨਹੀਂ, ਸਗੋਂ ਦੁਰਗਾ ਹੀ ਹੈ। ਕਵੀ ਨੇ ਦੁਰਗਾ ਨੂੰ ਹੀ ਰੱਬ ਦੇ ਗੁਣਾਂ ਵਾਲ਼ੀ ਮੰਨਿਆਂ ਹੈ। ਗੁਰਬਾਣੀ ਅਨੁਸਾਰ ਦੁਰਗਾ ਰੱਬ ਨਹੀਂ ਹੈ ਤੇ ਰੱਬ ਤੋਂ ਵੱਡਾ ਹੋਰ ਕੋਈ ਨਹੀਂ ਹੈ–

ਮੈ ਚਾਰੇ ਕੁੰਡਾ ਭਾਲੀਆਂ ਤੁਧੁ ਜੇਵਡੁ ਨ ਸਾਈਆ॥ ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੁਸਾਈਆ॥ –ਡਖਣੇ ਮਹਲਾ 5

32. **ਚੰਡੀ ਚਰਿਤ੍ਰ** : ਅਭੀਅੰ ਅਜੀਤੰ ਮਹਾ ਧਰਮ ਧਾਮੰ ।251।

**ਜਾਪੁ** : ਨਮਸਤੰ ਅਜੀਤੇ ।ਨਮਸਤੰ ਅਭੀਤੇ ।6।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਲਈ 'ਅਭੀਅੰ' ਤੇ 'ਅਜੀਤੰ' ਅਤੇ 'ਜਾਪੁ' ਵਿੱਚ 'ਅਭੀਤੇ' ਤੇ 'ਅਜੀਤੇ' ਸ਼ਬਦ ਵਰਤੇ ਹਨ, ਅਰਥ ਸਮਾਨ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਅਤੇ ਰੱਬ ਬਰਾਬਰ ਨਹੀਂ ਹਨ। ਗਰਬਾਣੀ ਦਾ ਫ਼ੁਰਮਾਨ ਹੈ–

ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥–––ਰਾਮਕਲੀ ਮਹਲਾ 5 (ਗਗਸ 894)

33. **ਚੰਡੀ ਚਰਿਤ੍ਰ** : ਅਛੇਦੰ ਅਭੇਦੰ ਅਕਰਮੰ ਸੁਧਰਮੰ ।252।

**ਜਾਪੁ** : ਅਛੇਦੀ ਅਭੇਦੀ ਅਨਾਮੰ ਅਕਾਮੰ ।61 ।ਨਮਸਤੰ ਅਛੇਦੇ ।7।

ਅਭੇਦ ਹੈਂ ਅਭੰਗ ਹੈਂ ।124।–ਸੁਧਰਮੰ ਬਿਭੂਤੇ ।197।––ਦੇਵੇ ਸੁਧਰਮੇ ।54।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਅਛੇਦੰ' (ਨਾ ਕੱਟੇ ਜਾਣ ਯੋਗ) 'ਅਕਰਮੰ' (ਕਿਸੇ ਕਰਮ ਦੀ ਲੋੜ ਨਹੀਂ ) ਅਤੇ 'ਸੁਧਰਮੰ' (ਦੁਰਗਾ ਮਾਈ ਫ਼ਰਜ਼ਸ਼ਨਾਸ ਹੈ) ਕਰਕੇ ਲਿਖਿਆ ਹੈ। 'ਜਾਪੁ' ਵਿੱਚ ਵੀ ਦੁਰਗਾ ਦੇ ਇਹੀ ਗੁਣ ਦੁਹਰਾਏ ਗਏ ਹਨ ਤੇ ਸ਼ਬਦ ਵੀ ਉਹੀ ਵਰਤੇ ਹਨ ਜਾਂ ਉਨ੍ਹਾਂ ਦੇ ਸਮਾਨਾਰਥਕ ਵਰਤੇ ਹਨ, ਜਿਵੇਂ, 'ਅਛੇਦੀ', 'ਅਭੇਦੀ', 'ਅਛੇਦੇ', 'ਅਭੇਦ', 'ਸੁਧਰਮੰ', 'ਸੁਧਰਮੇ' ਆਦਿਕ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਜੋ ਗੁਣ ਰੱਬ ਦੇ ਹਨ (ਅਛੇਦੇ ਅਭੇਦੇ ਆਦਿਕ) ਕਵੀ ਨੇ 'ਚੰਡੀ ਚਰਿਤ੍ਰ' ਵਿੱਚ ਇਨ੍ਹਾਂ ਨੂੰ

ਦੁਰਗਾ ਮਾਈ ਦੇ ਗੁਣ ਦੱਸ ਕੇ ਉਸ ਦੀ ਸਿਫ਼ਤਿ ਕੀਤੀ ਹੈ। ਉਸੇ ਕਵੀ ਨੇ 'ਜਾਪੁ' ਰਚਨਾ ਵਿੱਚ ਵੀ ਆਪਣੇ ਇਸ਼ਟ (ਦੁਰਗਾ) ਦੀ ਸਿਫ਼ਤਿ ਵਿੱਚ ਬਿਲਕੁਲ ਉਹੀ ਗੁਣ ਲਿਖੇ ਹਨ। ਆਪਣੇ ਇਸ਼ਟ ਦੇ ਪਿਆਰ ਵਿੱਚ ਪੱਕਾ ਸ਼ਰਧਾਲੂ ਆਪਣੇ ਇਸ਼ਟ ਦੇ ਗੁਣ ਦੂਜਿਆਂ ਵਿੱਚ ਨਹੀਂ ਦੇਖਦਾ, ਤੇ ਨਾ ਹੀ ਉਨ੍ਹਾਂ ਦੇ ਨਾਂ ਨਾਲ਼ ਜੋੜਦਾ ਹੁੰਦਾ ਹੈ। ਇਸੇ ਕਰਕੇ ਕਵੀ ਨੇ 'ਜਾਪੁ' ਵਿੱਚ ਵੀ ਦੁਰਗਾ ਦੇ ਹੀ 'ਚੰਡੀ ਚਰਿਤ੍ਰ' ਵਾਲ਼ੇ ਗੁਣ ਲਿਖੇ ਹਨ। ਗੁਰਮਤਿ ਇਹ ਨਹੀਂ ਮੰਨਦੀ ਕਿ ਰੱਬ ਅਤੇ ਦੁਰਗਾ ਬਰਾਬਰ ਹਨ।

34. **ਚੰਡੀ ਚਰਿਤ੍ਰ** : ਅਜੇਯੰ ਅਭੇਯੰ ਨਿਰੰਕਾਰ ਨਿਤਯੰ ।252।

**ਜਾਪੁ** : ਚਿਹਨ ਅਰੁ ਬਰਨ ਜਾਤਿ ਅਰੁ ਪਾਤ ਨਹਿਨ ਜਿਹ ।1।

ਸਦੈਵੰ ਸਰੂਪ ਹੈਂ ।126। ਸਦੈਵੰ ਸਦਾ ਹੈਂ ।131। ਨਮੋ ਨਿਤ ਨਾਰਾਇਣੇ– ।54।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਅਜੇਯੰ' (ਅਜਿੱਤ), 'ਅਭੇਅੰ' (ਅਭੇਦ), 'ਨਿਰੰਕਾਰ' (ਬਿਨਾ ਕਿਸੇ ਚੱਕ੍ਰ ਚਿਹਨ ਦੇ, ਬਿਨਾ ਸ਼ਕਲ, ਬਿਨਾਂ ਜਾਤਿ, ਬਿਨਾਂ ਬਰਨ ਅਤੇ ਚਿਹਨ), 'ਨਿਤਯੰ' (ਨਾ ਮਰਨ ਵਾਲ਼ੀ) ਲਿਖਿਆ ਹੈ। ਦੁਰਗਾ ਦੇ ਇਹੀ ਗੁਣ 'ਜਾਪੁ' ਵਿੱਚ 'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤ ਨਹਿਨ ਜਿਹ।', 'ਸਦੈਵੰ ਸਰੂਪ' (ਸਦਾ ਅਟੱਲ), 'ਸਦੈਵੰ ਸਦਾ'( ਨਾ ਮਰਨ ਯੋਗ), 'ਨਿੱਤ ਨਾਰਾਇਣੇ' (ਸਦਾ ਅਟੱਲ) ਕਰਕੇ ਲਿਖੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : 'ਨਿਰੰਕਾਰ', 'ਨਿੱਤਯੰ', 'ਸਦੈਵੰ ਸਦਾ' ਆਦਿਕ ਗੁਣ ਰੱਬ ਦੇ ਹਨ, ਜੋ ਕਵੀ ਨੇ 'ਚੰਡੀ ਚਰਿਤ੍ਰ' ਵਿੱਚ ਦੁਰਗਾ ਮਾਈ ਲਈ ਵਰਤੇ ਹਨ। ਇਸ ਤੋਂ ਸਪੱਸ਼ਟ ਹੈ ਕਿ ਕਵੀ ਦੁਰਗਾ ਦਾ ਪੁਜਾਰੀ ਹੈ, ਰੱਬ ਦਾ ਨਹੀਂ। ਦੁਰਗਾ ਦਾ ਪੁਜਾਰੀ 'ਜਾਪੁ' ਵਿੱਚ ਰੱਬ ਦੀਆਂ ਸਿਫ਼ਤਾਂ ਨਹੀਂ ਲਿਖ ਸਕਦਾ। ਵਰਤੇ ਗੁਣ-ਵਾਚਕ ਸ਼ਬਦਾਂ ਦੀ ਸਾਂਝ ਇਹੀ ਪ੍ਰਗਟ ਕਰਦੀ ਹੈ ਕਿ ਦੋਹਾਂ ਰਚਨਾਵਾਂ ਦਾ ਲਿਖਾਰੀ ਇੱਕੋ ਹੈ। ਗੁਰਬਾਣੀ ਅਨੁਸਾਰ ਕੋਈ ਦੇਵੀ ਜਾਂ ਦੇਵਤਾ ਰੱਬ ਨਹੀਂ ਹੋ ਸਕਦਾ। ਗੁਰਬਾਣੀ ਦਾ ਫ਼ੁਰਮਾਨ ਹੈ–

ਹਉ ਤਉ ਏਕੁ ਰਾਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥ --ਗੋਂਡ ਨਾਮ ਦੇਵ ਜੀ ( 874)

**ਅਰਥ** - ਇੱਕ ਰੱਬ ਦੇ ਸਾਮ੍ਹਣੇ ਸਾਰੇ ਹੀ ਦੇਵਤੇ ਤੁੱਛ ਹਨ।

35. **ਚੰਡੀ ਚਰਿਤ੍ਰ** : ਨਿਰੂਪੰ ਨਿਰਬਾਣੰ ਨਮਿਤਯੰ ਅਕ੍ਰਿਤਯੰ ।252।

**ਜਾਪੁ** : ਅਰੂਪ ਹੈਂ ।29। ਅਰੂਪੇ ਅਨੂਪੇ ।58। ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ।1। ਅਕਾਮ ਹੈਂ ।30। -- ਅਨਾਮੰ ਅਕਾਮੰ ।61। ਸਰਬ ਬਿਸ੍ਵ ਰਚਿਓ ਸੁਯੰਭਵ– ।83। ਸੁਯੰਭਵ ਸੁਭੰ– ।199।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਨਿਰੂਪੰ' ਤੇ 'ਜਾਪੁ' ਵਿੱਚ 'ਅਰੂਪ ਹੈਂ' ਤੇ 'ਅਰੂਪੇ' ਕਿਹਾ ਹੈ। 'ਚੰਡੀ ਚਰਿਤ੍ਰ' ਵਿੱਚ ਦੁਰਗਾ ਨੂੰ 'ਨਿਰਬਾਣੰ' ਤੇ 'ਜਾਪੁ' ਵਿੱਚ 'ਅਕਾਮ ਹੈਂ' ਤੇ 'ਅਕਾਮੰ' ਕਿਹਾ ਹੈ। ਦੁਰਗਾ ਨੂੰ 'ਚੰਡੀ ਚਰਿਤ੍ਰ' ਵਿੱਚ 'ਅਕ੍ਰਿਤਯੰ' (ਜੋ ਆਪ ਹੀ ਪ੍ਰਗਟ ਹੋਵੇ, ਜੋ ਕਿਸੇ ਦੀ ਕਿਰਤ ਨਹੀਂ) ਲਿਖਿਆ ਹੈ ਤੇ 'ਜਾਪੁ' ਵਿੱਚ ਸਮਾਨ ਅਰਥਾਂ ਵਿੱਚ 'ਸੁਯੰਭਵ' ਲਿਖਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਦੇ ਗੁਣਾਂ ਨੂੰ ਕਵੀ ਨੇ ਰੱਬ ਦੇ ਗੁਣਾਂ ਨਾਲ਼ ਜੋੜ ਕੇ ਪੇਸ਼ ਕੀਤਾ ਹੈ ਜੋ ਗੁਰਬਾਣੀ ਪ੍ਰਵਾਨ ਨਹੀਂ ਕਰਦੀ। 'ਚੰਡੀ ਚਰਿਤ੍ਰ' ਤੇ 'ਜਾਪੁ' ਵਿੱਚ ਵਰਣਤ ਹਸਤੀ ਦੇ ਗੁਣ ਸਾਂਝੇ ਹਨ। ਕਿਉਂਕਿ ਚੰਡੀ ਚਰਿਤ੍ਰ' ਵਿੱਚ ਇਹ ਗੁਣ ਦੁਰਗਾ ਮਾਈ ਦੇ ਕਰਕੇ ਪ੍ਰਗਟ ਕੀਤੇ ਹਨ, ਇਸ ਲਈ 'ਜਾਪੁ' ਵਿੱਚ ਲਿਖੇ ਓਹੀ ਗੁਣ ਵੀ ਦੁਰਗਾ ਮਾਈ ਦੇ ਹੀ ਹਨ। ਦੁਰਗਾ ਨੂੰ ਕਵੀ 'ਅਰੂਪ' ਤੇ 'ਅਨੂਪ' ਮੰਨਦਾ ਹੈ ਰੱਬ ਨੂੰ ਨਹੀਂ। ਰੱਬ ਤੇ ਦੁਰਗਾ ਬਰਾਬਰ ਨਹੀਂ ਹਨ।

36. **ਚੰਡੀ ਚਰਿਤ੍ਰ** : ਨਮੋ ਸਤ੍ਰੁ ਚਰਬਾਇਣੀ ਗਰਬ ਹਰਣੀ ।253।

**ਜਾਪੁ** : ਗਰਬ ਗੰਜਨ– ।85 ।ਅਰਿ ਘਾਲਯ ਹੈਂ ।171।

**ਸੋਚ-ਵਿਚਾਰ** : ਚੰਡੀ ਚਰਿਤ੍ਰ ਵਿੱਚ ਦੁਰਗਾ ਸਤ੍ਰੁ ਚਰਬਾਇਣੀ (ਦੁਸ਼ਮਨਾ ਨੂੰ ਚੱਬਣ ਵਾਲ਼ੀ) ਹੈ ਤੇ 'ਜਾਪੁ' ਵਿੱਚ 'ਅਰਿ ਘਾਲਯ' (ਦੁਸ਼ਮਨਾ ਨੂੰ ਮਾਰਨ ਯੋਗ) ਹੈ। 'ਚੰਡੀ ਚਰਿਤ੍ਰ' ਵਿੱਚ ਦੁਰਗਾ 'ਗਰਬ ਹਰਣੀ' (ਹੰਕਾਰ ਭੰਨਣ ਯੋਗ) ਹੈ ਤੇ 'ਜਾਪੁ' ਵਿੱਚ ਦੁਰਗਾ 'ਗਰਬ ਗੰਜਨ' (ਹੰਕਾਰ ਭੰਨਣ ਯੋਗ) ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਤਾਂ ਦੁਰਗਾ ਹੈ ਤੇ ਰੱਬ ਵੀ ਰੱਬ ਹੈ। ਰੱਬ ਜਿਹਾ ਕੋਈ ਹੋਰ ਨਹੀਂ ਹੈ। 'ਅਰਿ ਘਾਲਯ' ਹੈਂ ਗੁਣ ਦੋਹਾਂ ਰਚਨਾਵਾਂ ਵਿੱਚ ਸਾਂਝਾ ਹੈ। ਇਹ ਸਾਂਝਾ ਇਸ ਵਜਹ ਕਰਕੇ ਹੈ ਕਿ ਰੱਬ 'ਅਰਿ ਘਾਲਯ' ਨਹੀਂ ਹੈ। ਰੱਬ ਦਾ ਕੋਈ ਦੁਸਮਣ ਨਹੀਂ ਹੈ, ਨਾਲ਼ੇ ਦੁਸ਼ਮਣਾਂ ਨੂੰ ਉਹ ਮਾਰਦਾ ਹੈ ਜਿਸ ਨੂੰ ਉਨ੍ਹਾਂ ਤੋਂ ਡਰ ਹੋਵੇ। ਰੱਬ ਤਾਂ 'ਨਿਰਭਉ' ਹੈ। ਸਪੱਸ਼ਟ ਹੈ ਕਿ 'ਜਾਪੁ' ਵਿੱਚ ਤੇ 'ਚੰਡੀ ਚਰਿਤ੍ਰ' ਵਿੱਚ 'ਸ਼ਤ੍ਰੁ ਚਰਬਾਇਣੀ', 'ਦੁਸ਼ਟ ਭੰਜਨ', 'ਅਰਿ ਘਾਲਯ' ਅਦਿਕ ਸ਼ਬਦ ਕੇਵਲ ਦੁਰਗਾ ਲਈ ਹੀ ਵਰਤੇ ਜਾ ਸਕਦੇ ਹਨ, ਰੱਬ ਲਈ ਨਹੀਂ।

37. **ਚੰਡੀ ਚਰਿਤ੍ਰ** : ਨਮੋ ਤੋਖਣੀ ਸੋਖਣੀ -- ।253।

**ਜਾਪੁ** : ਨਮਸਤੰ ਪ੍ਰਸਿਜੈ ।7। ਨਮੋ ਸਰਬ ਸੋਖੰ ।27।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ ਤੋਖਣੀ (ਖ਼ੁਸ਼ੀ

ਦੇਣ ਯੋਗ) ਅਤੇ 'ਜਾਪੁ' ਵਿੱਚ ਦੁਰਗਾ 'ਪ੍ਰਸਿਜੈ' (ਖ਼ੁਸ਼ੀ ਦੇਣ ਯੋਗ) ਹੈ। 'ਚੰਡੀ ਚਰਿਤ੍ਰ' ਦੀ ਦੁਰਗਾ 'ਸੋਖਣੀ' (ਮੌਤ ਦੇਣ ਯੋਗ) ਅਤੇ 'ਜਾਪੁ' ਵਿੱਚ ਦੁਰਗਾ 'ਸੋਖੰ' (ਮੌਤ ਦੇਣ ਯੋਗ) ਹੈ। ਦੋਹਾਂ ਰਚਨਾਵਾਂ ਦੀ ਹਸਤੀ ਇੱਕੋ ਹੀ ਹੈ ਤੇ ਉਹ ਹੈ– ਦੁਰਗਾ ਮਾਈ ਪਾਰਬਤੀ ਜਾਂ ਸ਼ਿਵਾ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਦਾ ਪੁਜਾਰੀ ਕਿਸੇ ਹੋਰ ਰੱਬ ਦੀ ਸਿਫ਼ਤਿ ਨਹੀਂ ਕਰ ਸਕਦਾ ਕਿਉਂਕਿ ਉਸ ਲਈ ਦੁਰਗਾ ਹੀ ਰੱਬ ਹੁੰਦੀ ਹੈ ਅਤੇ ਰੱਬ ਦਾ ਪੁਜਾਰੀ ਦੁਰਗਾ ਦੀ ਸਿਫ਼ਤਿ ਨਹੀਂ ਲਿਖ ਸਕਦਾ ਕਿਉਂਕਿ ਉਸ ਲਈ ਰੱਬ ਵਰਗਾ ਕੋਈ ਹੋਰ ਨਹੀਂ ਹੁੰਦਾ। ਕਵੀ ਏਥੇ ਕੇਵਲ ਦੁਰਗਾ ਮਾਈ ਦਾ ਪੁਜਾਰੀ ਹੈ।

38. **ਚੰਡੀ ਚਰਿਤ੍ਰ** : ਨਮੋ ਭੀਮਿ ਸਰੂਪਾ ਨਮੋ ਲੋਕ ਮਾਤਾ।254।

**ਜਾਪੁ** : ਨਮੋ ਲੋਕ ਮਾਤਾ।52। ਕ੍ਰੂਰ ਕਰਮੇ।54।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ 'ਭੀਮਿ ਰੂਪਾ' (ਭਿਆਨਕ ਰੂਪ) ਤੇ 'ਜਾਪੁ' ਦੀ 'ਕ੍ਰੂਰ ਕਰਮੇ' (ਭਿਆਨਕ ਰੂਪ) ਹੈ। 'ਚੰਡੀ ਚਰਤ੍ਰ' ਦੀ ਦੁਰਗਾ 'ਲੋਕ ਮਾਤਾ' (ਸਾਰੇ ਜੱਗ ਦੀ ਮਾਂ) ਹੈ ਤੇ 'ਜਾਪੁ' ਦੀ ਦੁਰਗਾ ਵੀ 'ਲੋਕ ਮਾਤਾ' ਹੀ ਹੈ, 'ਲੋਕ ਪਿਤਾ' ਨਹੀਂ ਲਿਖਿਆ ਕਿਉਂਕਿ ਕਵੀ ਨੂੰ ਪਤਾ ਹੈ ਕਿ ਉਹ ਇੱਕੋ ਦੇਵੀ ਦੇ ਹੀ ਗੁਣ ਲਿਖ ਰਿਹਾ ਹੈ ਕਿਸੇ ਪੁਰਖ ਦੇ ਨਹੀਂ, ਪਰ ਏਥੇ ਕਵੀ ਵੀ ਦੁਰਗਾ ਨੂੰ 'ਪੁਲਿੰਗ' ਰੂਪ ਨਾ ਦੇਣ ਕਰਕੇ ਵੱਡੀ ਉਕਾਈ ਖਾ ਗਿਆ ਹੈ ਤੇ ਸੱਚ ਪ੍ਰਗਟ ਹੋ ਗਿਆ ਹੈ ਕਿ ਉਹ ਦੁਰਗਾ ਦੇ ਹੀ ਗੁਣ 'ਜਾਪੁ' ਵਿੱਚ ਲਿਖ ਰਿਹਾ ਹੈ। ਜੇ ਉਹ ਰੱਬ ਦੇ ਗੁਣ ਲਿਖ ਰਿਹਾ ਹੁੰਦਾ ਤਾਂ 'ਲੋਕ ਮਾਤਾ' ਦੀ ਥਾਂ 'ਲੋਕ ਪਿਤਾ' ਲਿਖਿਆ ਹੋਣਾ ਸੀ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਰੱਬ ਲੋਕ ਮਾਤਾ ਜਾਂ ਲੋਕ ਮਾਈ ਜਾਂ ਜੱਗ ਮਾਈ ਕਤੱਈ ਨਹੀਂ ਹੈ। ਇਹ ਸਭ ਦੁਰਗਾ ਦੀਆਂ ਸਿਫ਼ਤਾਂ ਵਾਲ਼ੇ ਸ਼ਬਦ ਹਨ ਜੋ ਦੁਰਗਾ ਦੇ ਭਗਤ ਦੁਰਗਾ ਲਈ ਵਰਤਦੇ ਹਨ। ਸ਼ਯਾਮ ਕਵੀ ਨੇ ਦੁਰਗਾ ਲਈ ਇਹ ਸ਼ਬਦ ਬਚਿੱਤਰ ਨਾਟਕ ਵਿੱਚ ਇਉਂ ਵਰਤੇ ਹਨ– 'ਸੰਤ ਸਹਾਇ ਸਦਾ ਜਗ ਮਾਇ (ਅਰਥ– ਮਾਈ ਜਾਂ ਮਾਤਾ, ਪਰ ਚੋਟੀ ਦੇ ਅਗਿਆਨੀ ਰਾਗੀ ਇਸ 'ਮਾਇ' ਨੂੰ 'ਮਾਹਿਂ' ਪੜ੍ਹ ਗਾ ਕੇ ਸ਼੍ਰੋਤਿਆਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਿੱਚ ਬਹੁਤ ਨਿਪੁੰਨ ਹੋ ਚੁੱਕੇ ਹਨ ਤੇ ਸਿੱਖੀ ਮਹੱਲ ਦੀਆਂ ਨੀਹਾਂ ਨੂੰ ਖੋਖਲ਼ਾ ਕਰ ਰਹੇ ਹਨ) ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ'। ਅਤੇ 'ਕਿਰਪਾ ਕਰੀ ਹਮ ਪਰ ਜਗ ਮਾਤਾ। ਪੂਰਨ ਕਰਾ ਗ੍ਰੰਥ ਸੁਭਰਾਤਾ'। ਰੱਬ ਸੱਭ ਦਾ ਪਤੀ ਹੈ ਤੇ ਬਾਕੀ ਸੱਭ ਉਸ ਦੀਆਂ ਜੀਵ ਇਸਤ੍ਰੀਆਂ ਹਨ।

ਗੁਰਬਾਣੀ ਵਿੱਚ ਲਿਖਿਆ ਹੈ–

ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥– – ਦੇਵਗੰਧਾਰੀ ਮਹਲਾ 5॥(ਗਗਸ 527)

**ਰੱਬ ਦੇ ਪੁਲਿੰਗ ਰੂਪ ਹੋਣ ਦੇ ਹੋਰ ਪ੍ਰਮਾਣ** - "ਵਿਚਿ ਕਰਤਾ ਪੁਰਖੁ ਖਲੋਆ॥" ਵਾਕ ਵਿੱਚ 'ਖਲੋਆ' ਸ਼ਬਦ ਪੁਲਿੰਗ ਵਾਸਤੇ ਹੈ ਤੇ ਇਸਤ੍ਰੀ ਲਿੰਗ ਵਾਸਤੇ ਸ਼ਬਦ 'ਖਲੋਈ' ਹੁੰਦਾ ਹੈ। "ਜਿਤੁ ਪਾਰਬ੍ਰਹਮੁ ਚਿਤਿ ਆਇਆ॥" ਵਾਕ ਵਿੱਚ 'ਕਿਰਿਆ 'ਆਇਆ' ਤੋਂ ਸਪੱਸ਼ਟ ਹੈ ਕਿ ਰੱਬ ਪੁਲਿੰਗ ਰੂਪ ਹੈ, ਇਸਤ੍ਰੀ ਲਿੰਗ ਵਾਸਤੇ ਸ਼ਬਦ 'ਆਈ' ਹੁੰਦਾ ਹੈ। "ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥"

ਵਾਕ ਵਿੱਚ ਬਹੁਰੀਆ ਤੋਂ ਭਾਵ 'ਬਹੂ' ਹੈ, ਭਾਵ, ਰੱਬ ਮੇਰਾ ਪਤੀ ਹੈ ਤੇ ਮੈਂ ਉਸ ਦੀ ਬਹੂ ਹਾਂ। ਲੋਕ ਮਾਤਾ ਸ਼ਬਦ ਕੇਵਲ ਦੁਰਗਾ ਲਈ ਹੀ ਵਰਤੇ ਗਏ ਹਨ ਭਾਵੇਂ ਉਹ 'ਚੰਡੀ ਚਰਿਤ੍ਰ' ਵਿੱਚ ਹਨ ਜਾਂ 'ਜਾਪੁ' ਵਿੱਚ ਹਨ।

39. **ਚੰਡੀ ਚਰਿਤ੍ਰ** : ਭਵੀ ਭਵਾਨੀ ਭਵਿਖਯਾਤ ਬਿਧਾਤਾ।254।

**ਜਾਪੁ** : ਸਰਬੰ ਖਯਾਤਾ।142। ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ।83।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ 'ਭਵਿਖਯਾਤ' (ਜਗਤ ਪ੍ਰਸਿੱਧ, 14 ਲੋਕਾਂ ਵਿੱਚ ਜਪਣ ਯੋਗ) ਹੈ ਤੇ 'ਜਾਪੁ' ਵਿੱਚ ਦੁਰਗਾ 'ਖਯਾਤਾ' (ਜਗਤ ਪ੍ਰਸਿੱਧ) ਹੈ ਤੇ 14 ਲੋਕਾਂ ਵਿੱਚ ਹੀ ਜਪਣ ਯੋਗ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਕਵੀ ਦਾ ਇਸ਼ਟ ਦੁਰਗਾ 14 ਲੋਕਾਂ ਵਿੱਚ ਪ੍ਰਸਿੱਧ ਹੈ ਭਾਵੇਂ ਗੁਰਮਤਿ ਇਸ ਨੂੰ ਨਹੀਂ ਮੰਨਦੀ ਕਿਉਂਕਿ ਗੁਰਬਾਣੀ ਅਨੁਸਾਰ ਦੁਰਗਾ ਰੱਬ ਨਹੀਂ ਹੈ।

40. **ਚੰਡੀ ਚਰਿਤ੍ਰ** : ਬਰੰਦਾਇਣੀ ਦੁਸਟਖੰਡੀ ਅਖੰਡੀ।255।

ਸਬੈ ਸੰਤ ਉਬਾਰੀ ਬਰੰ ਬਯੂਹ ਦਾਤਾ।256।

ਜਾਪੁ : ਸਰਬੰ ਦਾਤਾ।76। ਸਰਬਤ੍ਰ ਦੀਨੈ।113। ਚਤ੍ਰ ਚਕ੍ਰ ਦਾਨੇ।96।

**ਸੋਚ-ਵਿਚਾਰ** : 'ਚੰਡੀ ਚਰਿਤ੍ਰ' ਦੀ ਦੁਰਗਾ 'ਬਰੰਦਾਇਣੀ'/ 'ਬਰੰ ਬਯੂਹ ਦਾਤਾ' ( ਸੱਭ ਨੂੰ ਵਰ ਦੇਣ ਯੋਗ) ਹੈ ਤੇ 'ਜਾਪੁ' ਦੀ ਦੁਰਗਾ ਵੀ 'ਸਰਬੰ ਦਾਤਾ', 'ਸਰਬਤ੍ਰ ਦੀਨੈ', ਤੇ 'ਚਤ੍ਰ ਚਕ੍ਰ ਦਾਨੇ' ਹੈ, ਭਾਵ, ਅਰਥਾਂ ਤੇ ਗੁਣਾਂ ਵਿਚ ਕੋਈ ਫ਼ਰਕ ਨਹੀਂ ਹੈ ਜਿੱਸ ਤੋਂ ਸਪੱਸ਼ਟ ਹੈ ਕਿ ਇਹ ਗੁਣ ਦੋਹਾਂ ਰਚਨਾਵਾਂ ਵਿੱਚ ਇੱਕੋ ਹੀ ਹਸਤੀ ਦੇ ਹਨ। ਕਵੀ ਨੇ ਖ਼ੁਦ ਹੀ 'ਚੰਡੀ ਚਰਿਤ੍ਰ' ਵਿੱਚ ਦੁਰਗਾ ਦੇਵੀ ਨੂੰ 'ਦਾਤ੍ਰੀ' ਲਿਖਣ ਦੇ ਨਾਲ਼ ਪੁਲਿੰਗ ਰੂਪ ਵਿੱਚ ਰੱਬ ਸਮਝ ਕੇ 'ਦਾਤਾ' ਵੀ ਲਿਖ ਦਿੱਤਾ ਹੈ ਤੇ 'ਜਾਪੁ' ਵਿੱਚ ਦੁਰਗਾ ਦੀਆਂ ਸਿਫ਼ਤਾਂ

ਪੁਲਿੰਗ ਰੂਪ ਵਿੱਚ ਲਿਖਦਿਆਂ ਵੀ ਇਸਤ੍ਰੀ ਲਿੰਗ ਰੂਪ 'ਲੋਕ ਮਾਤਾ' ਲਿਖ ਦਿੱਤਾ ਹੈ ਕਿਉਂਕਿ ਉਹ ਸਿਫ਼ਤਾਂ ਹੀ ਦੁਰਗਾ ਮਾਈ ਦੀਆਂ ਕਰ ਰਿਹਾ ਹੈ ਜੋ ਇਸਤ੍ਰੀ-ਲਿੰਗ ਰੂਪ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : ਦੁਰਗਾ ਨੂੰ ਕਵੀ, 'ਚੰਡੀ ਚਰਿਤ੍ਰ' ਵਿੱਚ, 'ਬਰੰਬਯੂਹ ਦਾਤਾ' ਭਾਵ ਪੁਲਿੰਗ ਰੂਪ ਵਿੱਚ ਦਾਤਾਂ ਦੇਣ ਵਾਲ਼ਾ ਲਿਖਦਾ ਹੈ, ਭਾਵੇਂ ਉਹ ਦੁਰਗਾ ਨੂੰ 'ਦਾਤ੍ਰੀ' ਵੀ ਲਿਖ ਚੁੱਕਾ ਹੈ। ਏਥੋਂ ਪਤਾ ਲੱਗਦਾ ਹੈ ਕਿ ਕਵੀ ਦੁਰਗਾ ਮਾਈ ਨੂੰ ਰੱਬ ਦੇ ਬਰਾਬਰ 'ਪੁਲਿੰਗ ਰੂਪ' ਵਿੱਚ ਵੀ ਲਿਖਦਾ ਹੈ। ਕਵੀ ਭਾਵੇਂ ਦੁਰਗਾ ਨੂੰ ਰੱਬ ਮੰਨੇ ਪਰ ਗੁਰਬਾਣੀ ਨਹੀਂ ਮੰਨਦੀ।

41. **ਚੰਡੀ ਚਰਿਤ੍ਰ** : ਨਮਸਤਯੰ ਨਮਸਤਯੰ ਨਮਸਤਯੰ ਭਵਾਨੀ।256।

**ਜਾਪੁ** : ਛੰਦ ਨੰਬਰ 2 ਤੋਂ 28 ਤਕ 'ਨਮਸਤੰ' ਅਤੇ 'ਨਮਸਤੂੰ'।

**ਸੋਚ-ਵਿਚਾਰ** : ਚੰਡੀ ਚਰਿਤ੍ਰ' ਵਿੱਚ 'ਨਮਸਤਯੰ' ਸ਼ਬਦ ਕਵੀ ਨੇ ਦੁਰਗਾ ਨੂੰ ਪ੍ਰਣਾਮ ਕਰਨ ਲਈ ਵਰਤਿਆ ਹੈ ਤੇ 'ਜਾਪੁ' ਵਿੱਚ ਵੀ ਛੰਦ ਨੰਬਰ 2 ਤੋਂ 28 ਤਕ 'ਨਮਸਤਯੰ' ਸ਼ਬਦ ਨੂੰ ਲਗਭਗ 86 ਵਾਰੀ ਵੱਖ-ਵੱਖ ਰੂਪਾਂ ਵਿੱਚ ਵਰਤਿਆ ਹੈ। ਦੁਰਗਾ ਲਈ 'ਚੰਡੀ ਚਰਿਤ੍ਰ' ਵਿੱਚ 'ਨਮੋ' ਸ਼ਬਦ ਕਰੀਬ 110 ਵਾਰੀ ਅਤੇ 'ਜਾਪੁ' ਵਿੱਚ 'ਨਮੋ' ਸ਼ਬਦ ਉਸੇ ਇਸ਼ਟ ਲਈ 108 ਵਾਰੀ ਵਰਤਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਨਿਰਨਾ** : 'ਚੰਡੀ ਚਰਿਤ੍ਰ' ਅਤੇ 'ਜਾਪੁ' ਵਿੱਚ ਇਸ਼ਟ ਨੂੰ ਪ੍ਰਣਾਮ ਕਰਨ ਦਾ ਢੰਗ ਵੀ ਸਮਾਨ ਹੈ। ਕਵੀ ਦਾ ਉਹ ਇਸ਼ਟ ਹੈ, ਦੁਰਗਾ।

## * ਸਿੱਟਾ *

ਜੋ ਕਹਾਣੀ 'ਚੰਡੀ ਚਰਿਤ੍ਰ ਉਕਤਿ ਬਿਲਾਸ' ਅਤੇ 'ਵਾਰ ਦੁਰਗਾ ਕੀ' ਵਿੱਚ ਬਿਆਨ ਕੀਤੀ ਹੈ, ਉਹੀ ਕਹਾਣੀ 'ਚੰਡੀ ਚਰਿਤ੍ਰ' ਵਿੱਚ ਬਿਆਨ ਕੀਤੀ ਗਈ ਹੈ। ਇਹ ਕਹਾਣੀ ਦੁਰਗਾ ਮਾਈ ਦੀ ਦੈਂਤਾਂ ਉੱਪਰ ਜਿੱਤ ਪ੍ਰਾਪਤੀ ਦੀ ਹੈ। ਕਵੀ ਨੇ ਦੁਰਗਾ ਦੀ ਜਿੱਤ ਦੀ ਖ਼ੁਸ਼ੀ ਵਿੱਚ ਇਨ੍ਹਾਂ ਰਚਨਾਵਾਂ ਵਿੱਚ ਦਰਗਾ ਦੇਵੀ ਦੀ ਰੱਜ ਕੇ ਸਿਫ਼ਤਿ ਕੀਤੀ ਹੈ ਤੇ ਉਸ ਤੋਂ ਕਈ ਵਰ ਵੀ ਮੰਗੇ ਹਨ। ਦੁਰਗਾ ਦੇਵੀ ਦੀਆਂ ਇਹੀ ਸਿਫ਼ਤਾਂ 'ਜਾਪੁ' ਵਿੱਚ ਵੀ ਦਰਜ ਹਨ। ਇਹ ਤੱਥ ਦੋਹਾਂ ਰਚਨਾਵਾਂ ਵਿੱਚ ਲਿਖੇ ਗਏ ਇਸ਼ਟ ਦੇ ਬਹੁਤ ਸਾਰੇ ਸਾਂਝੇ ਗੁਣਾਂ ਦੀ ਸ਼ਬਦਾਵਲੀ ਤੋਂ ਭਲੀ ਭਾਂਤਿ ਪ੍ਰਗਟ ਹੈ।

'ਚੰਡੀ ਚਰਿਤ੍ਰ' ਦਾ ਕਵੀ ਦੁਰਗਾ ਦੇਵੀ ਦਾ ਸੱਚਾ ਸ਼ਰਧਾਲੂ ਹੈ, ਰੱਬ ਦਾ ਨਹੀਂ। ਦੇਵੀ ਦੇ ਸੱਚੇ ਸ਼ਰਧਾਲੂ ਹੋਣ ਦਾ ਸੱਚ ਕਵੀ ਨੇ ਖ਼ੁਦ ਛੰਦ ਨੰਬਰ 223 ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹੀ 'ਦੇਵੀ ਜੂ ਕੀ ਉਸਤਤਿ' ਸਿਰਲੇਖ ਲਿਖ ਕੇ ਪ੍ਰਗਟ ਕਰ ਦਿੱਤਾ ਹੋਇਆ ਹੈ। ਇਸ ਸਿਰਲੇਖ ਦਾ ਅਰਥ ਹੈ ਕਿ ਉਹ ਰੱਬ ਦੀ ਸਿਫ਼ਤਿ ਨਹੀਂ ਲਿਖ ਰਿਹਾ, ਸਗੋਂ ਉਹ ਤਾਂ ਦੇਵੀ ਜੂ (ਦੁਰਗਾ ਮਾਈ) ਦੀ ਸਿਫ਼ਤਿ ਲਿਖ ਰਿਹਾ ਹੈ ਤਾਂ ਜੁ ਕਿਸੇ ਨੂੰ ਕਵੀ ਦੇ ਇਸ਼ਟ ਦੇ ਨਾਂ ਬਾਰੇ ਕੋਈ ਸ਼ੰਕਾ ਨਾ ਰਹਿ ਜਾਏ। ਜੇ ਕਵੀ ਰੱਬ ਦਾ ਸ਼ਰਧਾਲੂ ਹੁੰਦਾ ਤਾਂ ਉਹ 'ਦੇਵੀ ਜੂ ਕੀ ਉਸਤਤਿ' ਲਿਖ ਕੇ ਦੇਵੀ ਦੁਰਗਾ ਪ੍ਰਤਿ ਆਪਣੀ ਸ਼ਰਧਾ ਤੇ ਪਿਆਰ ਪ੍ਰਗਟ ਨਾ ਕਰਦਾ। ਇਸੇ ਕਰਕੇ ਕਵੀ ਨੇ 'ਜਾਪੁ' ਵਿੱਚ ਵੀ ਦੁਰਗਾ ਦੇ ਗੁਣਾਂ ਨੂੰ ਹੀ ਬਿਆਨ ਕੀਤਾ ਹੈ, ਕਿਉਂਕਿ ਦੁਰਗਾ ਦਾ ਪੁਜਾਰੀ, ਰੱਬ ਦੀਆਂ ਸਿਫ਼ਤਾਂ ਨਹੀਂ ਲਿਖ ਸਕਦਾ। ਛੰਦ ਨੰਬਰ 256 ਤਕ ਦੁਰਗਾ ਦੇਵੀ ਦੀਆਂ ਸਿਫ਼ਤਾਂ ਲਿਖਣ ਤੋਂ ਪਿੱਛੋਂ ਕਵੀ ਲਿਖਦਾ ਹੈ- "ਇਤੀ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਦੇਵੀ ਜੂ ਕੀ ਉਸਤਤਿ ਬਰਨਨੰ ਨਾਮ ਸਪਤਮੋ ਧਿਆਯ ਸੰਪੂਰਨਮ ਸਤੁ ਸੁਭਮ ਸਤੁ।7।" ਇਸ ਦਾ ਅਰਥ ਸਪੱਸ਼ਟ ਹੈ ਕਿ ਕਵੀ ਨੇ ਦੁਰਗਾ ਦੇਵੀ ਦੀ ਉਸਤਤਿ ਲਿਖਣ ਨਾਲ਼ ਹੀ ਬਚਿਤ੍ਰ ਨਾਟਕ ਦੇ ਚੰਡੀ ਚਰਿਤ੍ਰ ਦਾ ਸੱਤਵਾਂ ਅਧਿਆਇ ਸੰਪੂਰਨ ਕੀਤਾ ਹੈ।

'ਜਾਪੁ' ਰਚਨਾ ਦੀ ਸਮਾਪਤੀ ਤੋਂ ਪਿੱਛੋਂ ਕਵੀ ਦੀ ਲਿਖੀ ਸਮਾਪਤੀ ਦੀ ਸੂਚਨਾ ਤੋਂ ਭਲੀ ਭਾਂਤਿ ਪਤਾ ਲੱਗ ਜਾਣਾ ਸੀ ਕਿ 'ਜਾਪੁ' ਵਿੱਚ ਕਿਸ ਦੀ ਸਿਫ਼ਤਿ ਹੈ। ਕਿਸੇ ਨੇ ਇਹ ਅੰਤਲੀ ਸੂਚਨਾ ਲਿਖਤ ਵਿੱਚੋਂ ਜ਼ਰੂਰ ਹੀ ਮਿਟਾ ਦਿੱਤੀ ਹੋਵੇਗੀ ਜਦੋਂ ਸਾਰੀਆਂ ਰਚਨਾਵਾਂ ਨੂੰ ਇੱਕੋ ਜਿਲਦ ਵਿੱਚ ਲਿਖ ਕੇ 'ਦਸ਼ਮ ਗ੍ਰੰਥ' ਦੇ ਨਾਂ ਹੇਠ ਸੰਨ 1897 ਵਿੱਚ ਛਪਾਇਆ ਗਿਆ। 'ਜਾਪੁ' ਦੇ ਸਿਰਲੇਖ ਵਿੱਚ ਵੀ ਰਚਨਾ ਦਾ ਕੋਈ ਮਨੋਰਥ ਲਿਖਿਆ ਨਹੀਂ ਮਿਲ਼ਦਾ, ਭਾਵੇਂ ਬਚਿੱਤ੍ਰ ਨਾਟਕ ਦੀਆਂ ਹੋਰ ਬਹੁਤ ਸਾਰੀਆਂ ਰਚਨਾਵਾਂ ਦੇ ਸ਼ੁਰੂ ਅਤੇ ਅਖੀਰ ਵਿੱਚ ਲਿਖੇ ਸ਼ਬਦਾਂ ਤੋਂ ਰਚਨਾ ਦੇ ਮਨੋਰਥ ਅਤੇ ਕਵੀ ਦੇ ਇਸ਼ਟ ਪ੍ਰਤਿ ਸੂਚਨਾ ਮਿਲ਼ ਜਾਂਦੀ ਹੈ।

'ਚੰਡੀ ਚਰਿਤ੍ਰ' ਅਤੇ 'ਜਾਪੁ' ਰਚਨਾਵਾਂ ਦੇ ਤੁਲਨਾਤਮਕ ਅਧਿਐਨ ਤੋਂ 'ਜਾਪੁ' ਰਚਨਾ ਦੇ ਮਨੋਰਥ ਨੂੰ ਸਮਝਣ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦੀ ਕਿ 'ਜਾਪੁ' ਵਿੱਚ ਉਸੇ ਹਸਤੀ ਦੇ ਗੁਣ ਬਿਆਨ ਕੀਤੇ ਗਏ ਹਨ ਜਿਸ ਹਸਤੀ ਨੂੰ ਕਵੀ ਨੇ 'ਚੰਡੀ ਚਰਿਤ੍ਰ' ਵਿੱਚ ਸਾਲਾਹਿਆ ਹੈ। ਇਸ ਹਸਤੀ ਦਾ ਨਾਂ ਦੁਰਗਾ ਹੈ। ਦੁਰਗਾ ਅਤੇ ਪਾਰਬਤੀ ਇੱਕੋ ਹੀ ਹਸਤੀ ਦੇ ਦੋ ਨਾਂ ਹਨ। ਇਸ ਹਸਤੀ ਨੂੰ ਸ਼ਿਵਾ, ਗਿਰਜਾ, ਕਾਲਿਕਾ, ਭਵਾਨੀ, ਚੰਡੀ, ਦੁਰਗਸ਼ਾਹ, ਜਗ ਮਾਤਾ, ਜਗ ਮਾਈ, ਜਗ ਮਾਇ ਆਦਿਕ ਨਾਂ ਵੀ ਦਿੱਤੇ ਗਏ ਹਨ।

# 'ਜਾਪੁ' ਰਚਨਾ ਨੇ ਸਿੱਖ ਦੇ ਕਿਹੜੇ ਮਾਤਾ ਪਿਤਾ ਥਾਪੇ?

ਜਾਪੁ ਦਾ ਅਰਥਾਂ ਸਮੇਤ ਅਧਿਐਨ ਕਰਨ ਨਾਲ਼ ਪਤਾ ਲੱਗਦਾ ਹੈ ਕਿ ਇਸ ਰਚਨਾ ਅਨੁਸਾਰ ਲਿਖਾਰੀ ਦਾ ਪਿਤਾ 'ਸਰਬਕਾਲ਼' ਹੈ ਅਤੇ ਮਾਤਾ 'ਲੋਕ ਮਾਤਾ/ਦੇਵੀ ਕਾਲਿਕਾ' ਹੈ। ਇਸ ਤੱਥ ਦਾ ਪਤਾ ਵੀ ਉਸ ਨੂੰ ਲੱਗ ਸਕਦਾ ਹੈ ਜਿਸ ਨੇ ਸਮੁੱਚੇ ਦਸਮ ਗ੍ਰੰਥ ਨੂੰ ਅਰਥਾਂ ਸਮੇਤ ਵਿਚਾਰਿਆ ਹੋਵੇ ਜਾਂ ਜਾਗਰੂਕ ਸਿੱਖ ਵਿਦਵਾਨਾਂ ਦੀਆਂ ਦਸਮ ਗ੍ਰੰਥ ਸੰਬੰਧੀ ਲਿਖਤਾਂ ਨੂੰ ਵਾਚਿਆ ਹੋਵੇ। ਜੇ ਅਜਿਹਾ ਕਰਨ ਦਾ ਬਹੁਤਾ ਸਮਾਂ ਨਹੀਂ ਮਿਲ਼ਿਆ ਤਾਂ ਦਸਮ ਗ੍ਰੰਥ ਦਾ ਪੰਨਾ ਨੰਬਰ 73 ਜ਼ਰੂਰ ਪੜ੍ਹ ਲਿਆ ਜਾਵੇ।

ਹੇਠ ਲਿਖੀਆਂ ਸਤਰਾਂ ਧਿਆਨ ਨਾਲ਼ ਪੜ੍ਹੋ। ਦਸਮ ਗ੍ਰੰਥ ਦਾ ਲਿਖਾਰੀ ਖੁਲ੍ਹੇ ਆਮ ਇਹ ਕਹਿ ਰਿਹਾ ਹੈ ਕਿ ਉਸ ਦਾ ਪਿਤਾ 'ਸਰਬਕਾਲ਼' ਅਤੇ ਮਾਤਾ 'ਦੇਬਿ ਕਾਲਿਕਾ' ਹੈ।

**ਸਰਬਕਾਲ ਹੈ ਪਿਤਾ ਅਪਾਰਾ ॥ ਦੇਬਿ ਕਾਲਕਾ ਮਾਤ ਹਮਾਰਾ ॥ (ਦਸਮ ਗ੍ਰੰਥ ਪੰਨਾ 73 )**

ਜਾਪੁ ਨਾਂ ਦੀ ਰਚਨਾ ਦਸਵੇਂ ਗੁਰੂ ਜੀ ਨਾਲ਼ ਜੋੜ ਕੇ ਪੜ੍ਹਾਈ ਜਾ ਰਹੀ ਹੈ ਜਿਸ ਦਾ ਅਰਥ ਹੋਇਆ ਕਿ ਗੁਰੂ ਜੀ ਨੇ ਸਰਬਕਾਲ਼ ਨੂੰ ਪਿਤਾ ਅਤੇ ਦੇਬਿ ਕਾਲਿਕਾ ਨੂੰ ਖ਼ੁਦ ਮਾਤਾ ਕਿਹਾ ਹੈ ਪਰ ਇਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਅਨੁਕੂਲ ਨਾ ਹੋਣ ਕਰ ਕੇ ਕਹਿ ਸਕਦੇ ਹਾਂ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੇਵੀ ਦੇਵਤਿਆਂ ਨੂੰ ਸਿੱਖ ਦੇ ਮਾਤਾ ਪਿਤਾ ਦਾ ਦਰਜਾ ਨਹੀਂ ਦਿੱਤਾ ਗਿਆ। ਰੱਬ ਹੀ ਮਾਤਾ, ਪਿਤਾ, ਬੰਧਪ, ਭਰਾ, ਪੁੱਤਰ ਦੀ ਥਾਂ ਸਹਾਈ ਹੈ।

ਕੀ 'ਜਾਪੁ' ਵਿੱਚ ਸਰਬਕਾਲ਼ ਨੂੰ ਹੀ ਨਮੋ ਕੀਤੀ ਹੈ? ਹਾਂ, ਬੰਦ ਨੰਬਰ 19 ਵਿੱਚ ਕਵੀ 'ਸਰਬਕਾਲ਼' ਪਿਤਾ ਨੂੰ ਹੀ ਨਮਸਕਾਰ ਕਰਦਾ ਹੈ,

ਜਿਵੇਂ:– ਨਮੋ ਸਰਬਕਾਲੇ ॥

**ਅਰਥ** :- ਹੇ ! ਸਰਬਕਾਲ਼ ਪਿਤਾ ਜੀ ਆਪ ਨੂੰ ਨਮਸਕਾਰ ਹੈ।

**ਸਿੱਟਾ** : ਜਾਪੁ ਵਿੱਚ ਲਿਖੇ –'ਨਮੋ ਸਰਬਕਾਲੇ', 'ਨਮੋ ਲੋਕ ਮਾਤਾ' ਅਤੇ ਦਸਮ ਗ੍ਰੰਥ ਦੇ ਪੰਨਾਂ ਨੰਬਰ 73 ਉੱਪਰ ਲਿਖੇ–'ਸਰਬਕਾਲ ਹੈ ਪਿਤਾ ਹਮਾਰਾ। ਦੇਬਿ ਕਾਲਿਕਾ ਮਾਤ ਹਮਾਰਾ।' ਤੋਂ ਇਹੀ ਸਿੱਟਾ ਨਿਕਲ਼ਦਾ ਹੈ ਕਿ 'ਜਾਪੁ' ਅਤੇ ਦਸਮ ਗ੍ਰੰਥ' ਦਾ ਲਿਖਾਰੀ ਅਕਾਲਪੁਰਖ ਦੀ ਥਾਂ ਸਰਬਕਾਲ਼ ਨੂੰ ਆਪਣਾ ਪਿਤਾ ਦੱਸਦਾ ਹੈ ਅਤੇ ਕਾਲਿਕਾ ਦੇਵੀ ਦੁਰਗਾ ਮਾਈ ਪਾਰਬਤੀ ਨੂੰ ਆਪਣੀ ਮਾਤਾ ਦੱਸਦਾ ਹੈ। ਸਪੱਸ਼ਟ ਹੈ ਕਿ ਜਾਪੁ ਰਚਨਾ ਸਿੱਖ ਨੂੰ ਦੇਵੀ ਦੇਵਤਿਆਂ ਦੀਆਂ ਸਿਫ਼ਤਾਂ ਨਾਲ਼ ਜੋੜ ਕੇ ਕੇਸ਼ਾਧਾਰੀ ਹਿੰਦੂ ਬਣਾਉਣ ਦੀ ਇੱਕ ਬ੍ਰਾਹਮਣਵਾਦੀ ਸਾਜਿਸ਼ ਹੈ।

# ਦਸਮ ਗ੍ਰੰਥ ਤੇ ਇਸਦੀ ਰਚਨਾ 'ਜਾਪੁ' ਦੀ ਲੋਕ ਮਾਤਾ ਕੌਣ ਹੈ?

ਦਸਮ ਗ੍ਰੰਥ ਦੇ ਲਿਖਾਰੀ ਨੇ ਹਿੰਦੂ ਮੱਤ ਦੀ ਦੇਵੀ ਦੁਰਗਾ, ਜਿਸ ਦੇ ਹੋਰ ਨਾਂ ਭਗਉਤੀ (ਭਗਵਤੀ ਦਾ ਬਦਲਿਆ ਨਾਂ), ਚੰਡੀ, ਕਾਲਿਕਾ, ਗਿਰਿਜਾ, ਭਵਾਨੀ, ਦੁਰਗਾ ਸ਼ਾਹ, ਜਗ ਮਾਤਾ, ਜਗ ਮਾਇ, ਚੰਡਿਕਾ, ਕਾਲ਼ੀ ਆਦਿਕ ਹਨ, ਨੂੰ ਬਹੁਤ ਹੀ ਸ਼ਰਧਾ ਨਾਲ਼ ਲੋਕ ਮਾਤਾ ਦਾ ਖ਼ਿਤਾਬ ਦੇ ਕੇ ਉਸ ਨੂੰ ਨਮੋ ਵੀ ਕੀਤੀ ਹੈ ਅਤੇ ਉਸ ਤੋਂ ਮਿਲ਼ੀ ਕਿਰਪਾ ਦਾ ਵੀ ਜ਼ਿਕਰ ਕੀਤਾ ਹੈ। ਹੇਠ ਲਿਖੀਆਂ ਪੰਕਤੀਆਂ ਵਿਚਾਰੋ:-

**ੳ) ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ ॥1905।**

**ਵਿਚਾਰ** :- 'ਜਗ ਮਾਇ' ਸ਼ਬਦਾਂ ਦੇ ਕੀ ਅਰਥ ਹਨ?

ਜਗਤ ਦੀ ਮਾਈ, ਜਗਤ ਦੀ ਮਾਂ, ਜਗਤ ਦੀ ਮਾਤਾ, ਦੁਰਗਾ ਦੇਵੀ ਜਿਸ ਦਾ ਕਵੀ ਸ਼ਿਆਮ ਪੁਜਾਰੀ ਹੈ। ਕਵੀ ਸ਼ਿਯਾਮ ਲਈ ਸ਼ਿਵਾ ਤੇ ਦੁਰਗਾ ਹੀ ਜਗ ਮਾਇ ਹੈ। 'ਜਗ ਮਾਇ' ਸਿੱਖਾਂ ਲਈ ਅਕਾਲ ਪੁਰਖ ਨਹੀਂ ਹੈ।

**ਪ੍ਰਮਾਣ ਵਜੋਂ ਪੜ੍ਹੋ ਕਵੀ ਸਯਾਮ ਦੀ ਰਚਨਾ ਕ੍ਰਿਸ਼ਨਾਵਤਾਰ ਦਾ ਸਵੱਯਾ ਨੰਬਰ 2061 ਅਖੌਤੀ ਦਸਮ ਗ੍ਰੰਥ ਵਿੱਚੋਂ ਹੀ :-**

ਜਾਦਵ ਅਉਰ ਸਭੈ ਹਰਖੈ ਅਰ ਬਾਜਤ ਭੀ ਪੁਰ ਬੀਚ ਬਧਾਈ।

ਅਉਰ ਕਹੈ ਕਬਿ ਸਯਾਮ ਸਿਵਾ ਸੁ ਸਭੈ ਜਗ ਮਾਇ ਸਹੀ ਠਹਰਾਈ ॥2061॥

ਸਿਵਾ- ਸ਼ਿਵਾ, ਦੁਰਗਾ ਮਾਈ ਪਾਰਬਤੀ।

ਜਗ ਮਾਇ- ਜਗ ਮਾਤਾ, ਲੋਕ ਮਾਤਾ ਦੁਰਗਾ।

ਅ) ਕ੍ਰਿਪਾ ਕਰੀ ਹਮ ਪਰ ਜਗ ਮਾਤਾ। ਪੂਰਨ ਕਰਾ ਗ੍ਰੰਥ ਸੁਭਰਾਤਾ ॥26। (ਇਤੀ ਸ੍ਰੀ ਚਰਿਤਰੋਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਵਾਦੇ 404 ਚਰਿਤ੍ਰ ਸਮਾਪਤ-ਕਬਯੋ ਬਾਚ ਬੇਨਤੀ ਚੌਪਈ ਦਾ 26 ਵਾਂ ਬੰਦ)

ੲ) ਨਮੋ ਲੋਕ ਮਾਤਾ ॥254। (ਚੰਡੀ ਚਰਿਤ੍ਰ ਭਾਵ ਦੁਰਗਾ ਦੇਵੀ ਦਾ ਚਰਿੱਤ੍ਰ)

**ਕੀ ਰੱਬ ਵੀ 'ਲੋਕ ਮਾਤਾ' ਹੈ?**

'ਜਾਪੁ' ਰਚਨਾ ਵਿੱਚ ਲਿਖਾਰੀ ਨੇ ਚੰਡੀ ਚਰਿੱਤ੍ਰ ਵਾਲ਼ੀ ਦੁਰਗਾ ਦੇਵੀ ਦੀ ਸਿਫ਼ਤਿ ਵਾਲ਼ੀ ਪੰਕਤੀ ਨੂੰ ਹੂ-ਬ-ਹੂ ਵਰਤ ਕੇ ਡੰਕੇ ਦੀ ਚੋਟ ਨਾਲ਼ ਕਿਹਾ ਹੈ ਕਿ ਉਹ ਦੁਰਗਾ ਦੇਵੀ ਦਾ ਬਹੁਤ ਪੱਕਾ ਸ਼ਰਧਾਲੂ ਹੈ, ਜਿਸ ਨੂੰ ਉਹ 'ਜਾਪੁ' ਲਿਖਣ ਲੱਗਾ ਵੀ ਨਹੀਂ ਭੁੱਲ ਸਕਦਾ।

**'ਜਾਪੁ' ਰਚਨਾ ਵਿੱਚ ਦੇਖੋ ਇਹ ਪੰਕਤੀ:**

**ਨਮੋ ਸਸਤ੍ਰਪਾਣੇ ॥ ਨਮੋ ਅਸਤ੍ਰ ਮਾਣੇ ॥**

**ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥**

ਚੰਡੀ ਚਰਿਤ੍ਰ ਦੀ ਨਾਇਕਾ ਦੁਰਗਾ ਦੇਵੀ ਹੈ ਜੋ ਦੈਂਤਾਂ ਨੂੰ ਮਾਰ ਕੇ ਇੰਦ੍ਰ ਦੇਵਤੇ ਨੂੰ ਉਸ ਦਾ ਖੁੱਸਿਆ ਸਿੰਘਾਸਣ ਵਾਪਸ ਦਿਵਾਉਂਦੀ ਹੈ। ਇਸੇ ਨਾਇਕਾ ਦੀ ਸਿਫ਼ਤਿ ਵਿੱਚ ਕਵੀ ਨੇ ਉਸ ਨੂੰ 'ਲੋਕ ਮਾਤਾ' ਕਹਿ ਕੇ ਨਮੋ ਕੀਤੀ ਹੈ। ਓਹੀ ਕਵੀ 'ਜਾਪੁ' ਵੀ ਲਿਖ ਰਿਹਾ ਹੈ ਜਿਸ ਵਿੱਚ ਉਹ ਉਸੇ ਦੁਰਗਾ ਨੂੰ ਯਾਦ ਕਰਦਾ ਉਸ ਦੀ ਉਹੀ ਸਿਫ਼ਤਿ ਮੁੜ ਲਿਖ ਰਿਹਾ ਹੈ। ਸਪੱਸ਼ਟ ਹੈ ਕਿ ਰੱਬ ਅਤੇ ਲੋਕ ਮਾਤਾ ਏਕੋ ਹਸਤੀ ਨਹੀਂ।

ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਰੱਬ ਵਾਸਤੇ ਲੋਕ ਮਾਤਾ, ਜਗ ਮਾਤਾ, ਜਗ ਮਾਇ ਆਦਿਕ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਗਈ ਕਿਉਂਕਿ ਸਿੱਖ ਦਾ ਰੱਬ ਦੁਰਗਾ ਦੇਵੀ/ਜਗ ਮਾਇ/ਜਗ ਮਾਤਾ/ਲੋਕ ਮਾਤਾ ਨਹੀਂ ਹੈ। ਦੁਰਗਾ ਇਕ ਇਸਤ੍ਰੀ ਹੈ ਜਿਸ ਲਈ ਲੋਕ ਮਾਤਾ ਸ਼ਬਦ ਢੁੱਕਦਾ ਹੈ। ਰੱਬ ਇਸਤ੍ਰੀ ਰੂਪ ਨਹੀਂ ਹੈ। ਰੱਬ ਨੂੰ ਗੁਰਮਤਿ ਵਿੱਚ ਪੁਲਿੰਗ ਰੂਪ ਵਿੱਚ ਚਿਤਰਿਆ ਗਿਆ ਹੈ। ਇਹ ਰੱਬ ਦਸਮ ਗ੍ਰੰਥ ਦੇ ਲਿਖਾਰੀ ਦਾ ਹੋ ਸਕਦਾ ਹੈ ਕਿਉਂਕਿ ਉਸ ਨੇ ਥਾਂ-ਪੁਰ-ਥਾਂ ਦੁਰਗਾ ਮਾਈ ਦੀਆਂ ਸਿਫ਼ਤਾਂ ਕੀਤੀਆਂ ਹੋਈਆਂ ਹਨ। ਕਿਸੇ ਕਵੀ ਦੀ ਸ਼ਖ਼ਸੀਅਤ ਵਾਰੇ ਅੰਦਾਜ਼ਾ ਤਾਂ ਹੀ ਲਾਇਆ ਜਾ ਸਕਦਾ ਹੈ ਜਦੋਂ ਉਸ ਦੀਆਂ ਸਾਰੀਆਂ ਕਵਿਤਾਵਾਂ ਨੂੰ ਪੜਚੋਲ਼ਿਆ ਜਾਵੇ ਨਾ ਕਿ ਕਿਸੇ ਇੱਕ ਕਵਿਤਾ ਨੂੰ।

# 'ਜਾਪੁ' ਵਿੱਚ ਭਵਾਨੀ ਦੁਰਗਾ ਮਾਈ !!

**'ਜਾਪੁ' ਭਵਾਨੀ ਦੁਰਗਾ ਮਾਈ ਦਾ ਕੀ ਅਰਥ ਹੈ?**

'ਜਾਪੁ' ਨਾਂ ਦੀ ਰਚਨਾ ਦਸਮ ਗ੍ਰੰਥ ਵਿੱਚ ਹੈ। ਦਸਮ ਗ੍ਰੰਥ ਵਿੱਚ ਲੋਕ ਮਾਤਾ, ਜਗ ਮਾਤਾ, ਜਗ ਮਾਇ ਜਿਸ ਹਸਤੀ ਲਈ ਵਰਤੇ ਗਏ ਹਨ, ਉਹ ਹੈ ਸ਼ਿਵ ਜੀ ਦੀ ਪਤਨੀ ਪਾਰਬਤੀ ਜਿਸ ਦੇ ਬਦਲਵੇਂ ਨਾਂ ਦਸਮ ਗ੍ਰੰਥ ਦੇ ਲਿਖਾਰੀਆਂ ਨੇ ਦੁਰਗਾ, ਭਵਾਨੀ, ਗਿਰਿਜਾ, ਭਗਵਤੀ, ਭਗਉਤੀ, ਸਿਵਾ (ਸ਼ਿਵਾ), ਚੰਡਕਾ, ਕਾਲਿਕਾ, ਚੰਡ ਆਦਿਕ ਰੱਖੇ ਹਨ।

ਲੋਕ– ਜੱਗ। ਲੋਕ ਮਾਤਾ– ਜੱਗ ਮਾਤਾ ਦੁਰਗਾ ਮਾਈ ਪਾਰਬਤੀ।

**ਤ੍ਰਿਅ ਚਰਿੱਤ੍ਰ 404 ਵਿੱਚੋਂ :**

1) **ਜਗ ਮਾਤਾ ਦੁਰਗਾ ਨੇ ਅਸ਼ਲੀਲ ਕਹਾਣੀਆਂ ਦੇ ਲਿਖਾਰੀਆਂ ਉੱਤੇ ਕਿਰਪਾ ਕੀਤੀ:**

ਕ੍ਰਿਪਾ ਕਰੀ ਹਮ ਪਰ ਜਗ ਮਾਤਾ।

ਗ੍ਰੰਥ ਕਰਾ ਪੂਰਨ ਸੁਭਰਾਤਾ।ਪੰਨਾ 1388

2) **ਦੁਰਗਾ ਦੇਵੀ ਨੂੰ ਹੀ ਕਵੀ ਨੇ ਲੋਕ ਮਾਤਾ ਕਿਹਾ ਹੈ:**

ਚੰਡੀ ਚਰਿੱਤ੍ਰ। ਦੇਵੀ ਜੂ ਕੀ ਉਸਤਤਿ ਵਿੱਚੋਂ ਪ੍ਰਮਾਣ– ਚੰਡੀ ਚਰਿੱਤ੍ਰ ਵਿੱਚ ਦੁਰਗਾ ਦੇਵੀ ਪਾਰਬਤੀ ਦੀ ਦੈਂਤਾਂ ਨਾਲ਼ ਲੜਾਈ ਹੁੰਦੀ ਹੈ ਜਿਵੇਂ 'ਵਾਰ ਦੁਰਗਾ ਕੀ' ਵਿੱਚ। ਇਸੇ ਪਾਰਬਤੀ ਨੂੰ ਕਵੀ ਨੇ ਲੋਕ ਮਾਤਾ ਕਿਹਾ ਹੈ ਜਿਵੇਂ: –

**ੳ) ਚੰਡੀ ਚਰਿੱਤ੍ਰ। ਦੇਵੀ ਜੂ ਕੀ ਉਸਤਤਿ।**

ਪਿਲੰਗੀ ਪਵੰਗੀ ਨਮੋ ਚਰ ਚਿਤੰਗੀ। ਨਮੋ ਭਾਵਨੀ ਭੂਤ ਹੰਤਾ ਭੜਿੰਗੀ।

ਨਮੋ ਭੀਮਿ ਰੂਪਾ ਨਮੋ ਲੋਕ ਮਾਤਾ। ਭਵੀ ਭਾਵਨੀ ਭਵਿਖਯਾਤਾ ਬਿਧਾਤਾ।254

ਪਿਲੰਗੀ–ਸ਼ੇਰ ਦੀ ਸਵਾਰੀ ਕਰਨ ਵਾਲ਼ੀ ਦੁਰਗਾ ਦੇਵੀ। ਪਵੰਗੀ– ਘੋੜੇ ਦੀ ਸਵਾਰੀ ਕਰਨ ਵਾਲ਼ੀ ਦੁਰਗਾ। ਭੀਮਿ ਰੂਪਾ– ਮਹਾਂ ਬਲੀ ਭੀਮ ਵਰਗੀ ਦੇਵੀ ਦੁਰਗਾ। ਭੜਿੰਗੀ– ਭੇੜ ਕਰਨ ਵਾਲ਼ੀ ਦੁਰਗਾ ਦੇਵੀ।

**ਸੋਚ ਵਿਚਾਰ** : ਰੱਬ ਭੜਿੰਗੀ ਨਹੀਂ। ਰੱਬ ਪਿਲੰਗੀ ਨਹੀਂ। ਰੱਬ ਪਵੰਗੀ ਨਹੀਂ। ਰੱਬ ਚਿਤੰਗੀ ਨਹੀਂ। ਰੱਬ ਭੀਮਿ ਰੂਪਾ ਨਹੀਂ। ਰੱਬ ਲੋਕ ਮਾਤਾ ਵੀ ਨਹੀਂ ਕਿਉਂਕਿ ਲੋਕ ਮਾਤਾ ਹੀ ਭੜਿੰਗੀ, ਪਿਲੰਗੀ, ਪਵੰਗੀ, ਚਿਤੰਗੀ, ਭੀਮਿ ਰੂਪਾ ਆਦਿਕ ਹੈ।

**ਅ) ਲੋਕ ਮਾਤਾ ਨੂੰ ਕਵੀ ਨੇ ਖ਼ੁਦ ਹੀ ਭਵਾਨੀ ਅਤੇ ਦਾਤਾ (ਦਾਤੀ ਕਹਿਣਾ ਬਣਦਾ ਸੀ) ਵੀ ਕਿਹਾ ਹੈ, ਜਿਵੇਂ-**

ਚੰਡੀ ਚਰਿੱਤ੍ਰ। ਦੇਵੀ ਜੂ ਕੀ ਉਸਤਤਿ।

ਸਭੈ ਸੰਤ ਉਬਾਰੀ ਬਰੰ ਬਯੂਹ ਦਾਤਾ।

ਨਮੋ ਤਾਰਣੀ ਕਾਰਣੀ ਲੋਕ ਮਾਤਾ। ਨਮਸਤਯੰ ਨਮਸਤਯੰ ਨਮਸਤਯੰ ਭਵਾਨੀ। ਸਦਾ ਰਾਖਿ ਲੈ ਮਹਿ ਕ੍ਰਿਪਾ ਕੈ ਕ੍ਰਿਪਾਨੀ।256।

**ਸੋਚ ਵਿਚਾਰ** : ਰੱਬ ਭਵਾਨੀ ਨਹੀਂ, ਰੱਬ ਤਾਰਣੀ ਕਾਰਣੀ ਨਹੀਂ, ਰੱਬ ਕ੍ਰਿਪਾਨੀ ਨਹੀਂ ਕਿਉਂਕਿ ਇਹ ਸਾਰੇ ਲੋਕ ਮਾਤਾ ਦੇ ਹੀ ਰੂਪ ਹਨ।

**ੲ) ਚੰਡੀ ਚਰਿੱਤ੍ਰ ਉਸਤਤਿ ਬਰਨੰ- ਦੁਰਗਾ ਨੂੰ ਹੀ ਲੋਕ ਮਾਤਾ ਕਿਹਾ :**

ਭਏ ਸਾਧੁ ਸੰਮੂਹ ਭੀਤੰ ਅਭੀਤੇ।

ਨਮੋ ਲੋਕ ਮਾਤਾ ਭਵੇ ਸ਼ਤ੍ਰ ਜੀਤੇ।259

**ਸ) ਲੋਕ ਮਾਤਾ ਦਾ ਨਾਂ ਕਾਲਕਾ ਵੀ ਹੈ:**

ਚੰਡੀ ਚਰਿੱਤ੍ਰ। ਦੇਵੀ ਜੂ ਕੀ ਉਸਤਤਿ।

ਨਮੋ ਲੰਕੁੜੇਸੀ ਨਮੋ ਸ਼ਕਤਿ ਪਾਣੀ।

ਨਮੋ ਕਾਲਕਾ ਖੜਗ ਪਾਣੀ ਕ੍ਰਿਪਾਣੀ।243

**ਸੋਚ ਵਿਚਾਰ** : ਰੱਬ ਲੰਕੁੜੇਸੀ ਨਹੀਂ, ਰੱਬ ਸ਼ਕਤਿ ਪਾਣੀ ਨਹੀਂ, ਰੱਬ ਕਾਲਕਾ ਨਹੀਂ, ਰੱਬ ਖੜਗ ਪਾਣੀ ਕ੍ਰਿਪਾਣੀ ਨਹੀਂ ਕਿਉਂਕਿ ਇਹ ਸਾਰੇ ਨਾਂ ਲੋਕ ਮਾਤਾ ਦੁਰਗਾ ਭਵਾਨੀ ਦੇ ਹੀ ਹਨ ਰੱਬ ਦੇ ਨਹੀਂ।

**ਹ) ਲੋਕ ਮਾਤਾ, ਪਿਤਾ ਨਹੀਂ, ਮਾਤਾ ਹੀ ਹੈ।**

ਚੰਡੀ ਚਰਿਤ੍ਰ। ਦੇਵੀ ਜੂ ਕੀ ਉਸਤਤਿ।

ਨਮੋ ਸੂਲਣੀ ਸੈਥਣੀ ਪਾਣਿ ਮਾਤਾ।

ਨਮੋ ਗਯਾਨ ਬਿਗਯਾਨ ਕੀ ਗਯਾਨ ਗਯਾਤਾ।231

**ਸੋਚ ਵਿਚਾਰ** : ਰੱਬ ਸੂਲਣੀ ਨਹੀਂ, ਰੱਬ ਸੈਥਣੀ ਨਹੀਂ, ਰੱਬ ਇਸਤ੍ਰੀ ਲਿੰਗ ਨਹੀਂ, ਰੱਬ ਗਯਾਨ ਬਿਗਯਾਨ ਕੀ ਗਯਾਤਾ ਨਹੀਂ ਕਿਉਂਕਿ ਇਹ ਸਾਰੇ ਨਾਂ ਲੋਕ ਮਾਤਾ ਦੇ ਹੀ ਹਨ।

**ਕ) ਲੋਕ ਮਾਤਾ ਅਤੇ ਜਗ ਮਾਇ ਇੱਕੋ ਹੀ ਹਨ:**

ਚੰਡੀ ਚਰਿੱਤ੍ਰ। ਦੇਵੀ ਜੂ ਕੀ ਉਸਤਤਿ। ਸੰਤ ਸਹਾਇ ਸਦਾ ਜਗ ਮਾਈ। ਜਹ ਤਹ ਸਾਧਨ ਹੋਇ ਸਹਾਈ।222।

**ਖ) ਚੰਡੀ ਚਰਿੱਤ੍ਰ ਉਕਤਿ ਬਿਲਾਸ ਵਿੱਚ ਦੁਰਗਾ ਨੂੰ ਹੀ ਕਵੀ ਨੇ ਇੱਕੋ ਕਵਿੱਤ ਵਿੱਚ ਕਾਲਕਾ, ਜਗ ਮਾਤਾ ਅਤੇ ਚੰਡਕਾ ਲਿਖਿਆ ਹੈ,**

**ਦੇਖੋ ਪ੍ਰਮਾਣ:**

ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਕਾ ਕੀ ਏਹੋ ਜਗ ਮਾਤ ਤੈ ਤੋ ਕਟਿਓ ਬਡ ਪਾਪ ਹੈ। ਦੈਂਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ਼ ਹੂ ਕੋ ਬਡੋ ਜਸ਼ ਲੀਨੋ ਜਗ ਤੇਰੋ ਹੀ ਪ੍ਰਤਾਪ ਹੈ। ਦੇਤ ਹੈ ਅਸ਼ੀਸ਼ ਦਿਗ ਰਾਜ ਰਿਖ ਬਾਰਿ ਬਾਰਿ ਤਹਾ ਹੀ ਪੜਿਓ ਹੈ ਬ੍ਰਹਮ ਕਉਚ ਹੂੰ ਕੋ ਜਾਪ ਹੈ। ਐਸੇ ਜਸ਼ ਪੂਰਿ ਰਹਿਓ ਚੰਡਕਾ ਕੋ ਤੀਨ ਲੋਕ ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪ ਹੈ।

**ਸੋਚ ਵਿਚਾਰ** : ਉੱਪਰ ਦਿੱਤੇ ਪ੍ਰਮਾਣਾ ਤੋਂ ਪਤਾ ਲੱਗਦਾ ਹੈ ਕਿ 'ਨਮੋ ਲੋਕ ਮਾਤਾ' ਸ਼ਬਦਾਂ ਦਾ ਅਰਥ ਹੈ– ਹੇ ਦੁਰਗਾ ਮਾਈ ਪਾਰਬਤੀ ਤੈਨੂੰ ਨਮਸਕਾਰ ਹੈ! ਲੋਕ ਮਾਤਾ ਸ਼ਬਦ 'ਦੇਵੀ ਜੂ ਕੀ ਉਸਤਤਿ' ਵਿੱਚ ਲਿਖੇ ਛੰਦਾ ਵਿੱਚ ਵਰਤਿਆ ਗਿਆ ਹੈ।

ਚੰਡੀ ਚਰਿੱਤ੍ਰ ਉਕਤਿ ਬਿਲਾਸ ਵਿੱਚ ਵੀ ਚੰਡੀ ਚਰਿੱਤ੍ਰ ਵਾਲ਼ੀ ਹੀ ਦੁਰਗਾ ਅਤੇ ਦੈਂਤਾਂ ਦੇ ਜੰਗ ਦੀ ਕਹਾਣੀ ਹੈ ਜਿੱਥੇ ਦੁਰਗਾ ਮਾਈ ਪਾਰਬਤੀ ਨੂੰ ਲੋਕ ਮਾਤਾ ਲਿਖਿਆ ਗਿਆ ਹੈ।

## ਪ੍ਰਸ਼ਨ - ਕੀ ਭਾਈ ਵੀਰ ਸਿੰਘ, ਗਿਆਨੀ ਮਾਨ ਸਿੰਘ ਝੌਰ ਅਤੇ ਗਿਆਨੀ ਸੰਤ ਸਿੰਘ ਮਸਕੀਨ ਦਸ਼ਮ ਗ੍ਰੰਥ ਪ੍ਰਤੀ ਸਿੱਖਾਂ ਨੂੰ ਯੋਗ ਅਗਵਾਈ ਦੇ ਸਕੇ?

**ਉਤਰ : ਨਹੀਂ। ਇਹ ਤਿੰਨੇ ਵਿਦਵਾਨ ਸਿੱਖਾਂ ਨੂੰ ਕੇਵਲ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ਼ ਹੀ ਜੁੜੇ ਰਹਿਣ ਦਾ ਸੰਦੇਸ਼ ਦੇ ਕੇ ਸਿੱਖਾਂ ਨੂੰ ਚੰਗੀ ਸੇਧ ਦੇ ਸਕਦੇ ਸਨ ਪਰ ਇਹ ਤਿੰਨੇ ਹੀ ਦਸ਼ਮ ਗ੍ਰੰਥ ਨੂੰ ਦਸਵੇਂ ਗੁਰੂ ਜੀ ਕ੍ਰਿਤ ਦੱਸਦੇ ਰਹੇ ਜਿਸ ਨਾਲ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਬਹੁਤ ਠੇਸ ਪਹੁੰਚੀ ਹੈ ਅਤੇ ਬ੍ਰਾਹਮਣਵਾਦ ਵਲੋਂ ਦਸ਼ਮ ਗ੍ਰੰਥ ਨੂੰ ਸੱਚੇ ਗੁਰੂ ਦਾ ਸ਼ਰੀਕ ਖੜ੍ਹਾ ਕਰਨ ਵਿੱਚ ਬਹੁਤ ਮੱਦਦ ਮਿਲ਼ੀ ਹੈ। ਸਿੱਖ ਗੁੰਮਰਾਹ ਹੋਏ ਹਨ। ਦਸ਼ਮ ਗ੍ਰੰਥ ਵਿੱਚ ਦੁਰਗਾ ਦੇਵੀ 'ਕਾਲਿਕਾ' ਨੂੰ ਆਪਣੀ ਪੁੱਤ੍ਰੀ ਕਹਿ ਕੇ ਆਪਣੇ ਵਿੱਚ ਲੀਨ ਕਰ ਲੈਂਦੀ ਹੈ ਜਦੋਂ ਕਿ ਇਨ੍ਹਾਂ ਵਿਦਵਾਨਾਂ ਵਿੱਚੋਂ ਕਿਸੇ ਨੇ ਕਾਲਿਕਾ ਦਾ ਅਰਥ ਅਕਾਲਪੁਰਖ ਕਰ ਦਿੱਤਾ ਅਤੇ ਕਿਸੇ ਨੇ 'ਕਾਲਿਕਾ' ਸ਼ਬਦ ਨੂੰ 'ਕਾਲ+ਕਾ' ਦੱਸ ਕੇ ਗ਼ਲਤ ਨਿਖੇੜਾ ਕਰ ਦਿੱਤਾ। ਗਿਆਨੀ ਭਾਗ ਸਿੰਘ ਅੰਬਾਲ਼ਾ ਨੂੰ, ਦਸ਼ਮ ਗ੍ਰੰਥ ਪ੍ਰਤੀ ਆਪਣੇ ਵਿਚਾਰ ਲਿਖਣ ਉਤੇ ਗਿਆਨੀ ਸੰਤ ਸਿੰਘ ਮਸਕੀਨ ਨੇ ਹੀ ਗਿ. ਸਾਧੂ ਸਿੰਘ ਭੌਰਾ ਦੇ ਕੰਨ ਭਰ ਕੇ, ਛੇਕਣ ਦਾ ਕੁਹਾੜਾ ਮਰਵਾਇਆ ਸੀ ਅਤੇ ਮਸਕੀਨ ਨੇ ਹੀ ਕਾਮ ਸੂਤਰ ਦੇ ਲਿਖਾਰੀ ਵਾਤਸਾਇਨ ਨਾਲ਼ ਦਸਵੇਂ ਗੁਰੂ ਜੀ ਦੀ ਤੁਲਨਾ, ਚਰਿੱਤਰੋ ਪਾਖਿਯਨ ਦੇ ਲਿਖਾਰੀ ਬਣਾ ਕੇ, ਕਰ ਦਿੱਤੀ ਸੀ। ਮਸਕੀਨ ਜੀ ਨੇ ਕਿਹਾ ਸੀ ਕਿ ਜੇ ਵਾਤਸਾਇਨ ਕਾਮ ਸੂਤਰ ਲਿਖ ਸਕਦਾ ਹੈ ਤਾਂ ਦਸਵੇਂ ਪਾਤਿਸ਼ਾਹ 'ਤ੍ਰਿਅ ਚਰਿੱਤ੍ਰ\ਚਰਿੱਤਰੋ ਪਾਖਿਯਾਨ' ਕਿਉਂ ਨਹੀਂ ਲਿਖ ਸਕਦੇ? ਸੰਨ 1973 ਵਾਲ਼ੀ ਸ਼੍ਰੋ. ਕਮੇਟੀ, ਮੁੱਖ ਸੇਵਾਦਾਰ ਸ਼੍ਰੀ ਅਕਾਲ ਤਖ਼ਤ ਅਤੇ ਹੋਰ ਗ੍ਰੰਥੀ ਸਿੰਘਾਂ ਵਲੋਂ ਮਤਾ ਪਾਇਆ ਗਿਆ ਸੀ ਕਿ 'ਚਰਿੱਤ੍ਰ ਪਾਖਿਯਾਨ' ਦਸਵੇਂ ਗੁਰੂ ਜੀ ਦੀ ਰਚਨਾ ਨਹੀਂ ਹੈ ਪਰ ਮਸਕੀਨ ਜੀ ਨੇ ਇਸ ਚੰਗੇ ਮਤੇ ਦੀ ਪਰਵਾਹ ਨਹੀਂ ਕੀਤੀ ਸੀ।**

# ਕੀ ਸ਼ਸਤ੍ਰਧਾਰੀ ਰੱਬ ਹੈ ਜਾਂ ਦੁਰਗਾ ਅਤੇ ਮਹਾਂਕਾਲ਼ ਹਨ?




**'ਜਾਪੁ'** ਨਾਂ ਦੀ ਰਚਨਾ ਰੱਬ ਨੂੰ ਸ਼ਸਤ੍ਰਧਾਰੀ ਮੰਨਦੀ ਹੈ! ਕੀ ਇਹ ਠੀਕ ਹੈ?

**'ਜਾਪੁ'** ਨਾਂ ਦੀ ਰਚਨਾ ਦੇ ਪ੍ਰਚੱਲਤ ਟੀਕਿਆਂ ਵਿੱਚ ਰੱਬ ਨੂੰ ਸ਼ਸਤ੍ਰਧਾਰੀ ਮੰਨਿਆਂ ਗਿਆ ਹੈ ਕਿਉਂਕਿ ਟੀਕਾਕਾਰਾਂ ਅਨੁਸਾਰ ਜਾਪੁ ਵਿੱਚ ਰੱਬ ਦੀਆਂ ਸਿਫ਼ਤਾਂ ਹਨ।

**ਜੋ ਸ਼ਸਤ੍ਰਧਾਰੀ ਹੈ ਉਹ ਦੇਹਧਾਰੀ ਵੀ ਹੈ।**

ਦੇਹਧਾਰੀ ਪੰਜਾਂ ਤੱਤਾਂ ਹਵਾ, ਪਾਣੀ, ਅੱਗ, ਧਰਤੀ, ਆਕਾਸ਼ ਦਾ ਬਣਿਆਂ ਹੁੰਦਾ ਹੈ ਜੋ ਸਦਾ ਨਹੀਂ ਰਹਿੰਦਾ। 'ਜਾਪੁ' ਵਿੱਚ ਰੱਬ ਨੂੰ ਦੇਹਧਾਰੀ ਮੰਨ ਕੇ ਉਸ ਦੇ ਹੱਥਾਂ ਵਿੱਚ ਦੋ ਤਰ੍ਹਾਂ ਦੇ ਹਥਿਆਰ ਫੜਾਏ ਗਏ ਹਨ– ਸ਼ਸਤ੍ਰ ਅਤੇ ਅਸਤ੍ਰ। ਸ਼ਸਤ੍ਰਾਂ ਨੂੰ ਹੱਥਾਂ ਵਿੱਚ ਫੜ ਕੇ ਵਾਰ ਕਰੀਦਾ ਹੈ ਜਿਵੇਂ ਤਲਵਾਰ, ਬੰਦੂਕ ਆਦਿਕ ਅਤੇ ਅਸਤ੍ਰਾਂ ਨੂੰ ਹੱਥਾਂ ਵਿੱਚੋਂ ਚਲਾ ਕੇ ਦੂਰ ਦੁਸ਼ਮਣਾਂ ਉਤੇ ਮਾਰਿਆ ਜਾਂਦਾ ਹੈ ਜਿਵੇਂ ਚੱਕ੍ਰ ਆਦਿਕ।

**'ਜਾਪੁ' ਨਾਂ ਦੀ ਰਚਨਾ ਵਿੱਚ ਲਿਖਿਆ ਗਿਆ ਹੈ-**

**ਨਮੋ ਸ਼ਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥52॥**

**ਪ੍ਰਚੱਲਤ ਅਰਥ** :- ਰੱਬ ਸ਼ਸਤ੍ਰ ਅਤੇ ਅਸਤ੍ਰ ਪਹਿਨ ਕੇ ਰੱਖਦਾ ਹੈ। ਟੀਕਾਕਾਰਾਂ ਵਲੋਂ ਕੀਤੇ ਇਨ੍ਹਾਂ ਅਰਥਾਂ ਤੋਂ ਸਹਜੇ ਹੀ ਹੇਠ ਲਿਖੇ ਸਿੱਟੇ ਕੱਢੇ ਜਾ ਸਕਦੇ ਹਨ–

1) ਰੱਬ ਦੇਹਧਾਰੀ ਹੈ ਜੋ ਪੰਜਾਂ ਤੱਤਾਂ ਦਾ ਬਣਿਆਂ ਹੋਇਆ ਹੈ।

2) ਰੱਬ ਤੋਂ ਵੱਡੀ ਕੋਈ ਸ਼ਕਤੀ ਹੈ ਜਿਸ ਤੋਂ ਉਸ ਨੂੰ ਮਾਰੇ ਜਾਣ ਦਾ ਡਰ ਲੱਗਦਾ ਹੈ। ਇਸ ਡਰ ਵਜੋਂ ਹੀ ਰੱਬ ਆਪਣੇ ਕੋਲ਼ ਸ਼ਸਤ੍ਰ ਅਤੇ ਅਸਤ੍ਰ ਰੱਖਦਾ ਹੋਵੇਗਾ।

3) ਰੱਬ ਦੇ ਕੁੱਝ ਵੈਰੀ ਵੀ ਹਨ ਜਿਨ੍ਹਾਂ ਨੂੰ ਡਰਾਉਣ ਲਈ ਰੱਬ ਨੂੰ ਹਥਿਆਰਾਂ ਦੀ ਲੋੜ ਹੈ।

**ਉਪਰੋਕਤ ਸਿੱਟਿਆਂ ਪ੍ਰਤੀ ਗੁਰਮਤਿ ਵਿਚਾਰ:**

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ–

1) ਰੱਬ 'ਸਤਿ ਨਾਮੁ' ਹੈ ਜਿਸ ਦਾ ਅਰਥ ਹੈ ਕਿ ਰੱਬ ਸਦਾ ਹੀ ਕਾਇਮ ਰਹਿਣ ਵਾਲ਼ਾ ਹੈ। 'ਜਾਪੁ' ਰਚਨਾ ਦਾ ਰੱਬ ਦੇ ਦੇਹਧਾਰੀ ਹੋਣ ਦਾ ਦਾਅਵਾ ਝੂਠਾ ਸਾਬਤ ਹੁੰਦਾ ਹੈ ਕਿਉਂਕਿ ਦੇਹਧਾਰੀ ਦੀ ਇੱਕ ਦਿਨ ਮੌਤ ਹੋ ਜਾਂਦੀ ਹੈ ਜਦੋਂ ਕਿ ਰੱਬ 'ਅਕਾਲ ਮੂਰਤਿ' (ਸਮੇਂ ਦੇ ਮਾਰੂ ਪ੍ਰਭਾਵ ਤੋਂ ਪਰੇ) ਹੈ। ਸਮਾਂ ਰੱਬ ਨੂੰ ਮਾਰ ਨਹੀਂ ਸਕਦਾ, ਦੇਹਧਾਰੀ ਨੂੰ ਮਾਰ ਸਕਦਾ ਹੈ। ਜੇ ਰੱਬ ਦੇਹਧਾਰੀ ਹੁੰਦਾ ਤਾਂ ਕਦੋਂ ਦਾ ਖ਼ਤਮ ਹੋ ਗਿਆ ਹੁੰਦਾ ਪਰ ਉਸ ਪ੍ਰਤੀ ਤਾਂ ਗੁਰੂ ਨਾਨਕ ਪਾਤਿਸ਼ਾਹ ਜੀ ਕਹਿੰਦੇ ਹਨ–

**ਆਦਿ ਸਚੁ ਜੁਗਾਦਿ ਸਚੁ ॥**

**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥(ਗਗਸ ਜਪੁ)**

2) 'ਜਾਪੁ' ਅਨੁਸਾਰ ਰੱਬ ਤੋਂ ਕੋਈ ਵੱਡੀ ਸ਼ਕਤੀ ਹੈ ਜਿਸ ਕਾਰਣ ਉਹ ਆਤਮ ਰੱਖਿਆ ਲਈ ਹਥਿਆਰ ਰੱਖਦਾ ਹੈ।

'ਜਾਪੁ' ਦਾ ਇਹ ਦਾਅਵਾ ਵੀ ਝੂਠਾ ਹੈ।

ਗੁਰਬਾਣੀ ਅਨੁਸਾਰ ਰੱਬ 'ਕਰਤਾ ਪੁਰਖੁ' ਹੈ। ਸੱਭ ਸ਼ਕਤੀਆਂ ਰੱਬ ਨੇ ਬਣਾਈਆਂ ਹਨ ਜੋ ਰੱਬ ਤੋਂ ਛੋਟੀਆਂ ਹਨ। ਸਾਰੇ ਰਾਜੇ ਮਹਾਰਾਜੇ ਰੱਬ ਦੇ ਬਣਾਏ ਹੋਏ ਹਨ ਜੋ ਰੱਬ ਦੇ ਬਰਾਬਰ ਵੀ ਨਹੀਂ ਹੋ ਸਕਦੇ, ਜਿਵੇਂ,

**ੳ) ਕੋਊ ਹਰਿ ਸਮਾਨਿ ਨਹੀ ਰਾਜਾ ॥**

**(ਗਗਸ ਪੰਨਾ 856)**

ਸਾਰੀ ਸ੍ਰਿਸ਼ਟੀ ਨੂੰ ਜਿੱਤਣ ਵਾਲ਼ੇ ਦੁਖੀ ਰਾਜੇ ਵੀ ਰੱਬ ਦੀ ਬੰਦਗੀ ਨਾਲ਼ ਹੀ ਸ਼ਾਂਤੀ ਨਸੀਬ ਕਰ ਸਕਦੇ ਹਨ, ਜਿਵੇਂ,

**ਅ) ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥**

**ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥**

**(ਗਗਸ ਪੰਨਾ 264)**

ਰੱਬ ਦੇ ਕਾਨੂੰਨ ਅਨੁਸਾਰ ਆਉਂਦੇ ਹੜ੍ਹਾਂ, ਤੁਫ਼ਾਨਾ, ਭੁਚਾਲ਼ਾਂ ਆਦਿਕ ਨੂੰ ਦੁਨੀਆਂ ਦੀ ਕੋਈ ਸ਼ਕਤੀ ਨਹੀਂ ਰੋਕ ਸਕਦੀ। ਰੱਬ ਦੀ ਸ਼ਕਤੀ ਅੱਗੇ ਸੱਭ ਸ਼ਕਤੀਆਂ ਬੇਬੱਸ ਹੋ ਜਾਂਦੀਆਂ ਹਨ, ਜਿਵੇਂ,

**ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ ॥**

**(ਗਗਸ ਪੰਨਾ 318)**

**ਅਰਥ** :- ਪਾਰਬ੍ਰਹਮ ਤੋਂ ਵੱਡੀ ਕੋਈ ਸ਼ਕਤੀ ਨਹੀਂ ਹੈ।ਉਸ ਦੀ ਸ਼ਰਣ ਵਿੱਚ ਰਹਿਣਾ ਹੀ ਚੰਗਾ ਹੈ।ਉਸ ਰੱਬ ਜਿੱਡੀ ਹੋਰ ਕੋਈ ਸ਼ਕਤੀ ਨਹੀਂ ਹੈ, ਜਿਵੇਂ,

**ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨਾ ਸਾਈਆ ॥**

**ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ ॥**

**(ਗਗਸ ਪੰਨਾ 1098)**

3) 'ਜਾਪੁ' ਅਨੁਸਾਰ ਰੱਬ ਨੂੰ ਵੈਰੀਆਂ ਤੋਂ ਡਰ ਹੈ ਤਾਂ ਹੀ ਉਸ ਨੂੰ ਹਥਿਆਰਾਂ ਦੀ ਲੋੜ ਹੈ। ਮੰਗਲ਼ਾਚਰਨ ਇਸ ਸੋਚ ਨੂੰ ਰੱਦ ਕਰਦਾ ਕਹਿੰਦਾ ਹੈ ਕਿਉਂਕਿ ਰੱਬ 'ਨਿਰਭਉ' ਅਤੇ 'ਨਿਰਵੈਰੁ' ਸ਼ਕਤੀ ਹੈ। ਜੋ ਨਿਰਭਉ ਅਤੇ ਨਿਰਵੈਰੁ ਹੈ ਉਸ ਨੂੰ ਕਿਸੇ ਹਥਿਆਰ ਦੀ ਕੋਈ ਲੋੜ ਨਹੀਂ ਹੁੰਦੀ।ਜੋ ਨਿਰਭਉ ਹੈ ਕੋਈ ਵੈਰੀ ਉਸ ਦਾ ਕੁੱਝ ਨਹੀਂ ਵਿਗਾੜ ਸਕਦਾ। ਜਿਸ ਦਾ ਕਿਸੇ ਨਾਲ਼ ਕੋਈ ਵੈਰ ਹੀ ਨਹੀਂ ਉਸ ਦਾ ਕੋਈ ਵੈਰੀ ਕਿਵੇਂ ਹੋ ਸਕਦਾ ਹੈ।ਜੇ ਕੋਈ ਰੱਬ ਦਾ ਵੈਰੀ ਬਣ ਵੀ ਜਾਵੇ ਤਾਂ ਉਹ ਰੱਬ ਦਾ ਕੀ ਵਿਗਾੜ ਸਕਦਾ ਹੈ? ਰੱਬ ਦਾ ਕੋਈ ਪੰਜ ਭੂਤਕ ਸ਼ਰੀਰ ਨਹੀਂ ਹੈ ਅਤੇ ਉਹ ਅਗੰਮੁ ਹੈ।

**ਸੱਚਾਈ ਕੀ ਹੈ?**

'ਨਮੋ ਸ਼ਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥' ਸ਼ਬਦ 'ਜਾਪੁ' ਵਿੱਚ ਕਿੱਸ ਹਸਤੀ ਲਈ ਵਰਤੇ ਗਏ ਹਨ? ਆਓ ਉਸ ਹਸਤੀ ਨੂੰ ਦਸ਼ਮ ਗ੍ਰੰਥ ਵਿੱਚੋਂ ਭਾਲ਼ੀਏ ਕਿਉਂਕਿ 'ਜਾਪੁ' ਰਚਨਾ ਇਸੇ ਗ੍ਰੰਥ ਵਿੱਚ ਦਰਜ ਹੈ: –

ਸ਼ਸਤ੍ਰ ਅਤੇ ਅਸਤ੍ਰ ਪਹਿਨਣ ਵਾਲ਼ੀ ਉਹ ਸ਼ਕਤੀ ਦੁਰਗਾ ਮਾਈ ਪਾਰਬਤੀ ਹੈ ਜਿਸ ਨੂੰ ਭਗਉਤੀ, ਭਵਾਨੀ, ਭਗਵਤੀ, ਚੰਡੀ, ਚੰਡਿਕਾ, ਕਾਲਿਕਾ, ਸ਼ਿਵਾ, ਗਿਰਿਜਾ, ਦੁਰਗਸ਼ਾਹ ਆਦਿਕ ਕਈ ਨਾਵਾਂ ਨਾਲ਼ ਬਿਆਨ ਕੀਤਾ ਗਿਆ ਹੈ।

ਦਸ਼ਮ ਗ੍ਰੰਥ ਪੰਨਾ 309 ਉਤੇ ਕ੍ਰਿਸ਼ਨਾਵਤਾਰ ਵਿੱਚ 'ਅਥ ਦੇਵੀ ਜੂ ਕੀ ਉਸਤਤ ਕਥਨੰ॥ਭੁਜੰਗ ਪ੍ਰਯਾਤ ਛੰਦ॥'

ਸ਼ਯਾਮਕਵੀ ਕਵੀ ਸ਼ਯਾਮ ਦਾ ਨਾਂ 'ਕ੍ਰਿਸ਼ਨਾਵਤਾਰ' ਰਚਨਾ ਵਿੱਚ ਕਈ ਵਾਰੀ ਵਰਤਿਆ ਗਿਆ ਹੈ ਵਲੋਂ ਲਿਖਿਆ ਸਿਰਲੇਖ ਧਿਆਨ ਨਾਲ਼ ਪੜ੍ਹਨ ਉਪਰੰਤ ਪਤਾ ਲੱਗਦਾ ਹੈ ਕਿ ਕਵੀ ਕਿਸੇ 'ਦੇਵੀ' ਦੀ ਸਿਫ਼ਤਿ ਕਰਨ ਲੱਗਾ ਹੈ, ਰੱਬ ਦੀ ਨਹੀਂ ਕਿਉਂਕਿ ਰੱਬ 'ਦੇਵੀ' ਨਹੀਂ ਹੁੰਦਾ ਅਤੇ ਦੇਵੀ 'ਰੱਬ' ਨਹੀਂ ਹੁੰਦੀ। ਇਹ ਦੇਵੀ ਉਹੀ ਹੈ ਜੋ 'ਚੰਡੀ ਚਰਿੱਤ੍ਰ ਉਕਤਿ ਬਿਲਾਸ', 'ਚੰਡੀ ਚਰਿੱਤ੍ਰ' ਅਤੇ 'ਵਾਰ ਦੁਰਗਾ ਕੀ' (ਧੋਖੇ ਨਾਲ਼ ਬਦਲਿਆ ਨਾਂ– ਵਾਰ ਸ੍ਰੀ ਭਗਉਤੀ ਜੀ ਕੀ) ਵਿੱਚ ਇੰਦ੍ਰ ਦੀ ਸਹਾਇਤਾ ਕਰਦੀ ਦੈਂਤਾਂ ਨਾਲ਼ ਯੁੱਧ ਕਰਦੀ ਜਿੱਤ ਜਾਂਦੀ ਹੈ। ਇਨ੍ਹਾਂ ਰਚਨਾਵਾਂ ਵਿੱਚ ਇਸ ਦੇਵੀ ਨੂੰ ਦੁਰਗਾਸ਼ਾਹ, ਭਵਾਨੀ, ਚੰਡੀ, ਚੰਡਕਾ, ਚੰਡ, ਦੁਰਗਾ ਆਦਿਕ ਕਈ ਨਾਵਾਂ ਨਾਲ਼ ਲੜਦੀ ਲਿਖਿਆ ਗਿਆ ਹੈ।

'ਦੇਵੀ ਜੂ ਕੀ ਉਸਤਤ' ਲਿਖਦਾ ਕਵੀ ਸ਼ਯਾਮ ਦੇਵੀ ਨੂੰ ਇਸਤ੍ਰੀ ਲਿੰਗ ਰੂਪ ਜਾਣ ਕੇ ਕਹਿੰਦਾ ਹੈ–

**ੳ) ਅਥ ਦੇਵੀ ਜੂ ਕੀ ਉਸਤਤ ਕਥਨੰ ॥**

ਤੁਹੀ ਅਸਤ੍ਰਣੀ ਸ਼ਸਤ੍ਰਣੀ ਆਪ ਰੂਪਾ ॥

ਤੁਹੀ ਅੰਬਕਾ ਜੰਭ ਹੰਤੀ ਅਨੂਪਾ ॥421॥

ਤੁਹੀ ਰਿਸ਼ਟਣੀ ਪੁਸ਼ਟਣੀ ਸ਼ਸਤ੍ਰਣੀ ਹੈਂ ॥

ਤੁਹੀ ਕਸ਼ਟਣੀ ਹਰਤਣੀ ਅਸਤ੍ਰਣੀ ਹੈਂ ॥424॥

ਮਹਾ ਬਾਹਣੀ ਅਸਤ੍ਰਣੀ ਸ਼ਸਤ੍ਰਧਾਰੀ ॥

ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥427॥

**ਸੋਚ ਵਿਚਾਰ** : ਕਵੀ ਸ਼ਯਾਮ ਨੇ ਦੁਰਗਾ ਦੇਵੀ ਨੂੰ ਸ਼ਸਤ੍ਰਣੀ ਅਤੇ ਅਸਤ੍ਰਣੀ ਕਿਹਾ ਹੈ। ਸਪੱਸ਼ਟ ਹੈ ਕਿ ਦੇਵੀ ਦੁਰਗਾ ਹੱਥਾਂ ਵਿੱਚ ਸ਼ਸਤ੍ਰ ਅਤੇ ਅਸਤ੍ਰ ਰੱਖਣ ਵਾਲ਼ੀ ਹੈ। ਰੱਬ ਨਾ ਤਾਂ ਸ਼ਸਤ੍ਰ ਰੱਖਦਾ ਹੈ ਅਤੇ ਨਾ ਹੀ ਅਸਤ੍ਰ।

**ਅ) ਚਰਿੱਤਰੋ ਪਾਖਿਯਾਨ ਦਾ ਪਹਿਲਾ ਚਰਿੱਤ੍ਰ ਦਗ ਪੰਨਾ 809 ਦੁਰਗਾ ਦੇਵੀ ਪ੍ਰਤੀ ਲਿਖਿਆ ਗਿਆ ਹੈ ਜਿਸ ਵਿੱਚ ਕਵੀ ਦੁਰਗਾ ਨੂੰ ਸ਼ਸਤ੍ਰਣੀ ਅਤੇ ਅਸਤ੍ਰਣੀ ਲਿਖਦਾ ਹੈ ਜਿਵੇਂ-**

ਤੁਹੀ ਖੜਗਧਾਰੀ ਤੁਹੀ ਬਾਢਵਾਰੀ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ॥
ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ॥
ਨਿਹਾਰੋ ਜਹਾਂ ਆਪੁ ਠਾਢੀ ਵਹੀ ਹੈਂ॥1॥

**ਸੋਚ ਵਿਚਾਰ** : ਦੁਰਗਾ ਦੇਵੀ ਦੇ ਕੋਲ਼ ਸ਼ਸਤ੍ਰ ਹਨ, ਜਿਵੇਂ ਖੜਗ, ਤਰਵਾਰ, ਕਟਾਰੀ ਆਦਿਕ ਅਤੇ ਅਸਤ੍ਰ ਵੀ ਹਨ ਜਿਵੇਂ ਤੀਰ। ਉਪਰੋਕਤ ਬੰਦ ਰੱਬ ਦੀ ਸਿਫ਼ਤ ਵਿੱਚ ਨਹੀਂ ਸਗੋਂ ਦੇਵੀ ਦੀ ਉਸਤਤ ਵਿੱਚ ਹੈ ਅਤੇ ਇਹ ਤੱਥ 'ਠਾਢੀ ਵਹੀ' ਤੋਂ ਸਪੱਸ਼ਟ ਹੋ ਜਾਂਦਾ ਹੈ। ਠਾਢੀ ਦਾ ਅਰਥ ਹੈ ਖੜੀ ਅਤੇ ਵਹੀ ਦਾ ਅਰਥ ਹੈ ਓਥੇ ਹੀ। ਦੇਵੀ ਕਿਉਂਕਿ ਇਸਤ੍ਰੀ ਹੈ ਤਾਂ ਹੀ ਸ਼ਬਦ 'ਠਾਢੀ ਵਹੀ' ਵਰਤੇ ਗਏ ਹਨ। ਹਥਿਆਰ ਰੱਖਣ ਵਾਲ਼ਾ ਰੱਬ ਨਹੀਂ ਸਗੋਂ ਦੁਰਗਾ ਦੇਵੀ ਪਾਰਬਤੀ ਹੈ ਜੋ ਦੈਂਤਾਂ ਨਾਲ਼ ਯੁੱਧ ਕਰਦੀ ਹੈ।

**ਸ) ਪਾਰਸ ਨਾਥ ਰੁਦ੍ਰ ਅਵਤਾਰ ਕਥਨੰ ਪੰਨਾ ਦਗ 674**

ਦੁਰਗਾ ਦੇਵੀ ਦਾ ਬਿਆਨ ਕਵੀ ਇਉਂ ਕਰਦਾ ਹੈ–
ਖੜਗਣੀ ਗੜਗਣੀ ਸੈਥਣੀ ਸਾਪਣੀ॥65॥
ਅੰਜਨੀ ਅੰਬਕਾ ਅਸਤ੍ਰਣੀ ਧਾਰਣੀ॥67॥
ਸ਼ਸਤ੍ਰਣੀ ਅਸਤ੍ਰਣੀ ਸੂਲਣੀ ਸਾਸਣੀ॥72॥

**ਹ) 'ਦੇਵੀ ਜੂ ਕੀ ਉਸਤਤ' ਪੰਨਾਂ ਦਗ 115-17**

ਭਵੀ ਭਾਰਗਵੀਯੰ ਨਮੋ ਸ਼ਸਤ੍ਰ ਪਾਣੰ॥
ਨਮੋ ਅਸਤ੍ਰ ਧਰਤਾ ਨਮੋ ਤੇਜ ਮਾਣੰ॥11॥230॥
ਨਮੋ ਚਾਪਣੀ ਚਰਮਣੀ ਖੜਗ ਪਾਣੰ॥
ਗਦਾ ਪਾਨਿਣੀ ਚੱਕ੍ਰਣੀ ਚਿੱਤ੍ਰ ਮਾਣੰ॥
ਨਮੋ ਸੂਲਣੀ ਸੈਥਣੀ ਪਾਨਿ ਮਾਤਾ॥12॥231॥
ਨਮੋ ਸ਼ਸਤ੍ਰਣੀ ਅਸਤ੍ਰਣੀ ਕਰਮ ਕਰਤਾ॥14॥233॥
ਨਮੋ ਕਾਲਕਾ ਖੜਗਪਾਨੀ ਕ੍ਰਿਪਾਣੀ॥24॥243॥

**ਕ) ਮਹਾਂਕਾਲ਼ ਵੀ ਦੇਹਧਾਰੀ ਅਤੇ ਸ਼ਸਤ੍ਰਧਾਰੀ ਹੈ:**

ਤ੍ਰਿਅ ਚਰਿੱਤ੍ਰ ਨੰਬਰ 404 ਵਿੱਚ ਹਿੰਦੂ ਦੇਵਤੇ ਮਹਾਂਕਾਲ਼ ਦੀ ਦੈਂਤਾਂ ਨਾਲ਼ ਯੁੱਧ ਦੀ ਕਹਾਣੀ ਹੈ ਜਿਸ ਵਿੱਚ ਮਹਾਂਕਾਲ਼ ਦੀ ਸ਼ਾਨਦਾਰ ਜਿੱਤ ਹੁੰਦੀ ਹੈ। ਮਹਾਂਕਾਲ਼ ਦਾ ਮੰਦਰ ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਬਣਿਆਂ ਹੋਇਆ ਹੈ ਜਿੱਥੇ ਹਿੰਦੂ ਸ਼ਰਧਾਲੂ ਪੂਜਾ ਕਰਦੇ ਹਨ। ਮਹਾਂਕਾਲ਼ ਦਾ ਯੁੱਧ ਇੱਕ ਸੁੰਦਰੀ ਦੂਲਹ ਦੇਈ ਨਾਲ਼ ਵਿਆਹ ਦੀ ਖ਼ਾਤਰ ਹੈ ਜਿਸ ਦੀ ਮਹਾਂਕਾਲ਼ ਯੁੱਧ ਵਿੱਚ ਦੈਂਤਾਂ ਵਿਰੁੱਧ ਲੜਨ ਵਿੱਚ ਸਹਾਇਤਾ ਕਰਦਾ ਹੈ। ਕਬਿਯੋ ਬਾਚ ਬੇਨਤੀ ਚੌਪਈ ਇਸੇ ਮਹਾਂਕਾਲ਼ ਅੱਗੇ ਰਾਮ\ਸ਼ਯਾਮ ਕਵੀ ਦੀ ਕੀਤੀ ਲ੍ਹੇਲੜੀਆਂ ਭਰੀ ਬੇਨਤੀ ਹੈ ਜਿਸ ਨੂੰ ਦਸਵੇਂ ਗੁਰੂ ਜੀ ਨਾਲ਼ ਜੋੜ ਕੇ ਸਿੱਖੀ ਦਾ ਘਾਣ ਕੀਤਾ ਗਿਆ ਹੈ। ਮਹਾਂਕਾਲ਼ ਕਿਉਂਕਿ ਯੁੱਧ ਕਰਦਾ ਹੈ ਅਤੇ ਸ਼ਸਤ੍ਰਾਂ ਬਿਨਾਂ ਯੁੱਧ ਨਹੀਂ ਲੜਿਆ ਜਾ ਸਕਦਾ ਇਸ ਲਈ ਹੀ ਉਹ ਸ਼ਸਤ੍ਰਧਾਰੀ ਹੁੰਦਾ ਹੈ ਪਰ ਉਹ ਹਿੰਦੂਆਂ ਲਈ ਇੱਕ ਦੇਵਤਾ ਹੈ ਜੋ ਸਿੱਖਾਂ ਦਾ ਰੱਬ ਨਹੀਂ। ਕੁੱਝ ਪ੍ਰਮਾਣ ਹੇਠਾਂ ਲਿਖੇ ਜਾ ਰਹੇ ਹਨ: –

**ੳ) ਮਹਾਂਕਾਲ਼-ਕਾਲ਼ ਸ਼ਸਤ੍ਰਧਾਰੀ ਹੈ:**

ਕਰਿ ਕਰਿ ਕੋਪ ਕਾਲ ਸ੍ਰੀ ਤਬ ਹੀ॥
ਰਥ ਪਰ ਚੜਾ ਸ਼ਸਤ੍ਰ ਲੈ ਸਭ ਹੀ॥102॥
ਸ਼ਸਤ੍ਰ ਸਾਜ ਕੋਪਾ ਤਬ ਕਾਲਾ॥
ਧਾਰਤ ਭਯੋ ਭੇਸ ਬਿਕਰਾਲਾ॥107॥
ਜਿਹ ਅਰਿ ਕਾਲ ਕ੍ਰਿਪਾਨ ਪ੍ਰਹਾਰੈ॥
ਇਕ ਤੇ ਦੋਇ ਪੁਰਖ ਕੈ ਡਾਰੈ॥111॥
ਮਹਾਂਕਾਲ਼ ਤਬ ਬਾਨ ਪ੍ਰਹਾਰੇ॥
ਦਾਨਵ ਏਕ ਏਕ ਕਰ ਮਾਰੇ॥293॥

**ਸਿੱਟਾ** : ਦਸ਼ਮ ਗ੍ਰੰਥ ਅਨੁਸਾਰ ਦੁਰਗਾ ਦੇਵੀ ਹੀ ਸ਼ਸਤ੍ਰ ਅਤੇ ਅਸਤ੍ਰ ਰੱਖਦੀ ਹੈ ਕਿਉਂਕਿ ਇਹੋ ਦੇਵੀ ਇੰਦ੍ਰ ਖ਼ਾਤਰ ਦੈਂਤਾਂ ਨਾਲ਼ ਭਿਆਨਕ ਯੁੱਧ ਕਰਦੀ ਹੈ ਅਤੇ ਇਸੇ ਦੇਵੀ ਦੀ ਸਿਫ਼ਤਿ ਹੀ 'ਜਾਪੁ' ਰਚਨਾ ਵਿੱਚ 'ਨਮੋ ਸ਼ਸਤ੍ਰਪਾਣੇ॥ ਨਮੋ ਅਸਤ੍ਰਮਾਣੇ॥ ਕਰਕੇ ਲਿਖੀ ਹੈ। ਮਹਾਂਕਾਲ਼ ਵੀ ਸ਼ਸਤ੍ਰਧਾਰੀ ਹੋ ਕੇ ਯੁੱਧ ਕਰਦਾ ਹੈ ਜਿਸ ਦੀਆਂ ਸ਼ਸਤ੍ਰਧਾਰੀ ਹੋਣ ਦੀਆਂ ਸਿਫ਼ਤਾਂ ਜਾਪੁ ਵਿੱਚ ਹਨ। ਰੱਬ ਦੇਹਧਾਰੀ ਨਹੀਂ ਹੈ ਇਸ ਲਈ ਰੱਬ ਕੋਈ ਸ਼ਸਤ੍ਰ ਅਤੇ ਅਸਤ੍ਰ ਨਹੀਂ ਰੱਖਦਾ। ਰੱਬ ਵਿਅਕਤੀ ਨਹੀਂ ਸਗੋਂ ਕਾਨੂੰਨ ਰੂਪ ਇੱਕ ਸ਼ਕਤੀ ਹੈ। ਸ਼ਸਤ੍ਰ ਅਸਤ੍ਰ ਰੱਖਣ ਵਾਲ਼ੇ ਦੇਹਧਾਰੀ ਵਿਅਕਤੀ ਦੀ ਇੱਕ ਦਿਨ ਮੌਤ ਹੋ ਜਾਂਦੀ ਹੈ ਜਦੋਂ ਕਿ ਰੱਬ ਦੀ ਕਦੇ ਮੌਤ ਨਹੀਂ ਹੁੰਦੀ।

# ਦਸਮ ਗ੍ਰੰਥ ਦੀ ''ਜਾਪੁ'' ਰਚਨਾ ਅਤੇ ਸ਼ਿਵ ਪੁਰਾਣ ਵਿੱਚ ''ਅਵਧੂਤ'' ਸ਼ਬਦ ਦੀ ਵਰਤੋਂ !

ਦਸਮ ਗ੍ਰੰਥ ਦਾ ਆਧਾਰ ਮੁੱਖ ਤੌਰ 'ਤੇ ਹਿੰਦੂ ਮੱਤ ਦੇ ਤਿੰਨ ਗ੍ਰੰਥ ਹਨ- ਮਾਰਕੰਡੇ ਪੁਰਾਣ, ਭਾਗਵਤ ਪੁਰਾਣ ਅਤੇ ਸ਼ਿਵ ਪੁਰਾਣ। ਜਾਪੁ ਨਾਂ ਦੀ ਰਚਨਾ ਵਿੱਚ ਬਿਆਨ ਕੀਤੇ ਗਏ ਗੁਣ ਹਿੰਦੂ ਮੱਤ ਦੇ ਗ੍ਰੰਥ ਸ਼ਿਵ ਪੁਰਾਣ ਵਿੱਚ ਸ਼ਿਵ ਦੇ ਹੀ ਗੁਣ ਹਨ, ਭਾਵੇਂ ਦੁਰਗਾ ਦੇ ਗੁਣ ਵੀ ਹਨ। ਮਹਾਂਕਾਲ਼ ਸ਼ਿਵ ਦਾ ਹੀ ਇੱਕ ਰੂਪ ਹੈ ਜਿਸ ਦਾ ਮੰਦਰ ਉਜੈਨ ਵਿੱਚ ਹੈ।

**ਸ਼ਿਵ ਪੁਰਾਣ ਵਿੱਚ 'ਅਵਧੂਤ' ਕਿਸ ਨੂੰ ਕਿਹਾ ਗਿਆ ਹੈ?**

ਪੰਡਿਤ ਕੇਵਲ ਕ੍ਰਿਸ਼ਨ ਨੇ ਸ਼ਿਵ ਪੁਰਾਣ ਦਾ ਉਲੱਥਾ ਪੰਜਾਬੀ ਵਿੱਚ ਕੀਤਾ ਹੈ ਅਤੇ ਪਰਦੀਪ ਪਬਲਿਸ਼ਰਜ਼ ਜਲੰਧਰ ਵਾਲ਼ਿਆਂ ਨੇ ਇਸ ਨੂੰ ਛਾਪਿਆ ਹੈ। ਇਸ ਸ਼ਿਵ ਪਰਾਣ ਦੇ 22ਵੇਂ ਅਧਿਆਇ ਵਿੱਚ ਇਉਂ ਲਿਖਿਆ ਹੋਇਆ ਹੈ-

ਬ੍ਰਹਮਾ ਜੀ ਨੇ ਕਿਹਾ-"ਹੇ ਨਾਰਦ! ਉਸ ਸਮੇਂ ਹਿਮਾਚਲ (ਗਿਰਿਜਾ/ਪਾਰਬਤੀ ਦਾ ਪਿਤਾ) ਨੇ ਬਹੁਤ ਦੁਖੀ ਹੋ ਕੇ ਗਿਰਿਜਾ ਨੂੰ ਆਪਣੇ ਕੋਲ਼ ਸੱਦਿਆ ਅਤੇ ਇਹ ਕਿਹਾ -"ਹੇ ਧੀਏ! ਤੂੰ ਇਹ ਕੀ ਕੀਤਾ ਜੋ ਸੱਭ ਦੇਵਤਾਵਾਂ ਨੂੰ ਛੱਡ ਕੇ ਅਵਧੂਤ ਪਤੀ ਦੀ ਇੱਛਿਆ ਕੀਤੀ? ਮੈਂ ਤਾਂ ਆਪਣੇ ਵਚਨ ਕਾਰਣ ਤੈਨੂੰ ਕੁੱਝ ਨਹੀਂ ਕਹਿ ਸਕਦਾ, ਪਰ ਤੇਰੀ ਮਾਤਾ ਅਪਯਸ਼ ਦਾ ਧਿਆਨ ਕਰਕੇ ਬਹੁਤ ਦੁਖੀ ਹੋ ਰਹੀ ਹੈ। ਜਦ ਮੈਂ ਇਹ ਵਿਚਾਰ ਕਰਦਾ ਹਾਂ ਕਿ ਮੇਰੀ ਧੀ ਦਾ ਵਿਆਹ ਇੱਕ ਅਵਧੂਤ ਨਾਲ਼ ਹੋਵੇਗਾ, ਉਸ ਮੇਂ ਦੁੱਖ ਦੇ ਸਮੁੰਦਰ ਵਿੱਚ ਡੁੱਬ ਜਾਂਦਾ ਹਾਂ। ਮੈਨੂੰ ਬਹੁਤ ਚਿੰਤਾ ਹੈ ਕਿ ਮੈਂ ਤਾਂ ਇੰਨਾਂ ਸਾਮਾਨ ਇਕੱਠਾ ਕੀਤਾ ਪਰ ਤੇਰਾ ਪਤੀ ਆਪਣੇ ਨਾਲ਼ ਸਿਰਫ਼ ਦੋ ਕਰੂਪ ਚੇਲਿਆਂ ਨੂੰ ਬਰਾਤੀਆਂ ਦੇ ਨਾਂ ਉੱਤੇ ਲਿਆਇਆ ਹੈ। ਉਸ ਦੇ ਨਾਲ਼ ਜੋ ਬਲਦ ਹੈ ਉਹ ਵੀ ਬਹੁਤ ਬੁੱਢਾ ਅਤੇ ਕਮਜ਼ੋਰ ਹੈ। ਉਸ ਬਲਦ ਦੇ ਉੱਪਰ ਭੰਗ-ਧਤੂਰਾ ਆਦਿ ਕਈ ਪ੍ਰਕਾਰ ਦੀਆਂ ਮਾਦਕ ਚੀਜ਼ਾਂ ਅਤੇ ਵੱਖ-ਵੱਖ ਤਰ੍ਹਾਂ ਦੇ ਜ਼ਹਰ ਲੱਦੇ ਹੋਏ ਹਨ। ਮੇਰੀ ਕਿਸਮ ਤਾਂ ਦੇਖੋ ਕਿ ਕਿਹੋ ਜਿਹੀ ਬਰਾਤ ਮੇਰੇ ਦਰਵਾਜ਼ੇ ਉੱਤੇ ਆਈ ਹੈ। ਹੁਣ ਭਲਾ ਤੂੰ ਹੀ ਦੱਸ ਸਭ ਲੋਕ ਮੈਨੂੰ ਕਿਉਂ ਨਹੀਂ ਬੁਰਾ ਭਲਾ ਕਹਿਣਗੇ?"

ਪਿਤਾ ਦੀ ਗੱਲ ਸੁਣ ਕੇ ਗਿਰਿਜਾ ਨੇ ਕਿਹਾ ਕਿ ਚਿੰਤਾ ਨਾ ਕਰੋ। ਜੋ ਲੀਲ੍ਹਾ ਹੋ ਰਹੀ ਹੈ ਸਭ ਖ਼ੁਸ਼ੀ ਦੇਣ ਵਾਲ਼ੀ ਹੀ ਹੈ।

ਗਿਰਿਜਾ ਦੇ ਪਿਤਾ ਹਿਮਾਚਲ ਨੇ ਸਾਰੇ ਰਿਸ਼ਤੇਦਾਰਾਂ ਨੂੰ ਇਕੱਠੇ ਕਰਕੇ ਗਿਰਿਜਾ ਦੀ ਕਹੀ ਗੱਲ ਸੁਣਾਈ ਅਤੇ ਕਿਹਾ ------"ਹੇ ਭਰਾਵੋ! ਉਹ ਜਗੀ ਅਵਧੂਤ ਦਾ ਸਰੂਪ ਬਣਾਏ ਹੋਏ ਇੱਕ ਕਮਜ਼ੋਰ ਬਲਦ ਅਤੇ ਦੋ ਛੋਟੇ-ਛੋਟੇ ਬੱਚਿਆਂ ਨੂੰ ਨਾਲ਼ ਲੈ ਕੇ ਇੱਥੇ ਆਇਆ ਹੈ। ਹੁਣ ਤੁਹਾਡੇ ਲੋਕਾਂ ਦੀ ਜੋ ਸਲਾਹ ਹੋਵੇ ਤਿਵੇਂ ਕੀਤਾ ਜਾਵੇ"।

ਉਪਰੋਕਤ ਕਹਾਣੀ ਸ਼ਿਵ ਅਤੇ ਗਿਰਿਜਾ/ ਪਾਰਬਤੀ/ ਦੁਰਗਾ ਦੇ ਵਿਆਹ ਰਚਾਉਣ ਦੀ ਹੈ। ਇਸ ਕਹਾਣੀ ਵਿੱਚ ਅਵਧੂਤ ਸ਼ਬਦ ਦੀ ਵਰਤੋਂ ਹਿੰਦੂ ਮੱਤ ਦੇ ਸ਼ਿਵ ਦੇਵਤੇ ਲਈ ਹੋਈ ਹੈ। ਸ਼ਿਵ ਹੀ ਅਵਧੂਤ ਹੈ। ਰੱਬ ਅਵਧੂਤ ਨਹੀਂ ਹੈ।

**'ਜਾਪੁ' ਰਚਨਾ ਵਿੱਚ 'ਅਵਧੂਤ' ਸ਼ਬਦ ਦੀ ਵਰਤੋਂ :**

ਜਤ੍ਰ ਤਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥79॥

ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥85॥

ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥104॥

**ਵਿਚਾਰ** : ਜਾਪੁ ਰਚਨਾ ਨੂੰ ਪੜ੍ਹਦਿਆਂ ਜਾਪਦਾ ਹੈ ਕਿ ਰੱਬ ਵੀ ਅਵਧੂਤ ਰੂਪ ਹੈ। ਸ਼ਿਵ ਪੁਰਾਣ ਵਿੱਚ ਸ਼ਿਵ ਨੂੰ ਵੀ ਅਵਧੂਤ ਰੂਪ ਵਿੱਚ ਚਿਤ੍ਰਿਆ ਗਿਆ ਹੈ ਅਤੇ ਜਾਪੁ ਵਿੱਚ ਵੀ ਕਵੀ ਨੇ ਸ਼ਿਵ ਦੇ ਇਸੇ ਰੂਪ ਨੂੰ ਚਿਤ੍ਰਿਆ ਹੈ। ਜਾਪੁ ਵਿੱਚ ਲਿਖਿਆ ਅਵਧੂਤ ਸ਼ਬਦ ਰੱਬ ਲਈ ਨਹੀਂ ਵਰਤਿਆ ਗਿਆ ਅਤੇ ਨਾ ਹੀ ਰੱਬ ਅਵਧੂਤ ਹੈ। ਸ਼ਿਵ ਪੁਰਾਣ ਵਿੱਚ ਸ਼ਿਵ ਦਾ ਇਹ ਗੁਣ ਹੀ ਜਾਪੁ ਰਚਨਾ ਵਿੱਚ ਦਿਖਾਇਆ ਗਿਆ ਹੈ।

ਅਵਧੂਤ ਦਾ ਅਰਥ ਪਿੰਡੇ ਉੱਤੇ ਸੁਆਹ ਮਲਣ ਵਾਲ਼ਾ ਸੰਨਿਯਾਸੀ ਹੁੰਦਾ ਹੈ। ਰੱਬ ਦੇਹਧਾਰੀ ਨਹੀਂ ਹੈ ਜਿਸ ਲਈ ਰੱਬ ਦੁਆਰਾ ਸੁਆਹ ਮਲਣ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਰੱਬ

## ਜਾਪੁ ਵਿੱਚ 'ਅਵਧੂਤ' ਸ਼ਬਦ ਸ਼ਿਵ ਲਈ ਹੀ ਵਰਤਿਆ ਹੈ ਅਤੇ ਜਾਪੁ ਵਿੱਚ ਸ਼ਿਵ ਪੁਰਾਣ ਵਿੱਚ ਲਿਖੀ ਸ਼ਿਵ ਦੇਵਤੇ ਦੀ ਮਹਿਮਾਂ ਕੀਤੀ ਗਈ ਹੈ।

ਦਾ ਕੋਈ ਪਿੰਡਾ ਨਹੀਂ ਹੈ।

**ਕੀ ਅਵਧੂਤ ਕਿਸੇ ਇਸਤ੍ਰੀ ਨੂੰ ਦੀਖਿਆ ਦੇ ਸਕਦਾ ਹੈ?**

ਉੱਤਰ ਨਾਂਹ ਵਿੱਚ ਹੈ। ਇੱਕ ਅਵਧੂਤਾਨੀ ਦੂਜੀ ਅਵਧੂਤਾਨੀ ਤੋਂ ਹੀ ਦੀਖਿਆ ਲੈਂਦੀ ਹੈ ਕਿਉਂਕਿ ਅਵਧੂਤ/ਸੰਨਿਆਸੀ ਕਿਸੇ ਇਸਤ੍ਰੀ ਨੂੰ ਦੀਖਿਆ ਨਹੀਂ ਦੇ ਸਕਦਾ। ਗੁਰਬਾਣੀ ਵਿੱਚ ਬਾਣੀ ਕਾਰਾਂ ਵਲੋਂ ਲਿਖੀ ਰੱਬ ਦੀ ਸਿੱਖਿਆ ਇਸਤ੍ਰੀ ਅਤੇ ਮਰਦ ਦੋਹਾਂ ਵਾਸਤੇ ਹੀ ਹੈ। ਗੁਰਬਾਣੀ ਰੱਬੀ ਉਪਦੇਸ਼ ਹੈ। ਇਹ ਉਪਦੇਸ਼ ਇਸਤ੍ਰੀਆਂ ਲਈ ਮਨ੍ਹਾਂ ਨਹੀਂ ਹੈ। ਇਸ ਤੋਂ ਸਪੱਸ਼ਟ ਹੈ ਕਿ ਜਾਪੁ ਵਿੱਚ 'ਅਵਧੂਤ' ਸ਼ਬਦ ਸ਼ਿਵ ਲਈ ਹੀ ਵਰਤਿਆ ਹੈ ਅਤੇ ਜਾਪੁ ਵਿੱਚ ਸ਼ਿਵ ਪੁਰਾਣ ਵਿੱਚ ਲਿਖੀ ਸ਼ਿਵ ਦੇਵਤੇ ਦੀ ਮਹਿਮਾਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਕੋਈ ਵੀ ਰਚਨਾ ਗੁਰਬਾਣੀ ਦਾ ਦਰਜਾ ਨਹੀਂ ਰੱਖਦੀ ਕਿਉਂਕਿ ਗੁਰੂ ਕ੍ਰਿਤ ਸਾਰੀ ਬਾਣੀ ਦਸਵੇਂ ਗੁਰੂ ਜੀ ਨੇ ਆਪ ਹੀ ਦਮਦਮੀ ਬੀੜ ਵਿੱਚ ਦਰਜ ਕਰਵਾ ਦਿੱਤੀ ਸੀ ਪਰ ਪਤਾ ਨਹੀਂ 'ਜਾਪੁ' ਪੜ੍ਹਨ ਅਤੇ ਪੜ੍ਹਾਉਣ ਵਾਲ਼ਿਆਂ ਨੂੰ ਇਸ ਤੱਥ ਉਤੇ ਵਿਸ਼ਵਾਸ ਕਿਉਂ ਨਹੀਂ ਬੱਝਦਾ।

## ਪ੍ਰਸ਼ਨ - ਕੀ ਦਸਮ ਗ੍ਰੰਥ ਦੀ, ਬੀਰ-ਰਸ ਪੈਦਾ ਕਰਨ ਵਿੱਚ, ਕੋਈ ਲੋੜ ਹੈ?

**ਉਤਰ : ਨਹੀਂ, ਧੰਨੁ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਸਿੱਖਾਂ ਵਿੱਚ ਬੀਰ ਰਸ ਭਰ ਦਿੱਤਾ ਸੀ। ਭਗਤਾਂ ਦੀ ਬਾਣੀ ਬੀਰ ਰਸ ਨਾਲ਼ ਭਰਪੂਰ ਹੈ। ਗੁਰੂ ਨਾਨਕ ਪਾਤਿਸ਼ਾਹ ਵਲੋਂ ਮੌਕੇ ਦੇ ਜ਼ਾਲਮ ਅਫ਼ਸਰਾਂ ਅਤੇ ਰਾਜਿਆਂ ਨੂੰ ਖਰੀਆਂ ਖਰੀਆਂ ਸੁਣਾਉਣਾ (ਪੜ੍ਹੋ ਆਸਾ ਕੀ ਵਾਰ) ਬੀਰ ਰਸ ਹੀ ਸੀ। ਛੇਵੇਂ ਗੁਰੂ ਜੀ ਨੇ ਬਿਨਾਂ ਦਸ਼ਮ ਗ੍ਰੰਥ ਦੀ ਹੋਂਦ ਤੋਂ ਹੀ ਜੰਗ ਲੜੇ ਅਤੇ ਅਨੇਕਾਂ ਸਿੱਖ ਯੋਧੇ ਸੰਤ ਸਿਪਾਹੀ ਬਣੇ। ਪੰਜਵੇਂ ਗੁਰੂ ਜੀ ਦੀ ਸ਼ਹੀਦੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਦੀ ਆਪਣੇ ਗੁਰੂ ਲਈ ਸ਼ਹੀਦੀ ਬੀਰ ਰਸ ਤੋਂ ਬਿਨਾਂ ਨਹੀਂ ਹੋ ਸਕਦੀ ਸੀ। ਨੌਂਵੇ ਗੁਰੂ ਜੀ ਦੀ ਸ਼ਹੀਦੀ ਬੀਰ ਰਸ ਹੀ ਸਿਖਾਉਂਦੀ ਹੈ। ਦਸਵੇਂ ਗੁਰੂ ਜੀ ਨੇ ਖੰਡੇ ਦੀ ਪਾਹੁਲ ਤੋਂ ਪਹਿਲਾਂ ਤਿੰਨ ਜੰਗ (ਭੰਗਾਣੀ, ਨਦੌਨ ਅਤੇ ਹੁਸੈਨੀ) ਲੜੇ ਅਤੇ ਬੀਰ ਰਸ ਸ਼੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਲਿਆ ਸੀ। ਦਸ਼ਮ ਗ੍ਰੰਥ ਦੀ ਹੋਂਦ ਤਾਂ ਸੰਨ 1897 ਵਿੱਚ ਬਣਾਈ ਗਈ ਹੈ।**

# 'ਕ੍ਰਿਸ਼ਨਾਵਤਾਰ' ਅਤੇ ਰਚਨਾ 'ਜਾਪੁ' ਇੱਕ ਅਧਿਐਨ !

## (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਸ਼ਵੱਟੀ 'ਤੇ)

ਸੰਨ 1897 ਵਿੱਚ ਅੰਗ੍ਰੇਜ਼ ਰਾਜ ਸਮੇਂ 'ਦਸ਼ਮ ਗ੍ਰੰਥ' (ਪਹਿਲਾ ਨਾਂ ਬਚਿਤ੍ਰ ਨਾਟਕ) ਦੀ ਇੱਕ ਪੁਸਤਕ ਰੂਪ ਵਿੱਚ ਹੋਂਦ ਬਣੀ। ਇਸ ਵਿੱਚ 'ਕ੍ਰਿਸ਼ਨਾਵਤਾਰ' (ਭਾਗਵਤ ਪੁਰਾਣ ਵਿੱਚੋਂ ਸ੍ਰੀ ਕ੍ਰਿਸ਼ਨ ਜੀ ਦੇ ਕੌਤਕ) ਨਾਂ ਦੀ 2492 ਛੰਦਾਂ ਵਾਲ਼ੀ ਸਯਾਮ ਕਵੀ ਦੀ ਲਿਖੀ ਰਚਨਾ ਹੈ। ਰਚਨਾ ਵਿੱਚ ਸਯਾਮ ਕਵੀ ਦੀ ਮੁਹਰ ਛਾਪ ਦੇ ਕੁਝ ਪ੍ਰਮਾਣ–

**ੳ**) ਅੰਤ ਖਿਸਾਇ ਚਲ ਫਿਰ ਕੈ ਕਬਿ ਸਯਾਮ ਕਹੈ ਸੋਊ ਭੁਪਤਿ ਆਯੋ।2283

**ਅ**) ਸ੍ਰੀ ਬਿਜ ਨਾਇਕ ਕੋ ਜਿਨ ਹੂ ਕਬਿ ਸਯਾਮ ਭਨੈ ਨਹੀ ਧਯਾਨ ਲਗਾਯੋ।–––

**ੲ**) ਲੋਕ ਪ੍ਰਲੋਕ ਕਹੈ ਕਬਿ ਸਯਾਮਸ ਦਾ ਤਿਹ ਆਪਨੋ ਜਨਮ ਗਵਾਯੋ।2284

**ਸ**) ਜੁਧ ਭਯੋ ਤਿਹ ਠਉਰ ਘਨੋ ਸੋਊ ਯੌ ਮੁਖ ਤੇ ਕਬਿ ਸਯਾਮ ਉਚਾਰਿਯੋ।2290

**ਹ**) ਅਉਰ ਨਿਹਾਰਿ ਭਜੇ ਭਟ ਯੌ ਉਪਮਾ ਤਿਨ ਕੀ ਕਬਿ ਸਯਾਮ ਉਚਾਰੇ।2293

**ਕ**) ਪ੍ਰੇਮ ਬਿਨਾ ਕਬਿ ਸਯਾਮ ਭਨੈ ਕਰਿ ਕਾਹੂ ਕੇ ਮੈ ਬ੍ਰਿਜ ਨਾਇਕ ਆਯੋ।2487

**ਖ**) ਸਯਾਮ ਭਨੈ ਸਭ ਬੇਦ ਕਤੇਬਨ ਸੰਤਨ ਕੇ ਮਤਿ ਯੌ ਠਹਰਾਏ।2488

ਇਹ ਰਚਨਾ ਭਾਗਵਤ ਪੁਰਾਣ ਦੇ ਦਸਮੇ ਸਕੰਧ ਦਾ ਅਨੁਵਾਦ ਹੈ ਇਤੀ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਧਯਾਇ ਇਕੀਸਵੋ ਸਮਾਪਤਮ ਸਤੁ ਸੁਭਮ ਸਤੁ। ਭਾਵ, 'ਦਸਮ ਕਥਾ ਭਗੌਤ ਕੀ' ਹੈ। 'ਦਸਮ ਕਥਾ' ਦਾ ਸਪੱਸ਼ਟ ਅਰਥ ਹੈ–ਭਾਗਵਤ ਪੁਰਾਣ ਦੇ 'ਦਸਮ ਸਕੰਧ' ਦੀ ਕਥਾ, ਭਾਵੇਂ ਇਸ ਲੰਬੀ ਰਚਨਾ ਨੂੰ ਪੜ੍ਹੇ ਵਿਚਾਰੇ ਬਿਨਾਂ ਕਈ ਪ੍ਰਾਣੀ 'ਦਸਮ ਕਥਾ' ਦੇ 'ਦਸਮ' ਸ਼ਬਦ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ਼ ਅਕਾਰਥ ਹੀ ਜੋੜ ਕੇ ਅਣਭੋਲ਼ੇ ਹੀ ਗੁਰੂ ਪਦਵੀ ਦੀ ਨਿਰਾਦਰੀ ਦੇ ਭਾਗੀ ਬਣ ਰਹੇ ਹਨ। 'ਦਸਮ ਗ੍ਰੰਥ' ਦਾ ਅਰਥ ਹੈ–ਭਾਗਵਤ ਪੁਰਾਣ ਦੇ ਦਸਵੇਂ ਸਕੰਧ ਦੀ ਕਥਾ ਵਾਲ਼ਾ ਗ੍ਰੰਥ। ਇਸ ਬਚਿੱਤ੍ਰ ਨਾਟਕ ਵਿੱਚ ਹੀ 'ਜਾਪੁ' ਨਾਂ ਦੀ ਰਚਨਾ ਹੈ ਜਿਸ ਦੇ 199 ਛੰਦ ਹਨ ਡਾ. ਰਤਨ ਸਿੰਘ ਜੱਗੀ ਅਨੁਸਾਰ ਕਿਸੇ ਲਿਖਤ ਵਿੱਚ ਇਹ ਗਿਣਤੀ 196 ਤੇ ਕਿਤੇ 198 ਹੈ।

'ਕ੍ਰਿਸ਼ਨਾਵਤਾਰ' ਵਿੱਚ, ਸ੍ਰੀ ਕ੍ਰਿਸ਼ਨ ਦੇ ਚਰਿਤ੍ਰ ਲਿਖਦਿਆਂ ਹੋਇਆਂ, ਕਵੀ ਨੇ ਦੁਰਗਾ ਮਾਈ (ਦੇਵੀ ਜੂ) ਦੀ ਵੀ ਉਸਤਤਿ ਕੀਤੀ ਹੈ ਜਿਸ ਤੋਂ ਕਵੀ ਦੇ ਇਸ਼ਟ (ਦੁਰਗਾ ਹੋਣ) ਦੀ ਸੂਚਨਾ ਮਿਲ਼ਦੀ ਹੈ। ਦੁਰਗਾ ਦੇਵੀ ਦੀ ਸਿਫ਼ਤਿ ਵਿੱਚ ਉਚਾਰੇ ਛੰਦਾਂ ਵਿੱਚ ਜੋ ਗੁਣ ਕਵੀ ਨੇ ਦੇਵੀ ਵਾਸਤੇ ਵਰਤੇ ਹਨ ਉਹ 'ਜਾਪੁ' ਨਾਂ ਦੀ ਰਚਨਾ ਵਿੱਚ ਵੀ ਮਿਲ਼ਦੇ ਹਨ। ਇਸ ਪੱਖ ਤੋਂ ਦੋਹਾਂ ਰਚਨਾਵਾਂ ਦੀ ਤੁਲਨਾ ਇਸ ਲੇਖ ਵਿੱਚ ਕੀਤੀ ਗਈ ਹੈ। ਤੁਲਨਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਅਗਵਾਈ ਲਈ ਗਈ ਹੈ। ਕ੍ਰਿਸ਼ਨਾਵਤਾਰ ਵਿੱਚੋਂ ਉਹ ਛੰਦ ਹੀ ਵਿਚਾਰ ਅਧੀਨ ਰੱਖੇ ਹਨ, ਜਿਨ੍ਹਾਂ ਉੱਤੇ ਸਿਰਲੇਖ ਵਜੋਂ 'ਅਥ ਦੇਵੀ ਜੂ ਕੀ ਉਸਤਤ ਕਥਨੰ' ਸੂਚਨਾ ਦਿੱਤੀ ਗਈ ਹੈ। ਇਹ ਸੂਚਨਾ ਛੰਦ ਨੰਬਰ 5 ਤੋਂ 8 ਅਤੇ 421 ਤੋਂ 440 ਤਕ ਦੇ ਛੰਦਾਂ ਵਿੱਚ ਦਿੱਤੀ ਗਈ ਹੈ।

**ਛੰਦ ਨੰਬਰ 5 ਤੋਂ 8**

**'ਕ੍ਰਿਸ਼ਨਾਵਤਾਰ' ਦਾ ਕਵੀ ਸਯਾਮ ਚੰਡੀ (ਦੁਰਗਾ) ਤੋਂ ਆਸ਼ੀਰਵਾਦ ਲੈਂਦਾ ਹੋਇਆ ਛੰਦ ਨੰਬਰ 5 ਵਿੱਚ ਲਿਖਦਾ ਹੈ:**

'ਬਿਨੁ ਚੰਡਿ ਕ੍ਰਿਪਾ ਤੁਮਰੀ ਕਬਹੂੰ ਮੁਖ ਤੇ ਨਹੀ ਅਛਰ ਹਉ ਕਰਿ ਹੋ'।5।

ਸਯਾਮ ਕਵੀ ਆਖਦਾ ਹੈ– ਹੇ ਮਨ ! ਤੂੰ ਦੁਰਗਾ ਨੂੰ ਯਾਦ ਕਰ ਜਿਸ ਦੇ ਅਣਗਿਣਤ ਗੁਣ ਹਨ। ਇਹ ਭਾਗਵਤ ਗ੍ਰੰਥ ਉਸ ਦੁਰਗਾ ਭਵਾਨੀ ਦੀ ਕਿਰਪਾ ਨਾਲ਼ ਹੀ ਰਚਿਆ ਜਾਣਾ ਹੈ॥

**ਕਵੀ ਛੰਦ ਨੰਬਰ 6 ਵਿੱਚ ਲਿਖਦਾ ਹੈ-**

ਰੇ ਮਨ ਭਜ ਤੂੰ ਸਾਰਦਾ ਅਨਗੁਨ ਗੁਨ ਹੈ ਜਾਹਿ। ਰਚੋ ਗ੍ਰੰਥ ਇਹ ਭਾਗਵਤ ਜਉ ਵੈ ਕ੍ਰਿਪਾ ਕਰਾਹਿ।6।

ਇਹ ਗੱਲ ਸਪੱਸ਼ਟ ਹੈ ਕਿ ਸਯਾਮ ਕਵੀ ਦਾ ਇਸ਼ਟ ਦੁਰਗਾ ਹੈ ਹਿੰਦੂ ਮੱਤ ਵਿੱਚ ਸਰਸਵਤੀ ਦੇਵੀ ਨੂੰ ਵੀ ਸਾਰਦਾ ਦੇਵੀ

ਕਿਹਾ ਜਾਂਦਾ ਹੈ ਅਤੇ ਕਵੀ ਉਸ ਨੂੰ ਵੀ ਚੇਤੇ ਕਰਦਾ ਹੈ। ਦੁਰਗਾ ਦਾ ਪੁਜਾਰੀ ਕਿਸੇ ਹੋਰ ਰੱਬ ਨੂੰ ਨਹੀਂ ਮੰਨਦਾ ਕਿਉਂਕਿ ਦੁਰਗਾ ਹੀ ਉਸ ਦਾ ਰੱਬ ਹੈ। ਭਾਗਵਤ ਪੁਰਾਣ ਵਿੱਚੋਂ ਕਥਾ ਲਿਖਣ ਲਈ ਦੁਰਗਾ ਅੱਗੇ ਕਵੀ ਦੀ ਇਹ ਬੇਨਤੀ ਹੈ।

1) **ਕ੍ਰਿਸ਼ਨਵਤਾਰ** : ਸੰਕਟ ਹਰਨ ਸਭ ਸਿੱਧਕੀ ਕਰਨ ਚੰਡ ਤਾਰਨ ਤਰਨ ਸ਼ਰਨ ਲੋਚਨ ਬਿਸਾਲ ਹੈ। ਦੇਵੀ ਬਰ ਲਾਇਕ ਸੁਬੁਧਿ ਹੂ ਕੀ ਦਾਇਕ ਸੁ ਦੇਹ ਬਰ ਪਾਇਕ ਬਨਾਵੈ ਗ੍ਰੰਥ ਹਾਲ ਹੈ।7।

**ਜਾਪੁ** : ਸਦਾ ਸਿਧਿਦਾ ਬੁਧਿਦਾ ਬ੍ਰਿਧ ਕਰਤਾ।16। ਸਦਾ ਸਰਬਦਾ ਸਿਧਿ ਦਾਤਾ ਦਿਆਲੰ।17।

**ਸੋਚ ਵਿਚਾਰ** : 'ਕ੍ਰਿਸ਼ਨਾਵਤਾਰ' ਵਿੱਚ ਦੇਵੀ ਦੁਰਗਾ 'ਸਿਧਕੀ ਕਰਨ' (ਸਿੱਧੀਆਂ ਦੇਣ ਵਾਲ਼ੀ) ਤੇ ਸੁ ਬੁਧਿ ਹੂ ਕੀ ਦਾਇਕ' ( ਬੁਧੀ ਦੇਣ ਯੋਗ) ਹੈ। 'ਜਾਪੁ' ਵਿੱਚ ਦੁਰਗਾ ਦੇ ਇਹ ਗੁਣ 'ਸਿਧਿਦਾ' (ਸਿੱਧੀਆਂ ਦੇਣ ਯੋਗ) 'ਬੁਧਿਦਾ' (ਬੁਧੀ ਦੇਣ ਯੋਗ) ਕਰਕੇ ਲਿਖਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਦੋਹਾਂ ਰਚਨਾਵਾਂ ਵਿੱਚ ਸਾਂਝੇ ਗੁਣ ਇੱਕੋ ਹਸਤੀ ਦੇ ਹਨ। 'ਕ੍ਰਿਸ਼ਨਾਵਤਾਰ' ਵਿੱਚ ਲਿਖੀ ਇਹ ਹਸਤੀ ਦੁਰਗਾ ਹੈ।

2) **ਕ੍ਰਿਸ਼ਨਾਵਤਾਰ** : ਆਦਿ ਜਾਕੈ ਆਹਮ ਹੈ ਅੰਤ ਕੋ ਨ ਪਾਰਾਵਾਰ ਸ਼ਰਨ ਉਬਾਰਨ ਕਰਨ ਪ੍ਰਤਿਪਾਲ ਹੈ ॥7।

**ਜਾਪੁ** : ਅਨਾਦਿ ਹੈਂ।33। ਅਨੰਤ ਹੈਂ।38। ---ਸਰਬ ਪਾਲਕ--।79। ਕਿ ਸਰਬਤ੍ਰ ਪਾਲੈ।114।

**ਸੋਚ ਵਿਚਾਰ** : 'ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਨੂੰ 'ਆਦਿ ਜਾ ਕੈ ਆਹਮ' ਹੈ, 'ਅੰਤ ਕੋ ਨ ਪਾਰਾਵਾਰ' ਤੇ 'ਪ੍ਰਤਿਪਾਲ' ਕਿਹਾ ਹੈ। 'ਜਾਪੁ' ਵਿੱਚ 'ਅਨਾਦਿ' ਹੈ, 'ਅਨੰਤ ਹੈ' ਅਤੇ 'ਸਰਬ ਪਾਲਕ' ਤੇ 'ਸਰਬਤ੍ਰ ਪਾਲੈ' ਕਿਹਾ ਹੈ। ਅਰਥ ਸਮਾਨ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਗੁਰਬਾਣੀ ਵਿੱਚ ਇਹ ਗੁਣ ਆਦਿ, ਅਨੰਤ ਆਦਿਕ ਰੱਬ ਦੇ ਹਨ। ਕਵੀ ਨੇ 'ਕ੍ਰਿਸ਼ਨਾਵਤਾਰ' ਵਿੱਚ ਇਹ ਗੁਣ ਦੁਰਗਾ ਨੂੰ ਦਿੱਤੇ ਹਨ ਜੋ 'ਜਾਪੁ' ਵਿੱਚ ਵੀ ਹਨ।

3) **ਕ੍ਰਿਸ਼ਨਾਵਤਾਰ** : ਲੋਕ ਬਿਖੈ ਉਹ ਕੀ ਸਮਤੁਲ ਬਰੀਬ ਨਿਵਾਜ ਨ ਦੂਸਰ ਕੋਊ।8।

**ਜਾਪੁ** : ਗਰੀਬੁਲ ਨਿਵਾਜ ਹੈਂ।153। ਗਰੀਬੁਲ ਪ੍ਰਸਤੇ।122।

**ਸੋਚ-ਵਿਚਾਰ** :- ਸਯਾਮ ਕਵੀ 'ਕ੍ਰਿਸ਼ਨਾਵਤਾਰ' ਵਿੱਚ ਕਹਿੰਦਾ ਹੈ ਕਿ ਦੁਰਗਾ ਦੇਵੀ ਦੇ ਬਰਾਬਰ ਦਾ ਹੋਰ ਕੋਈ 'ਗਰੀਬ ਨਿਵਾਜ' ਨਹੀਂ ਹੈ। ਇਹ ਗੁਣ 'ਜਾਪੁ' ਵਿੱਚ 'ਗਰੀਬੁਲ ਨਿਵਾਜ ਹੈਂ' ਤੇ 'ਗਰੀਬੁਲ ਪ੍ਰਸਤੇ' ਕਰਕੇ ਲਿਖਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਸੱਭ ਤੋਂ ਵੱਡਾ 'ਗ਼ਰੀਬ ਨਿਵਾਜ਼' ਤਾਂ ਰੱਬ ਆਪ ਹੈ, ਦੁਰਗਾ ਨਹੀਂ। ਕਵੀ ਦਾ ਇਸ਼ਟ ਦੁਰਗਾ ਹੈ ਤੇ ਉਹ ਦੁਰਗਾ ਨੂੰ ਹੀ ਰੱਬ ਸਮਝਦਾ ਹੈ ਜਿਸ ਨੂੰ ਗੁਰਬਾਣੀ ਨਹੀਂ ਮੰਨਦੀ। 'ਜਾਪੁ' ਵਿੱਚ ਕਵੀ ਨੇ ਦੁਰਗਾ ਨੂੰ ਹੀ 'ਗਰੀਬ ਨਿਵਾਜ' ਕਿਹਾ ਹੈ। ਗੁਰਬਾਣੀ ਵਿੱਚ ਲਿਖਿਆ ਹੈ–

ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥–(ਅੰਕ ਗਗਸ 1106)।

ਨਿਧਰਿਆ ਧਰ ਪਨਹ ਖੁਦਾਇ॥ ਗਰੀਬ ਨਿਵਾਜੁ ਦਿਨੁ ਰੈਣਿ ਧਿਆਇ॥–(ਅੰਕ ਗਗਸ 1138)

ਛੰਦ ਨੰਬਰ 8 ਤੋਂ ਅੱਗੇ ਲਿਖਿਆ ਹੈ– ਇਤੀ ਸ੍ਰੀ ਦੇਵੀ ਜੂ ਕੀ ਉਸਤਤਿ ਸਮਾਪਤੰ।

ਛੰਦ ਨੰਬਰ 421 ਤੋਂ 440

'ਅਥ ਸ੍ਰੀ ਦੇਵੀ ਜੂ ਕੀ ਉਸਤਤ ਕਥਨੰ' ਵਾਕ ਨਾਲ਼ ਇਹ ਛੰਦ ਸੰਗ੍ਰਿਹ ਸ਼ੁਰੂ ਹੁੰਦਾ ਹੈ।

4) **ਕ੍ਰਿਸ਼ਨਾਵਤਾਰ** : ਤੂੰ ਹੀ ਅਸਤ੍ਰਣੀ ਸਸਤ੍ਰਣੀ ਆਪ ਰੂਪਾ।---- ਅਨੂਪਾ। ਪ੍ਰਿਥਵੀ ਭੂਮਿ ਅਕਾਸ ਤੈਹੀ ਕੀਆ ਹੈ।421।

ਤੁਹੀ ਰਿਸਟਣੀ ਪੁਸਟਣੀ ਸਸਤ੍ਰਣੀ ਹੈ। ਤੁਹੀ ਕਸਟਣੀ ਹਰਤਨੀ ਅਸਤ੍ਰਣੀ ਹੈ।424। ਮਹਾ ਬਾਹਣੀ ਅਸਤ੍ਰਣੀ ਸਸਤ੍ਰ ਧਾਰੀ। ਤੁਹੀ ਤੀਰ ਤਰਵਾਰ ਕਾਤੀ ਕਟਾਰੀ।427।

**ਜਾਪੁ** : ਨਮੋ ਸਸਤ੍ਰ ਪਾਣੇ। ਨਮੋ ਅਸਤ੍ਰ ਮਾਣੇ।52। ਆਪ ਰੂਪ ਅਮੀਕ----।85। ਅਨੂਪ ਹੈਂ।30। ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ।83।

**ਸੋਚ-ਵਿਚਾਰ** : ਸਯਾਮ ਕਵੀ ਨੇ ਦੁਰਗਾ ਨੂੰ 'ਕ੍ਰਿਸ਼ਨਾਵਤਾਰ' ਵਿੱਚ 'ਅਸਤ੍ਰਣੀ ਸਸਤ੍ਰਣੀ', 'ਤੀਰ', 'ਤਰਵਾਰ', 'ਕਾਤੀ' ਤੇ 'ਕਟਾਰੀ' ਲਿਖਿਆ ਹੈ। 'ਜਾਪੁ' ਵਿੱਚ 'ਸਸਤ੍ਰ ਪਾਣੇ ਅਸਤ੍ਰ ਮਾਣੇ' ਲਿਖ ਕੇ ਦੁਰਗਾ ਦਾ ਹੀ ਗੁਣ ਪ੍ਰਗਟ ਕੀਤਾ ਹੈ। 'ਆਪ ਰੂਪ' ਤੇ 'ਅਨੂਪ' ਗੁਣ ਵੀ ਦੋਹਾਂ ਰਚਨਾਵਾਂ ਵਿੱਚ ਸਾਂਝੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਅਗਵਾਈ** : ਰੱਬ ਨੂੰ ਅਸਤ੍ਰ

ਤੇ ਸ਼ਸਤ੍ਰ ਰੱਖਣ ਵਾਲ਼ਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਰੱਬ ਦੇਹ ਧਾਰੀ ਨਹੀਂ ਹੈ। ਰੱਬ ਤੀਰ, ਤਰਵਾਰ, ਕਾਤੀ ਤੇ ਕਟਾਰੀ ਨਹੀਂ ਹੈ 'ਅਸ ਕਿਰਪਾਣ ਖੰਡੋ ਖੜਗ ਤੁਪਕ ਕਬਰ ਅਰੁ ਤੀਰ' ਵਾਲ਼ਾ ਛੰਦ ਰੱਬ ਲਈ ਨਹੀਂ ਸਗੋਂ ਦੁਰਗਾ ਦੀ ਸਿਫ਼ਤ ਵਿੱਚ ਹੀ ਲਿਖਿਆ ਗਿਆ ਹੈ ਜਿਸ ਨੂੰ ਰਾਗੀ ਅਗਿਆਨਤਾ ਅਧੀਨ ਰੱਬ ਨਾਲ਼ ਅਕਾਰਥ ਹੀ ਜੋੜ ਕੇ ਨਿਸਫਲ ਗਾਉਂਦੇ ਹਨ ਤੇ ਸ਼੍ਰੋਤਿਆਂ ਨੂੰ ਅਗਿਆਨਤਾ ਦੇ ਅੰਨ੍ਹੇ ਖੂਹ ਵਿੱਚ ਧੱਕਾ ਮਾਰ ਕੇ ਸੁਟ ਰਹੇ ਹਨ। ਹਥਿਆਰ ਦੁਰਗਾ ਨੇ ਦੈਂਤਾਂ ਨੂੰ ਮਾਰਨ ਲਈ ਫੜੇ ਸਨ ਕਿਉਂਕਿ ਦੁਰਗਾ ਨੂੰ ਦੈਂਤਾਂ ਹੱਥੋਂ ਆਪੂੰ ਮਾਰੇ ਜਾਣ ਦਾ ਖ਼ਤਰਾ ਸੀ ਤੇ ਉਹ ਸ਼ਿਵ ਜੀ ਦੀ ਪਤਨੀ ਦੇਹ ਧਾਰੀ ਪਾਰਬਤੀ ਸੀ। ਰੱਬ ਨੂੰ ਕਿਸੇ ਤੋਂ ਡਰ ਨਹੀਂ ਹੈ ਕਿਉਂਕਿ ਉਹ 'ਨਿਰਭਉ' ਹੈ। ਰੱਬ ਨੂੰ ਹਥਿਆਰਾਂ ਦੀ ਲੋੜ ਨਹੀਂ। ਸਪੱਸ਼ਟ ਹੈ ਕਿ ਕਵੀ ਨੇ 'ਜਾਪੁ' ਵਿੱਚ ਦੁਰਗਾ ਦਾ ਹੀ ਗੁਣ ਲਿਖਿਆ ਹੈ, ਰੱਬ ਦਾ ਇਹ ਗੁਣ ਹੈ ਹੀ ਨਹੀਂ। ਸਯਾਮ ਕਵੀ ਨੇ 'ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਨੂੰ ਹੀ ਦੁਨੀਆਂ ਦਾ ਕਰਤਾ ਮੰਨਿਆ ਹੈ ਪਰ ਗੁਰਬਾਣੀ ਨਹੀਂ ਮੰਨਦੀ। 'ਜਾਪੁ' ਵਿੱਚ ਵੀ ਇਸੇ ਕਰਤਾ ਭਾਵ ਦੇ ਗੁਣ ਨੂੰ ਦੁਰਗਾ ਨਾਲ਼ ਹੀ ਜੋੜਿਆ ਗਿਆ ਹੈ। ਗੁਰਬਾਣੀ ਅਨੁਸਾਰ ਰੱਬ ਹੀ 'ਅਨੂਪ', 'ਆਪ ਰੂਪ' ਤੇ 'ਕਰਤਾ ਪੁਰਖ' ਹੈ ਹੋਰ ਕੋਈ ਨਹੀਂ। ਗੁਰਬਾਣੀ ਦੱਸਦੀ ਹੈ– ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥–(ਅੰਕ 858)

5) **ਕ੍ਰਿਸ਼ਨਾਵਤਾਰ** : ਤੁਹੀ ਮੋਹ ਸੋ ਚਉਦਹ ਲੋਕ ਛਾਇਆ।–– ਤੁਹੀ ਚਉਦਹੂੰ ਲੋਕ ਕੀ ਜੋਤਿ ਜਾਨੀ।423।

**ਜਾਪੁ** : ਲੋਕ ਚਉਦਹ ਕੈ ਬਿਖੈ ਜਗ ਜਾਪੁਹੀ ਜਿਹ ਜਾਪੁ।83। ਤ੍ਰਿਮਾਨ ਹੈਂ।32। ਨਮਸਤੰ ਤ੍ਰਿਮਾਨੇ।13।

**ਸੋਚ-ਵਿਚਾਰ** :- 'ਕ੍ਰਿਸ਼ਨਾਵਤਾਰ ਵਿੱਚ' ਵਿੱਚ ਦੁਰਗਾ ਨੂੰ ਤਿੰਨਾਂ ਲੋਕਾਂ ਵਿੱਚ ਮੰਨੀ ਪ੍ਰਮੰਨੀ ਲਿਖਿਆ ਹੈ ਤੇ 'ਜਾਪੁ' ਵਿੱਚ ਵੀ ਦੁਰਗਾ ਦਾ ਇਹੀ ਗੁਣ ਬਿਆਨ ਕੀਤਾ ਗਿਆ ਹੈ। ਤ੍ਰਿਮਾਨ– ਜੋ ਤਿੰਨਾਂ ਲੋਕਾਂ ਵਿੱਚ ਪ੍ਰਸਿੱਧ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਤਿੰਨਾਂ ਲੋਕਾਂ ਵਿੱਚ ਦੁਰਗਾ ਦੀ ਜੋਤਿ ਨਹੀਂ, ਰੱਬ ਦੀ ਜੋਤਿ ਹੈ। ਦੁਰਗਾ ਵਿੱਚ ਵੀ ਰੱਬ ਦੀ ਜੋਤਿ ਹੈ। ਗੁਰਬਾਣੀ ਮੰਨਦੀ ਹੈ– 'ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ' ॥– ਧਨਾਸਰੀ ਮਹਲਾ 1 ॥

ਕਵੀ ਨੇ ਦੁਰਗਾ ਨੂੰ ਰੱਬ ਮੰਨ ਕੇ 'ਜਾਪੁ' ਵਿੱਚ ਵੀ ਦੁਰਗਾ ਦੇ ਹੀ ਗੁਣ ਲਿਖੇ ਹਨ।

6) **ਕ੍ਰਿਸ਼ਨਾਵਤਾਰ** : ਭਵੀ ਭਾਵਨੀ ਭੂਤ ਭਬਿਅੰ ਭਵਾਨੀ। ਚਰੀ ਆਚਰਣੀ ਖੇਚਰਣੀ ਭੂਪਣੀ ਹੈ। ਮਹਾ ਬਾਹਣੀ ਆਪਨੀ ਰੂਪਣੀ ਹੈਂ।425।

**ਜਾਪੁ** : ਨਮੋ ਸਰਬ ਕਾਲੇ।18। ਨਮੋ ਭੂਪ ਭੂਪੇ।55। ਨਮੋ ਜੁਧ ਜੁਧੇ।187। ਆਪ ਰੂਪ ਅਮੀਕ– ।85। ਜਲੇ ਹੈਂ। ਥਲੇ ਹੈਂ। ਅਭੀਤ ਹੈਂ ਅਭੇ ਹੈਂ।62।

**ਸੋਚ-ਵਿਚਾਰ** :- 'ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਤਿੰਨਾਂ ਕਾਲਾਂ ਵਿੱਚ ਹਾਜ਼ਰ ਰਹਿੰਦੀ ਹੈ, ਭੂਪਣੀ ਹੈ, ਭਾਰੀ ਸੈਨਾ ਵਾਲ਼ੀ ਤੇ ਬਿਅੰਤ ਰੂਪ ਵਾਲ਼ੀ ਹੈ। 'ਜਾਪੁ' ਵਿੱਚ ਦੁਰਗਾ ਦੇ ਇਹ ਗੁਣ ਦੱਸਣ ਲਈ ਕਵੀ ਨੇ 'ਤ੍ਰਿਕਾਲੇ', 'ਭੂਪ ਭੂਪੇ', 'ਜੁਧ ਜੁਧੇ' ਤੇ 'ਆਪ ਰੂਪ' ਸ਼ਬਦ ਸਮਾਨ ਅਰਥਾਂ ਵਿੱਚ ਵਰਤੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਅਗਵਾਈ** : ਦੁਰਗਾ ਤਾਂ ਮਹਾਂ ਬਾਹਣੀ ਹੈ, ਰੱਬ ਨਹੀਂ। ਰੱਬ 'ਜੁਧ ਜੁਧੇ' ਨਹੀਂ ਹੈ। ਰੱਬ ਨੇ ਕਿਸੇ ਨਾਲ਼ ਕੋਈ ਜੁੱਧ ਨਹੀਂ ਕਰਨਾ। ਸਾਰੀ ਦੁਨੀਆਂ ਹੀ ਉਸ ਦੇ ਅਧੀਨ ਹੈ। 'ਜਾਪੁ' ਵਿੱਚ 'ਜੁਧ ਜੁਧੇ' ਵਾਲ਼ਾ ਗੁਣ ਦੁਰਗਾ ਦਾ ਹੈ ਰੱਬ ਦਾ ਨਹੀਂ।

7) **ਕ੍ਰਿਸ਼ਨਾਵਤਾਰ** : ਜਯਾ ਆਜਯਾ ਹਿੰਗੁਲਾ ਪਿੰਗੁਲਾ ਹੈ। ਸਿਵਾ ਸੀਤਲਾ ਮੰਗਲਾ ਤੋਤਲਾ ਹੈ।426।

**ਜਾਪੁ** : ਅਰਿ ਗੰਜਨ ਹੈਂ।182। ਅਗੰਜ ਹੈਂ।35। ਅਜੈ ਹੈਂ।189।

**ਸੋਚ-ਵਿਚਾਰ** : ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਜਯਾ (ਜਿੱਤਣ ਯੋਗ) ਅਤੇ ਆਜਯ (ਅਜਿੱਤ) ਹੈ ਤੇ 'ਜਾਪੁ' ਵਿੱਚ ਵੀ ਇਹ ਗੁਣ ਅਰਿ ਅਗੰਜ (ਜਿੱਤਣ ਜੋਗ) ਅਤੇ ਅਗੰਜ/ਅਜੈ (ਅਜਿੱਤ) ਕਰਕੇ ਲਿਖੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਦੁਰਗਾ ਤੇ ਰੱਬ ਬਰਾਬਰ ਨਹੀਂ ਹਨ। 'ਜਾਪੁ' ਵਿੱਚ ਵੀ ਦੁਰਗਾ ਦੇ ਗੁਣ ਦੁਹਰਾਏ ਗਏ ਹਨ। ਦੁਰਗਾ ਨੂੰ ਸ਼ਿਵਾ ਵੀ ਕਿਹਾ ਹੈ (ਇਸੇ ਸ਼ਿਵਾ ਤੋਂ ਕਵੀ ਨੇ ਕਈ ਵਰ ਵੀ ਮੰਗੇ ਹਨ ਜਿਵੇਂ 'ਦੇਹਿ ਸ਼ਿਵਾ ਬਰ ਮੋਹਿ–––ਟਰੋਂ'– ਚੰਡੀ ਚਰਿਤ੍ਰ ਉਕਤਿ ਬਿਲਾਸ)

8) **ਕ੍ਰਿਸ਼ਨਾਵਤਾਰ** : ਤੁਹੀ ਅੱਛਰਾ ਪੱਛਰਾ ਬੁਧਿ ਬ੍ਰਿਧਿਆ। ਤੁਹੀ ਭੈਰਵੀ ਭੂਪਣੀ ਸੁਧ ਸਿਧਿਆ।427।

**ਜਾਪੁ** : ਸਦਾ ਸਿਧਿਦਾ ਬੁਧਿਦਾ ਬ੍ਰਿਧਿ ਕਰਤਾ।59। ਨਮੋ ਭੂਪ ਭੂਪੇ।55।

**ਸੋਚ-ਵਿਚਾਰ** :- 'ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਨੂੰ 'ਬੁੱਧੀ ਵਧਾਉਣ ਵਾਲੀ', ਸ਼ੁੱਧ ਸਿੱਧੀਆਂ ਵਾਲ਼ੀ ਤੇ ਮਹਾਂਰਾਣੀ ਕਿਹਾ ਹੈ। 'ਜਾਪੁ' ਵਿੱਚ ਦੁਰਗਾ ਦੇ ਇਨ੍ਹਾਂ ਗੁਣਾਂ ਨੂੰ 'ਸਿਧਿਦਾ', 'ਬੁਧਿਦਾ ਬ੍ਰਿਧ ਕਰਤਾ' ਤੇ 'ਭੂਪ ਭੂਪੇ' ਕਰਕੇ ਲਿਖਿਆ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਦੁਰਗਾ ਦੇ 'ਅੱਛਰਾ', 'ਪੱਛਰਾ' ਤੇ 'ਭੈਰਵੀ' ਆਦਿਕ ਗੁਣ ਜਾਪੁ ਵਿੱਚ ਲਿਖਣੇ ਛੱਡੇ ਗਏ ਹਨ। ਬਾਕੀ ਗੁਣ ਸਾਂਝੇ ਹਨ ਜੋ ਦੁਰਗਾ ਦੇਵੀ ਲਈ ਹੀ ਸਯਾਮ ਕਵੀ ਨੇ ਵਰਤੇ ਹਨ।

9) **ਕ੍ਰਿਸ਼ਨਾਵਤਾਰ** : ਤੁਹੀ ਰਾਜਸੀ ਸਾਤਕੀ ਤਾਮਸੀ ਹੈ ।428।

**ਜਾਪੁ** : ਨਮੋ ਰਾਜਸੰ ਤਾਮਸੰ ਸਾਂਤ ਰੂਪੇ ।186।

**ਸੋਚ-ਵਿਚਾਰ** :- 'ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਨੂੰ ਰਜੋ, ਸਤੋ ਅਤੇ ਤਮੋ ਗੁਣਾਂ ਵਾਲ਼ੀ ਲਿਖਿਆ ਹੈ ਤੇ ਸ਼ਬਦ ਵਰਤੇ ਹਨ– ਰਾਜਸੀ, ਸਾਤਕੀ ਤੇ ਤਾਮਸੀ। 'ਜਾਪੁ' ਵਿੱਚ ਇਹ ਗੁਣ 'ਰਾਜਸੰ', 'ਤਾਮਸੰ' ਤੇ 'ਸਾਂਤ ਰੂਪੇ' ਕਰਕੇ ਲਿਖੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਅਗਵਾਈ** : ਰੱਬ ਰਜੋ, ਤਮੋ ਤੇ ਸਤੋ ਗੁਣਾਂ ਵਾਲ਼ਾ ਨਹੀਂ ਹੈ।

ਗੁਰਬਾਣੀ ਦੱਸਦੀ ਹੈ– ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥– (ਸੁਖਮਨੀ)

ਜਾਪੁ' ਵਿੱਚ ਇਹ ਤਿੰਨ ਗੁਣ ਕਵੀ ਨੇ ਰੱਬ ਦੇ ਨਹੀਂ ਲਿਖੇ ਸਗੋਂ ਦੁਰਗਾ ਦੇ ਲਿਖੇ ਹਨ ਕਿਉਂਕਿ ਰੱਬ ਤਿੰਨਾਂ ਗੁਣਾਂ ਤੋਂ ਨਿਰਲੇਪ ਹੈ। ਇਸ ਤੋਂ ਭਲੀ ਭਾਂਤਿ ਸਪੱਸ਼ਟ ਹੈ ਕਿ 'ਜਾਪੁ' ਰਚਨਾ ਵਿੱਚ ਰੱਬ ਦੇ ਨਹੀਂ ਸਗੋਂ ਦੁਰਗਾ ਮਾਈ ਦੇ ਹੀ ਗੁਣ ਦੁਹਰਾਏ ਗਏ ਹਨ।

10) **ਕ੍ਰਿਸ਼ਨਾਵਤਾਰ** : ਤੁਹੀ ਰਾਜ ਰਾਜੇਸਵਰੀ ਜੋਗ ਮਾਯਾ ।429।

**ਜਾਪੁ** : ਨਮੋ ਜੋਗ ਜੋਗੇਸ੍ਵਰੰ ਪਰਮ ਸਿਧੇ। ਨਮੋ ਰਾਜ ਰਾਜੇਸਵਰੰ ਪਰਮ ਬ੍ਰਿਧੇ ।51।

**ਸੋਚ-ਵਿਚਾਰ** : 'ਕ੍ਰਿਸ਼ਨਾਵਤਾਰ' ਵਿੱਚ ਦੁਰਗਾ ਨੂੰ 'ਰਾਜ ਰਾਜੇਸਵਰੀ' ਅਤੇ 'ਜਾਪੁ' ਵਿੱਚ 'ਰਾਜ ਰਾਜੇਸਵਰੰ' ਲਿਖਿਆ ਹੈ, ਅਰਥ ਸਮਾਨ ਹਨ। 'ਜੋਗ' ਸ਼ਬਦ ਵੀ ਸਾਂਝਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਅਗਵਾਈ** : ਸ਼ਬਦਾਂ ਦੀ ਸ਼ਾਂਝ ਤੇ ਗੁਣਾਂ ਦੀ ਸਾਂਝ ਪ੍ਰਗਟ ਕਰਦੀ ਹੈ ਕਿ ਇਹ ਗੁਣ ਇੱਕੋ ਹੀ ਹਸਤੀ ਦੇ ਹਨ ਤੇ ਉਹ ਹੈ –ਦੁਰਗਾ ਮਾਈ ਪਾਰਬਤੀ।

11) **ਕ੍ਰਿਸ਼ਨਾਵਤਾਰ** : ਤੁਮ ਹੋ ਸਭ ਰਾਜਨ ਕੇ ਰਾਜਾ। ਆਪੇ ਆਪੁ ਗਰੀਬ ਨਿਵਾਜਾ ।430।

**ਜਾਪੁ** : ਨਮੋ ਰਾਜ ਰਾਜੇ ।67। ਨਮੋ ਭੂਪ ਭੂਪੇ ।55। ਗਰੀਬੁਲ ਨਿਵਾਜ ਹੈਂ ।153।

**ਸੋਚ-ਵਿਚਾਰ** : ਦੁਰਗਾ ਨੂੰ ਕਵੀ ਸਯਾਮ ਨੇ 'ਕ੍ਰਿਸ਼ਨਾਵਤਾਰ' ਵਿੱਚ 'ਰਾਜਨ ਕੇ ਰਾਜਾ' ਅਤੇ 'ਗਰੀਬ ਨਿਵਾਜ' ਲਿਖਿਆ ਹੈ। 'ਜਾਪੁ' ਵਿੱਚ ਇਹੀ ਗੁਣ ਕਵੀ ਨੇ 'ਨਮੋ ਰਾਜ ਰਾਜੇ' ਅਤੇ 'ਗਰੀਬੁਲ ਨਿਵਾਜ' ਕਰਕੇ ਲਿਖੇ ਹਨ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਸਯਾਮ ਕਵੀ ਨੇ ਦੁਰਗਾ ਨੂੰ ਆਪਣਾ ਇਸ਼ਟ ਮੰਨਿਆਂ ਹੈ। ਕਵੀ ਲਈ ਦੁਰਗਾ ਤੋਂ ਵੱਡਾ ਹੋਰ ਕੋਈ ਰੱਬ ਨਹੀਂ ਹੈ। ਇਸੇ ਕਰਕੇ ਦੁਰਗਾ ਦੇ ਗੁਣਾਂ ਨੂੰ ਹੀ 'ਜਾਪੁ' ਰਚਨਾ ਵਿੱਚ ਬਿਆਨ ਕੀਤਾ ਗਿਆ ਹੈ। ਦੁਰਗਾ ਕਵੀ ਲਈ ਗ਼ਰੀਬ ਨਿਵਾਜ਼ ਹੈ, ਦੋਹਾਂ ਰਚਨਾਵਾਂ ਵਿੱਚ।

**ਪ੍ਰਸ਼ਨ - ਕੀ ਸ੍ਰੀ ਅਕਾਲ ਤਖ਼ਤ (ਬੁੰਗੇ) ਨੂੰ ਦਸ਼ਮ ਗ੍ਰੰਥ ਬਣਾਉਣ ਵਿੱਚ ਵਰਤਿਆ ਗਿਆ?**

**ਉਤਰ : ਹਾਂ। ਦਸ਼ਮ ਗ੍ਰੰਥ ਸੋਧਕ ਕਮੇਟੀ ਨੇ ਵਿਚਾਰ ਵਟਾਂਦਰੇ ਲਈ ਇਸ ਅਸਥਾਨ ਨੂੰ ਹੀ ਵਰਤਿਆ ਹੈ । ਇਹ ਸੂਚਨਾ ਵੀ ਦਸ਼ਮ ਗ੍ਰੰਥ ਪੁਸਤਕ ਦੇ ਸ਼ੁਰੂ ਵਿੱਚ ਹੀ ਦਿੱਤੀ ਹੋਈ ਹੈ। ਸ਼੍ਰੀ ਅਕਾਲ ਤਖ਼ਤ (ਬੁੰਗੇ) ਦੀ ਵਰਤੋਂ ਤੋਂ ਸਪੱਸ਼ਟ ਹੈ ਕਿ ਸ਼੍ਰੋ. ਕਮੇਟੀ ਵੀ ਦਸ਼ਮ ਗ੍ਰੰਥ ਦੇ ਬਣਨ ਵਿੱਚ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਦੀ ਸ਼ੋਧਕ ਕਮੇਟੀ ਨੂੰ ਪੂਰਾ ਪੂਰਾ ਸਹਿਯੋਗ ਦੇ ਰਹੀ ਸੀ ਨਹੀਂ ਤਾਂ ਸ਼੍ਰੀ ਅਕਾਲ ਤਖ਼ਤ ਦੀ ਵਰਤੋਂ ਧੱਕੇ ਨਾਲ਼ ਕਿਸੇ ਵਲੋਂ ਨਹੀਂ ਕੀਤੀ ਜਾ ਸਕਦੀ ਸੀ।**

# 'ਕਬਿਯੋ ਬਾਚ ਬੇਨਤੀ ਚੌਪਈ' ਇੱਕ ਅਧਿਐਨ !

ਸਿੱਖ ਟੀ.ਵੀ. ਚੈਨਲਾਂ ਦੇ ਪ੍ਰਬੰਧਕ ਵੀਰੋ ਚੌਪਈ ਦੇ ਕੀਰਤਨ ਨੂੰ ਚੈਨਲ ਰਾਹੀਂ ਦਸਵੇਂ ਗੁਰੂ ਜੀ ਦੀ ਤਸਵੀਰ ਨਾਲ਼ ਵਾਰ-ਵਾਰ ਦਿਖਾ ਕੇ ਵਾਰ-ਵਾਰ ਧੰਨੁ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਜੀ ਦੀ ਸ਼ਖ਼ਸੀਅਤ ਨੂੰ ਬ੍ਰਾਹਮਣਵਾਦੀਆਂ ਦੀ ਰੀਸੇ ਨਾ ਵਿਗਾੜੋ!!! ਜੇ ਕਹੋ ਕਿਉਂ? ਤਾਂ ਚੌਪਈ ਵਾਲ਼ੇ ਤ੍ਰਿਅ ਚਰਿੱਤਰ ਨੰਬਰ 404 ਦੇ ਦੂਲਹ ਦੇ ਸੁੰਦਰੀ ਲਈ ਲੜਦੇ ਮਹਾਂਕਾਲ਼ ਦੇਵਤੇ ਦੇ ਗਪੌੜੇ ਆਪ ਅਰਥਾਂ ਸਮੇਤ ਪੜ੍ਹੋ ਜਾਂ ਕਿਸੇ ਪੜ੍ਹੇ ਹੋਏ ਤੋਂ ਸੁਣੋ ਜਾਂ ਇਹ ਲੇਖ ਨਿਰਪੱਖ ਹੋ ਕੇ ਪੜ੍ਹੋ। ਜੇ ਸ਼੍ਰੋ. ਕਮੇਟੀ ਨੇ ਸੰਨ 1931-1945 ਵਿੱਚ 'ਕਬਿਯੋ ਬਾਚ ਬੇਨਤੀ ਚੌਪਈ' ਨੂੰ ਨਿੱਤਨੇਮ ਵਿੱਚ ਪਾ ਕੇ ਗ਼ਲਤੀ ਕੀਤੀ ਤੇ ਬਿੱਪਰਵਾਦੀ ਸਿੱਖ-ਮਾਰੂ ਏਜੰਡਾ ਲਾਗੂ ਕੀਤਾ ਹੈ, ਤਾਂ ਇਸ ਗ਼ਲਤੀ ਨੂੰ ਦੁਹਰਾਉਣਾ ਦਸਵੇਂ ਗੁਰੂ ਜੀ ਦੀ ਪ੍ਰਤੱਖ ਤੌਰ 'ਤੇ ਨਿਰਾਦਰੀ ਹੈ, ਕਿਉਂਕਿ ਇਸ ਰਚਨਾ ਨੂੰ ਬਿੱਪਰਵਾਦ ਨੇ ਪੈਦਾ ਕੀਤਾ ਹੈ ਤੇ ਦਸਵੇਂ ਗੁਰੂ ਜੀ ਨਾਲ਼ ਅਕਾਰਥ ਹੀ ਜੋੜਿਆ ਹੈ।

**ਚੌਪਈ ਗੁਰੂ ਕ੍ਰਿਤ ਕਿਉਂ ਨਹੀਂ, ਅਸਲੀਅਤ ਸੱਭ ਸਿੱਖ ਜਗਤ ਦੇ ਸਾਮ੍ਹਣੇ ਹੈ !**

'ਚੌਪਈ' ਵਿੱਚ ਬੈਠਾ ਸ਼ਿਵ ਜੀ ਦਾ ਇਕ ਭਿਆਨਕ ਰੂਪ ਮਹਾਂਕਾਲ਼ ਦੇਵਤਾ ਹੈ। ਇਸ ਦੇਵਤੇ ਦਾ ਮੰਦਰ ਉਜੈਨ ਵਿੱਚ ਹੈ। ਚੌਪਈ ਦੀ ਰਚਨਾ ਇਸੇ ਮਹਾਂਕਾਲ਼ ਦੇਵਤੇ ਅੱਗੇ ਕਿਸੇ ਦੇਵ ਪੂਜ ਲਿਖਾਰੀ ਦੀ ਪੁਕਾਰ ਹੈ, ਦਸਵੇਂ ਪਾਤਿਸ਼ਾਹ ਜੀ ਦੀ ਨਹੀਂ। ਬ੍ਰਾਹਮਣਵਾਦ ਵਲੋਂ ਇਸ ਲਿਖਾਰੀ ਨੂੰ ਦਸਵੇਂ ਗੁਰੂ ਜੀ ਨਾਲ਼ ਜੋੜਿਆ ਗਿਆ ਹੈ ਤਾਂ ਜੁ ਗੁਰੂ ਜੀ ਨੂੰ ਦੇਵੀ ਦੇਵਤਿਆਂ ਦੇ ਪੁਜਾਰੀ ਬਣਾਇਆ ਜਾ ਸਕੇ। ਜੇ ਇਹ ਮੰਨ ਲਿਆ ਜਾਏ ਕਿ ਚੌਪਈ ਗੁਰੂ ਜੀ ਦੀ ਰਚਨਾ ਹੈ ਤਾਂ ਇਹ ਮੰਨਣਾ ਪਏਗਾ ਕਿ ਦਸਵੇਂ ਗੁਰੂ ਜੀ ਸ਼ਿਵ ਜੀ ਦੇ ਇਕ ਰੂਪ ਮਹਾਂਕਾਲ ਦੇਵਤੇ ਅੱਗੇ ਬੇਨਤੀ ਕਰ ਰਹੇ ਹਨ ਜੋ ਗੁਰੂ ਜੀ ਦੀ ਸਖ਼ਸੀਅਤ ਨੂੰ ਵਿਗਾੜਨ ਵਾਲ਼ੀ ਕੋਝੀ ਬ੍ਰਾਹਮਣਵਾਦੀ ਚਾਲ ਹੈ। ਇਸ ਨੂੰ ਪੜ੍ਹਨ, ਪੜ੍ਹਾਉਣ ਅਤੇ ਸੁਣਨ ਦਾ ਸਿੱਖ ਚੈਨਲਾਂ ਰਾਹੀ ਵੀ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਚੌਪਈ ਦਾ ਟੀ ਵੀ ਚੈਨਲ ਜਾਂ ਹੋਰ ਢੰਗ ਨਾਲ਼ ਪ੍ਰਚਾਰ ਕਰਨ ਵਾਲ਼ੇ ਵੀ ਓਨੇ ਹੀ ਬ੍ਰਾਹਮਣਵਾਦੀ ਸੋਚ ਵਾਲ਼ੇ ਹਨ ਜਿੰਨੇ ਇਸ ਨੂੰ ਨਕਲੀ ਨਿੱਤ-ਨੇਮ ਵਿਚ ਪਾਉਣ ਵਾਲ਼ੇ। ਅਜਿਹਾ ਕਰਨਾ ਦਸਵੇਂ ਪਾਤਿਸ਼ਾਹ ਜੀ ਦੀ ਨਿਰਾਦਰੀ ਤੁੱਲ ਹੈ। ਆਖ਼ਿਰ ਕਿਉਂ?

**ਦਰਬਾਰ ਸਾਹਿਬ ਦੀ ਮਰਯਾਦਾ**

ਦਰਬਾਰ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਸੰਪਾਦਨਾ ਕਰਕੇ ਦਰਬਾਰ ਵਿੱਚ ਪ੍ਰਕਾਸ਼ ਅਤੇ ਦਰਬਾਰ ਦੀ ਰੋਜ਼ ਦੀ ਮਰਆਦਾ ਭੀ ਗੁਰੂ ਅਰਜਨ ਸਾਹਿਬ ਨੇ ਆਪ ਸ਼ੁਰੂ ਕੀਤੀ। ਗ੍ਰੰਥੀ ਬਾਬਾ ਬੁਢਾ ਜੀ ਨੂੰ ਥਾਪਿਆ।

ਉਸ ਵਕ਼ਤ ਕਥਿਤ ਦਸਮ ਗ੍ਰੰਥ, ਚੌਪਈ ਤਾਂ ਹੈ ਨਹੀਂ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ ਸੋਦਰੁ, ਸੋਹਿਲਾ ਹੀ ਪੜਿਆ ਜਾਂਦਾ ਹੋਵੇਗਾ।

ਸੌ ਸਾਲ ਬਾਅਦ ਭੀ ਦਸਮ ਪਿਤਾ ਤਾਂ ਅੰਮ੍ਰਿਤਸਰ ਗਏ ਹੀ ਨਹੀਂ, ਫਿਰ ਦਰਬਾਰ ਸਾਹਿਬ ਦੀ ਮਰਆਦਾ ਬਦਲੀ ਗਈ... ਚੌਪਈ ਆਦਿ ਸ਼ਾਮਲ ਕਰਨਾ ਕਦੋਂ, ਕਿਸ ਅਥਾਰਟੀ ਨੇ ਗੁਰੂ ਅਰਜਨ ਸਾਹਿਬ ਦੀ ਚਲਾਈ ਹੋਈ ਮਰਆਦਾ ਬਦਲੀ ਤੇ ਕਿਉਂ ਬਦਲੀ?

ਦਸਮ ਪਿਤਾ ਨੇ ਦਰਬਾਰ ਸਾਹਿਬ ਤੀਰਥ ਮੰਨ ਕੇ ਕਿਉਂ ਯਾਤਰਾ ਨਾ ਕੀਤੀ?

ਇਥੋਂ ਸਾਬਤ ਹੁੰਦਾ ਹੈ ਕਿ ਗੁਰੂ ਅਰਜਨ ਸਾਹਿਬ ਦੀ ਚਲਾਈ ਹੋਈ ਦਰਬਾਰ ਸਾਹਿਬ ਦੀ ਮਰਆਦਾ ਭੀ ੧੯੪੫ ਵਿੱਚ ਬਦਲਣ ਦੀ ਸਾਜਿਸ਼ ਹੋਈ। ਉਦੋਂ ਹੀ ਚੌਪਈ ਸਮੇਤ ਕੱਚੀ ਬਾਣੀ ਦਰਬਾਰ ਸਾਹਿਬ ਵਿੱਚ ਪ੍ਰਵੇਸ਼ ਕੀਤੀ।

ਬਚਿੱਤ੍ਰ ਨਾਟਕ/ ਦਸਮ ਗ੍ਰੰਥ ਵਿੱਚ ਅਸ਼ਲੀਲ ਕਹਾਣੀਆਂ ਵਾਲ਼ੇ ਤ੍ਰਿਅ ਚਰਿੱਤ੍ਰਾਂ ਵਿੱਚੋਂ 404 ਨੰਬਰ ਵਿੱਚ 'ਕਬਿਯੋ ਬਾਚ ਬੇਨਤੀ ਚੌਪਈ' ਦਰਜ ਹੈ ਜਿਸ ਦੇ ਨਾਲ਼ ਬਚਿੱਤ੍ਰ ਨਾਟਕ ਵਿੱਚ '੧ੴ ਵਾਹਿ ਗੁਰੂ ਜੀ ਕੀ ਫ਼ਤਿਹ ਪਾ: 10' ਵੀ ਨਹੀਂ ਲਿਖਿਆ ਹੋਇਆ, ਜੋ ਗੁਟਕੇ ਛਪਾਉਣ ਵਾਲ਼ਿਆਂ ਨੇ ਲਿਖਾਇਆ ਹੋਇਆ ਹੈ। ਅਜਿਹਾ ਮੰਗਲ਼ ਲਿਖਣ ਨਾਲ਼ ਵੀ ਇਹ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਦਰਜਾ ਨਹੀਂ ਰੱਖ ਸਕਦੀ। ਤ੍ਰਿਅ ਚਰਿੱਤਰ ਦੇ 405 ਬੰਦ ਹਨ। ਪਹਿਲੇ 376 ਬੰਦਾਂ ਵਿੱਚ ਮਹਾਂਕਾਲ ਦੇਵਤੇ ਦੀ ਦੂਲਹ ਦੇਈ ਸੁੰਦਰੀ ਨਾਲ਼ ਵਿਆਹ ਰਚਾਉਣ ਖ਼ਾਤਰ ਦੈਂਤਾਂ ਨਾਲ਼ ਲੜਾਈ ਹੁੰਦੀ ਦਿਖਾਈ ਗਈ ਹੈ ਜਿੱਸ ਵਿੱਚ ਅਨੇਕਾਂ ਹੀ ਗਪੌੜੀ ਕਰਾਮਾਤਾਂ ਦਾ ਜ਼ਿਕਰ ਹੈ। ਚੌਪਈ 377ਵੇਂ ਬੰਦ ਤੋਂ ਸ਼ੁਰੂ ਹੁੰਦੀ ਹੈ ਤੇ ਬੰਦ ਨੰਬਰ 403 ਤਕ ਜਾਂਦੀ ਹੈ।

ਗੁਟਕਿਆਂ ਵਿੱਚ ਸ਼੍ਰੋ. ਕਮੇਟੀ ਨੇ ਅਸਲ ਚੌਪਈ ਦੇ ਗਿਣਤੀ ਵਾਚਕ ਅੰਕ ਬਦਲ ਕੇ ਲੰਗੜੀ ਕੀਤੀ ਚੌਪਈ ਪਾਈ ਹੈ, ਜੋ ਬੰਦ ਨੰਬਰ 401 ਤਕ ਹੈ, ਅਗਲੇ ਬੰਦ ਕਮੇਟੀ ਵਲੋਂ ਚੌਪਈ ਵਿੱਚੋਂ ਕੱਟ ਦਿੱਤੇ ਗਏ ਹਨ। ਸ਼੍ਰੋ. ਕਮੇਟੀ ਵਲੋਂ ਚੌਪਈ ਲੰਗੜੀ ਕਰਨ ਦਾ ਅਰਥ ਹੈ ਕਿ ਰਚਨਾ ਗੁਰੂ ਕ੍ਰਿਤ ਨਹੀਂ ਹੈ, ਭਾਵੇਂ, ਉਹ ਇਸ ਰਚਨਾ ਦੀ ਅਖੰਡਤਾ ਨੂੰ ਭੰਗ ਕਰ ਕੇ ਵੀ ਇਸ ਨੂੰ ਅਕਾਰਥ ਹੀ ਗੁਰੂ ਕ੍ਰਿਤ ਮੰਨ ਰਹੀ ਹੈ। ਬੇਨਤੀ ਚੌਪਈ ਤੋਂ ਪਿੱਛੋਂ ਲਿਖੀ ਅੜਿਲ ਅਤੇ ਇੱਕ ਹੋਰ ਚੌਪਈ ਹੈ ਜੋ ਸ਼੍ਰੋ. ਕਮੇਟੀ ਵਲੋਂ ਛੱਡੇ ਬੰਦਾਂ ਸਮੇਤ ਕਈ ਸੰਸਥਾਵਾਂ ਨੇ ਆਪਣੇ ਛਪਵਾਏ ਗੁਟਕਿਆਂ ਵਿੱਚ ਆਪ ਹੀ

ਜੋੜੀਆਂ ਹੋਈਆਂ ਹਨ ਜਿਸ ਨਾਲ਼ ਸ਼੍ਰੋ. ਕਮੇਟੀ ਦੀ ਬਣਾਈ ਰਹਿਤ ਮਰਯਾਦਾ ਦੀ ਕੋਈ ਕੀਮਤਿ ਹੀ ਨਹੀਂ ਰਹਿ ਗਈ। ਏਨਾਂ ਹੋਣ ’ਤੇ ਵੀ ਕਈ ਪ੍ਰਚਾਰਕ ਤੇ ਸਿੱਖ ਵਿਦਵਾਨ ਬਾਹਵਾਂ ਉਲਾਰ ਕੇ ਭੁਲੇਖੇ ਵਿੱਚ ਕਹਿ ਰਹੇ ਹਨ ਕਿ ਇਹ ਰਹਤ ਮਰਯਾਦਾ ਅਕਾਲ ਤਖ਼ਤ ਤੋਂ ਪ੍ਰਵਾਨਤ/ਲਾਗੂ ਹੈ/ਪੰਥ ਪ੍ਰਵਾਨਤ ਹੈ, ਤੇ ਇਸ ਵਿੱਚ ਕੋਈ ਬਦਲਾਅ ਨਹੀਂ ਹੋ ਸਕਦਾ, ਜਿਵੇਂ ਉਨ੍ਹਾਂ ਲਈ ਇਹ ਕੋਈ ਧੁਰ ਕੀ ਬਾਣੀ ਹੋਵੇ।




ਲੱਗਭੱਗ ਹਰ ਡੇਰੇ ਨੇ ਰਹਿਤ ਮਰਯਾਦਾ ਵਾਲ਼ਾ ਨਿੱਤ-ਨੇਮ ਵੀ ਬਦਲਿਆ ਹੋਇਆ ਹੈ। ਡੇਰਿਆਂ ਵਿੱਚ, ਪਟਨੇ (ਬਿਹਾਰ) ਅਤੇ ਨੰਦੇੜ (ਮਹਾਂਰਾਸ਼ਟਰ) ਵਿਖੇ ਸ਼੍ਰੋ ਕਮੇਟੀ ਦੀ ਰਹਤ ਮਰਯਾਦਾ ਨਾਲ਼ੋਂ ਬਿਲਕੁਲ ਵੱਖਰੀ ਮਰਯਾਦਾ ਚੱਲ ਰਹੀ ਹੈ। ਸੰਨ 1931 ਤੋਂ 1945 ਵਿੱਚ ਬਣੀ ਸ਼੍ਰੋ. ਕਮੇਟੀ ਦੀ ਰਹਤ ਮਰਯਾਦਾ ਦੀ ਪੈਪਸੂ ਦੇ 200 ਗੁਰਦੁਆਰਿਆਂ ਵਿੱਚ ਕੋਈ ਪੁੱਛ-ਗਿੱਛ ਨਹੀਂ ਸੀ ਅਤੇ ਸ. ਯਾਦਵਿੰਦਰ ਸਿੰਘ ਮਹਾਰਾਜਾ ਦੇ ਹੁਕਮਾ ਨਾਲ਼ 200 ਗੁਰਦੁਆਰਿਆਂ ਲਈ ਇੱਕ ਬਣਾਏ ‘ਧਰਮ ਅਰਥ ਬੋਰਡ’ ਵਲੋਂ ਵੱਖਰੇ ਨਿਯਮ ਬਣਾਏ ਗਏ ਸਨ।

ਬੇਨਤੀ ਚੌਪਈ ਦੇ ਸਿਰਲੇਖ ਨਾਲ਼ ਬਚਿੱਤ੍ਰ ਨਾਟਕ/ਦਸ਼ਮ ਗ੍ਰੰਥ ਵਿੱਚ ‘ਪਾਤਿਸ਼ਾਹੀ 10’ ਵੀ ਨਹੀਂ ਲਿਖਿਆ ਹੋਇਆ ਮਿਲ਼ਦਾ ਗੁਟਕਿਆਂ ਵਿੱਚ ਇਹ ਸਿਰਲੇਖ ਫ਼ਾਲਤੂ ਜੋੜਿਆ ਗਿਆ ਹੈ, ਤਾਂ ਜੁ ਸਿੱਖ ਪਾਠਕਾਂ ਦੇ ਅੱਖੀਂ ਘੱਟਾ ਪਾ ਕੇ ਚੌਪਈ ਨੂੰ ਦਸਵੇਂ ਗੁਰੂ ਜੀ ਨਾਲ਼ ਧੋਖੇ ਨਾਲ਼ ਜੋੜਿਆ ਜਾ ਸਕੇ ਅਤੇ ਇਹੀ ਬ੍ਰਾਹਮਣਵਾਦੀ ਸਿੱਖ-ਮਾਰੂ ਚਾਲ ਹੈ। ਗੁਰਦੁਆਰਾ ਦਰਬਾਰ (ਸਾਹਿਬ) ਅੰਮ੍ਰਿਤਸਰ ਤੋਂ ਵੀ ਸਿੱਖੀ ਨਾਲ਼ ਹੋ ਰਹੇ ਧੱਕੇ ਨਾਲ਼ ਹੀ ੧ੴ ਵਾਹਿਗੁਰੂ ਜੀ ਕੀ ਫ਼ਤਿਹ ਪਾ:10 ਕਹਿ ਕੇ ਚੌਪਈ ਸ਼ੁਰੂ ਕੀਤੀ ਜਾਂਦੀ ਹੈ ਜੋ ਬ੍ਰਾਹਮਣਵਾਦ ਦਾ ਪ੍ਰਤੱਖ ਪਿਆ ਹੋਇਆ ਪ੍ਰਭਾਵ ਦਰਸ਼ਾਉਂਦੀ ਹੈ। ਸ਼੍ਰੋ. ਕਮੇਟੀ ਪੱਕੇ ਤੌਰ ’ਤੇ ਹਿੰਦੂਤਵ ਦੇ ਪ੍ਰਭਾਵ ਹੇਠਾਂ ਕੰਮ ਕਰ ਰਹੀ ਹੈ ਜਿਸ ਦਾ ਸਬੂਤ ਰਹਿਤ ਮਰਯਾਦਾ ਵਿੱਚ ਸ਼੍ਰੋ. ਕਮੇਟੀ ਵਲੋਂ ਕੀਰਤਨ ਵਾਲ਼ੀ ਮੱਦ (ੲ) ਪੰਨਾ 15 ਵਿੱਚ ਬਦਲੀ ਕਰ ਕੇ ਬਚਿੱਤ੍ਰ ਨਾਟਕ ਦੀਆਂ ਰਚਨਾਵਾਂ ਦਾ ਕੀਰਤਨ ਕਰਨਾ ਵੀ ਸ਼ਾਮਲ ਕੀਤੇ ਜਾਣਾ ਹੈ। ਚੌਪਈ ਵਾਲ਼ੇ ਇੱਸ ਚਰਿੱਤ੍ਰ ਦੀ ਕਹਾਣੀ ਇੱਕ ਅਤੀ ਸੁੰਦਰੀ ਬਾਲਾ ਦੁਲਹ ਦੇਈ ਦੇ ਦੁਆਲ਼ੇ ਘੁੰਮਦੀ ਹੈ।

**ਦੂਲਹ ਦੇਈ ਦੀ ਸੁੰਦਰਤਾ ਦਾ ਬਿਆਨ ਕਵੀ ਇਉਂ ਕਰਦਾ ਹੈ:**

**ਪੰਨਾ ਦਸਮ ਗ੍ਰੰਥ 1361:**

ਮਹਾ ਰੂਪ ਆਨੂਪ ਤਾ ਕੋ ਬਿਰਾਜੈ।

ਲਖੇ ਤੇਜ ਤਾ ਕੋ ਸਸੀ ਸੂਰ ਲਾਜੈ।29।

ਚਾਰਹੁ ਦਿਸ਼ਾ ਫਿਰੀ ਜਬ ਬਾਲਾ।

ਜਾਨੋ ਨਾਗ ਰੂਪ ਕੀ ਮਾਲਾ।30।

ਸਸੀ- ਸ਼ਸ਼ੀ, ਚੰਦ੍ਰਮਾ। ਸੂਰ- ਸੂਰਜ। ਨਾਗ- ਸੱਪ। ਲਾਜੈ- ਸ਼ਰਮ ਨਾਲ਼ ਮੂੰਹ ਲੁਕਾਉਣਾ।

ਦੂਲਹ ਦੇਈ ਦੀ ਮਹਾਂਕਾਲ਼ (ਕਾਲਿਕਾ ਦੇਵਾ) ਨਾਲ਼ ਵਿਆਹ ਦੀ ਇੱਛਾ:

ਦੂਲਹ ਦੇਈ ਕਵੀ ਦੇ ਬਣਾਏ ਜਗਤ ਪਤੀ ਮਹਾਂਕਾਲ਼ ਨਾਲ਼ ਵਿਆਹ ਕਰਾਉਣਾ ਚਾਹੁੰਦੀ ਹੈ।

ਕਵੀ ਲਿਖਦਾ ਹੈ- ਫਿਰ ਜੀਯ ਮੈ ਇਹ ਬਾਤ ਬਿਚਾਰੀ। ਬਰੋਂ ਜਗਤ ਕੇ ਪਤਿ ਹਿ ਸੁਧਾਰੀ। ਤਾਤੇ ਕਰੋਂ ਦੀਨ ਹ੍ਵੈ ਸੇਵਾ। ਹੋਇ ਪ੍ਰਸੰਨ ਕਾਲਿਕਾ ਦੇਵਾ।31।

**ਦੂਲਹ ਦੇਈ ਨੂੰ ਪਾਰਬਤੀ/ਸ਼ਿਵਾ ਨੇ ਵਿਆਹ ਦੀ ਜੁਗਤੀ ਦੱਸੀ:**

ਦੂਲਹ ਦੇਈ ਨੂੰ ਦੁਰਗਾ ਭਵਾਨੀ ਜੁਗਤੀ ਦੱਸਦੀ ਹੈ ਕਿ ਮਹਾਂਕਾਲ਼ ਦੇਵਤੇ ਨੂੰ ਕਿਵੇਂ ਖ਼ੁਸ਼ ਕਰਨਾ ਹੈ। ਕਾਲਿਕਾ ਦੇਵਾ- ਮਹਾਂਕਾਲ਼।

ਕਵੀ ਲਿਖਦਾ ਹੈ- ਕ੍ਰਿਪਾ ਕਰੀ ਜਗਮਾਤ ਭਵਾਨੀ। ਇਹ ਬਿਧ ਬਤਿਆ ਤਾਹਿ ਬਖਾਨੀ।32।

ਕਰਿ ਜਿਨਿ ਸੋਕ ਹ੍ਰਿਦੈ ਤੈ ਪੁਤ੍ਰੀ। ਨਿਰੰਕਾਰ (ਮਹਾਂਕਾਲ਼) ਬਰਿ ਹੈ ਤੁਹਿ ਅਤ੍ਰੀ। ਤਾ ਕਾ ਧਿਆਨ ਆਜ ਨਿਸਿ ਧਰਿਯਹੁ। ਕਹਿ ਹੈ ਜੁ ਕਛੁ ਸੋਈ ਤੁਮ ਕਰਿਯਹੁ।33।

**ਨੋਟ** : ਕਵੀ ਦਾ ਮਹਾਂਕਾਲ਼ ਦੇਵਤਾ ਹੀ ਉਸ ਨੂੰ ਨਿਰੰਕਾਰ ਜਾਪਦਾ ਹੈ ਕਿਉਂਕਿ ਉਹ ਭਵਾਨੀ ਦੇ ਮੂੰਹੋਂ ਉਸ ਨੂੰ ‘ਨਿਰੰਕਾਰ’ ਕਹਾਉਂਦਾ ਹੈ। ਵਿਆਹ ਅਕਾਲ ਪੁਰਖ ਨਿਰੰਕਾਰ ਨਹੀਂ ਰਚਾ ਰਿਹਾ, ਸਗੋਂ ਦੇਹਧਾਰੀ ਦੇਵਤਾ ਮਹਾਂਕਾਲ਼ ਰਚਾਅ ਰਿਹਾ ਹੈ। ਅੱਧੀ

ਰਾਤ ਬੀਤਣ ਤੇ ਮਹਾਂਕਾਲ਼ ਦੀ ਆਗਿਆ ਇਉਂ ਹੋਈ, ਕਵੀ ਲਿਖਦਾ ਹੈ– ਅਰਧ ਰਾਤ੍ਰਿ ਬੀਤਤ ਭੀ ਜਬ ਹੀ। ਆਗਯਾ ਭਈ ਨਾਥ ਕੀ ਤਬ ਹੀ। ਸਵਾਸ ਬੀਰਜ ਦਾਨਵ ਜਬ ਮਰਿ ਹੈਂ। ਤਿਹ ਪਾਛੈ ਸੁੰਦਰੀ ਮੁਹਿ ਬਰਿ ਹੈਂ।35।

ਛੰਦ ਨੰਬਰ 36 ਤੋਂ 51 ਵਿੱਚ ਦੂਲਹ ਦੇਈ ਸਵਾਸ ਬੀਰਜ ਦੈਂਤ ਦਾ ਮੁਕਾਬਲਾ ਕਰਦੀ ਹੈ। ਨਵੇਂ ਨਵੇਂ ਹੋਰ ਦੈਂਤ ਬਣੀ ਜਾਦੇ ਹਨ ਤੇ ਦੂਲਹ ਦੇਈ ਹਾਰ ਕੇ ਮਹਾਂਕਾਲ਼ ਨੂੰ ਯਾਦ ਕਰਦੀ ਹੈ ਜਿਸ ਨਾਲ਼ ਉਸ ਨੇ ਵਿਆਹ ਰਚਾਉਣਾ ਹੈ।

**ਦੂਲਹ ਦੇਈ ਸੁੰਦਰੀ ਮਹਾਂਕਾਲ਼ ਨੂੰ ਬੇਨਤੀ ਕਰਦੀ ਹੈ:**

ਦੂਲਹ ਦੇਈ ਮਹਾਂਕਾਲ਼ ਅੱਗੇ ਬਿਲਕੁਲ ਉਸੇ ਤਰ੍ਹਾਂ ਹੀ ਬੇਨਤੀ ਕਰਦੀ ਹੈ, ਜਿਸ ਤਰ੍ਹਾਂ ਕਵੀ ਅੱਗੇ ਜਾ ਕੇ 'ਕਬਿਯੋ ਬਾਚ ਬੇਨਤੀ ਚੌਪਈ' ਵਿੱਚ ਕਰਦਾ ਹੈ। ਕਵੀ ਲਿਖਦਾ ਹੈ–ਪੰਨਾ ਦਸਮ ਗ੍ਰੰਥ 1363:

ਚਿਤ ਮੈ ਕੀਆ ਕਾਲਕਾ ਧਿਆਨਾ।
ਦਰਸਨ ਦੀਆ ਆਨਿ ਭਗਵਾਨਾ (ਮਹਾਂਕਾਲ਼)।
ਕਰਿ ਪ੍ਰਨਾਮ ਚਰਨਨ ਉਠ ਪਰੀ।
ਬਿਨਤੀ ਭਾਂਤ ਅਨਿਕ ਤਨ ਕਰੀ।
ਸੱਤਿ ਕਾਲ਼ ਮੈ ਦਾਸ ਤਿਹਾਰੀ।
ਅਪਨੀ ਜਾਨਿ ਕਰੋ ਪ੍ਰਤਿਪਾਰੀ।
ਗੁਨ ਅਵਗੁਨ ਮੁਰ ਕਛੁ ਨਾ ਨਿਹਾਰਹੁ।
ਬਾਹਿ ਗਹੇ ਕੀ ਲਾਜ ਨਿਹਾਰਹੁ।
ਹਮ ਹੈਂ ਸ਼ਰਨ ਤੋਰ ਮਹਾਂਰਾਜਾ (ਮਹਾਂਕਾਲ਼ ਦੇਵਤਾ)।
ਤੁਮ ਕਹ ਬਾਹਿ ਬਹੇ ਕੀ ਲਾਜਾ।54।

**ਨੋਟ :** ਚੌਪਈ ਵਿੱਚ 'ਬਾਹਿ ਗਹੇ ਕੀ ਲਾਜ ਅਸ' ਦੀ ਭਾਸ਼ਾ ਨੂੰ ਸਮਝੋ। ਇਹ ਮਹਾਂਕਾਲ਼ ਅੱਗੇ ਕੀਤੀ ਕਵੀ ਦੀ ਬੇਨਤੀ ਹੈ ਜਿਵੇਂ ਦੂਲਹ ਦੇਈ ਵੀ ਉਸੇ ਮਹਾਂਕਾਲ਼ ਨੂੰ 'ਤੁਮ ਕਹ ਬਾਹਿ ਗਹੇ ਕੀ ਲਾਜਾ'। ਮਹਾਂਕਾਲ਼ ਨੂੰ ਸੱਤਿਕਾਲ਼ ਵੀ ਕਿਹਾ ਹੈ। 'ਦਾਸ ਤਿਹਾਰੀ' ਵਾਕਅੰਸ਼ ਦੀ ਵਿਆਕਰਣਕ ਬਣਤਰ ਦੱਸਦੀ ਹੈ ਕਿ ਕਵੀ ਠੀਕ ਵਾਕ ਰਚਨਾ ਤੋਂ ਕੋਰਾ ਹੈ। 'ਦਾਸ' ਸ਼ਬਦ ਪੁਲਿੰਗ ਹੈ ਜਿਸ ਨਾਲ਼ ਤਿਹਾਰੀ ਸ਼ਬਦ ਨਹੀਂ ਜੋੜਿਆ ਜਾ ਸਕਦਾ। ਦੂਲਹ ਦੇਈ ਲਈ ਵਰਤਿਆ ਸ਼ਬਦ 'ਦਾਸਿ' ਹੋ ਸਕਦਾ ਹੈ 'ਦਾਸ' ਨਹੀਂ।

**ਮਹਾਂਕਾਲ਼ ਬੇਨਤੀ ਸੁਣ ਕੇ ਹੜ ਹੜ ਕਰ ਕੇ ਹੱਸਦਾ ਹੈ:**

ਇਹ ਬੇਨਤੀ ਸੁਣ ਕੇ ਮਹਾਂਕਾਲ਼/ਕਾਲ਼ ਹੜ ਹੜ ਕਰਕੇ ਹੱਸਿਆ ਜਿਵੇਂ– ਹੜ ਹੜ ਸੁਨਤ ਕਾਲ਼ ਬਚ ਹਸਾ। ਭਗਤ ਹੇਤਿ ਕਟਿ ਸੌ ਅਸਿ ਕਸਾ। ਚਿੰਤ ਨਾ ਕਰ ਮੈ ਅਸੁਰ ਸੰਘਾਰਿਹੌਂ। ਸਕਲ ਸ਼ੋਕ ਭਗਤਨ ਕੋ ਹਰਿਹੌਂ।56।

ਮਹਾਂਕਾਲ਼ ਦੇਵਤੇ ਦੇ ਜੰਗ ਵਿੱਚ ਉੱਤਰਨ ਨਾਲ਼ ਉਸ ਦਾ ਦੈਂਤਾਂ ਨਾਲ਼ ਯੁੱਧ ਮਚਦਾ ਹੈ। ਇਹ ਯੁੱਧ ਬੰਦ ਨੰਬਰ 375 ਤਕ ਚਲਦਾ ਹੈ ਜਦੋਂ ਸ੍ਵਾਸ ਬੀਰਜ ਦੈਂਤ ਮਾਰਿਆ ਜਾਂਦਾ ਹੈ ਤੇ ਬੰਦ ਨੰਬਰ 376 ਵਿੱਚ ਮਹਾਂਕਾਲ਼ ਦੀ ਸਿਫ਼ਤਿ ਕਰਦਿਆਂ ਕਵੀ ਉਸ ਨੂੰ ਸ੍ਰੀ ਅਸਕੇਤ, ਲੋਗਨ ਕਾ ਰਾਜਾ, ਜਗਤ ਦਾ ਈਸ਼ਵਰ, ਗ਼ਰੀਬ ਨਿਵਾਜ਼ ਆਖਦਾ ਹੈ।

**ਕਈ ਰਾਗੀਆਂ ਦੀ ਮਹਾਂ ਅਗਿਆਨਤਾ :**

ਇਸ ਬੰਦ ਨੰਬਰ 376 ਨੂੰ ਕਈ ਅਗਿਆਨੀ ਰਾਗੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਕਰਨ ਲਈ ਮਹਾਂਕਾਲ਼ ਦੇਵਤੇ ਦੀ ਸਿਫ਼ਤਿ ਸੰਗਤ ਵਿੱਚ ਗਾਉਂਦੇ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਪੈਂਦੀਆਂ ਗੁਰਮਤਿ ਦੀਆਂ ਚਪੇੜਾਂ ਦੀ ਵੀ ਪਰਵਾਹ ਨਹੀਂ ਕਰਦੇ। ਦੇਖੋ ਮਹਾਂਕਾਲ਼ ਦੇਵਤੇ ਦੀ ਸਿਫ਼ਤਿ ਵਿੱਚ ਲਿਖੇ ਇਹ ਦੋਵੇਂ ਬੰਦ–

ਪੁਨਿ ਰਾਛਸ ਕਾ ਕਾਟਾ ਸੀਸਾ।
ਸ੍ਰੀ ਅਸਿਕੇਤ ਜਗਤ ਕੇ ਈਸਾ।
ਪੁਪਨ ਬ੍ਰਿਸਟਿ ਗਗਨ ਤੇ ਭਈ ਸਭਹਿਨ
ਆਨਿ ਬਧਾਈ ਦਈ।375।
ਧੰਨਯ ਧੰਨਯ ਲੋਗਨ ਕੇ ਰਾਜਾ।
ਦੁਸਟਨ ਦਾਹ ਗੀਰਬ ਨਿਵਾਜਾ।
ਅਖਲ ਭਵਨ ਕੇ ਸਿਰਜਨ ਹਾਰੇ।
ਦਾਸ ਜਾਨਿ ਮੁਹਿ ਲੇਹੁ ਉਬਾਰੇ।376

**ਏਥੋਂ ਸ਼ੁਰੂ ਹੁੰਦੀ ਹੈ ਕਬਿਯੋ ਬਾਚ ਬੇਨਤੀ ॥ ਚੌਪਈ ॥:**

ਇਹ ਬ੍ਰਾਹਮਣਵਾਦੀ ਰਚਨਾ ਬੰਦ ਨੰਬਰ 377 ਤੋਂ ਸ਼ੁਰੂ ਹੁੰਦੀ ਹੈ। ਉਹ ਬ੍ਰਾਹਮਣਵਾਦੀ ਰਚਨਾ ਜਿਸ ਨੇ ਕਰੀਬ 70 ਸਾਲਾਂ (ਸੰਨ 1945 ਤੋਂ) ਤੋਂ ਸਿੱਖਾਂ ਨੂੰ 'ਕਰਤਾ ਪੁਰਖ' ਦੇ ਥਾਂ ਮਹਾਂਕਾਲ਼/ਅਸਿਕੇਤ/ਖੜਗਕੇਤ/ਖੜਗਾਧੁਜ/ਅਸਿਧੁਜ ਦੇਵਤੇ ਦੇ ਹਿੰਦੂ ਪੁਜਾਰੀ ਬਣਾਇਆ ਹੋਇਆ ਹੈ, ਕਿਉਂਕਿ ਇਹ ਕੱਚੀ ਬਾਣੀ ਸ਼੍ਰੋ. ਕਮੇਟੀ ਨੇ ਆਪਣੇ ਕੋਲੋਂ ਹੀ ਸ਼ਾਮ ਦਾ ਨਿੱਤ–ਨੇਮ ਬਣਾ ਕੇ ਉਸ ਵਿੱਚ ਘੁਸੇੜੀ ਹੋਈ ਹੈ। ਇਸ ਮਹਾਂਕਾਲ਼ ਦੇਵਤੇ ਦਾ ਮੰਦਰ ਉਜੈਨ ਵਿੱਚ ਹੈ। ਇਹ ਮਹਾਂਕਾਲ਼ ਦੇਵਤਾ ਸ਼ਿਵ ਜੀ ਦੇ ਹੀ 12 ਜੋਤ੍ਰਿਲਿੰਗਮਾਂ ਵਿੱਚੋਂ ਹੀ ਇੱਕ ਭਿਆਨਕ ਸ਼ਕਲ ਵਾਲ਼ਾ ਦੇਵਤਾ ਹੈ।

ਚੌਪਈ ਦੇ ਸਿਰਲੇਖ ਨਾਲ਼ ਕਿਤੇ ਵੀ ੧ੴ ਵਾਹਿਗੁਰੂ ਜੀ ਕੀ ਫ਼ਤਿਹ॥ ਨਹੀਂ ਲਿਖਿਆ ਹੋਇਆ ਜੋ ਧੱਕੇ ਨਾਲ਼ ਸਿੱਖਾਂ ਦੀਆਂ

ਅੱਖਾਂ ਵਿੱਚ ਘੱਟੇ ਦੀਆਂ ਮੁੱਠਾਂ ਪਾਉਣ ਲਈ ਹੀ ਬ੍ਰਾਹਮਣਵਾਦ ਦੀ ਸ਼ਰਾਰਤ ਨਾਲ਼ ਸ਼੍ਰੋ. ਕਮੇਟੀ ਅਤੇ ਡੇਰੇਦਾਰਾਂ ਨੇ ਆਪਣੇ ਛਪਾਏ ਗੁਟਕਿਆਂ ਵਿੱਚ ਲਿਖਿਆ ਹੋਇਆ ਹੈ।

**ਚੌਪਈ ਦੇ ਅਰਥ**

**ਜਿਵੇਂ ਦਸ਼ਮ ਗ੍ਰੰਥ ਦੇ ਟੀਕਿਆਂ ਵਿੱਚ ਕੀਤੇ ਗਏ ਹਨ-**

ਹੇ ਸ਼ਿਵ ਜੀ ਦੇ ਜੋਤ੍ਰੀਲਿੰਗਮ ਮਹਾਂਕਾਲ਼ ਜੀ! ਤੁਸੀਂ ਦੂਲਹ ਦੇਈ ਨਾਲ਼ ਵਿਆਹ ਕਰਾਉਣ ਲਈ ਭਿਅੰਕਰ ਯੁੱਧ ਮਚਾ ਕੇ ਲੱਖਾਂ ਦੈਂਤਾਂ ਨੂੰ ਮਾਰ ਕੇ ਸ੍ਵਾਸਬੀਰਜ ਦੈਂਤ ਦਾ ਸਿਰ ਕੱਟਿਆ। ਮੈਂ ਤੁਹਾਡੀ ਹੋਈ ਜਿੱਤ ਤੋਂ ਬੜਾ ਪ੍ਰਸੰਨ ਹਾਂ। ਹੁਣ ਤੁਸੀਂ ਮੇਰੀ ਵੀ ਬੇਨਤੀ ਸੁਣੋ ਜੀ–

**ਨੋਟ** : ਇਹ ਉੱਪਰ ਲਿਖਿਆ ਪੈਰ੍ਹਾ ਵਾਰ-ਵਾਰ ਨਹੀਂ ਲਿਖਿਆ ਜਾਵੇਗਾ। ਇਸ ਨੂੰ ਹਰ ਬੰਦ ਦੇ ਅਰਥ ਕਰਨ ਤੋਂ ਪਹਿਲਾਂ ਪੜ੍ਹਨਾ ਜ਼ਰੂਰੀ ਹੋਵੇਗਾ ਤਾਂ ਜੁ ਪਤਾ ਲੱਗ ਸਕੇ ਕਿ ਕਵੀ ਨੇ ਕਿੱਸ ਅੱਗੇ ਬੇਨਤੀ ਕੀਤੀ ਹੈ। ਅੱਗੇ ਬ੍ਰਾਹਮਣਵਾਦੀ ਹਿੰਦੂ ਗ੍ਰੰਥਾਂ ਦੀ ਲਿਖਣ ਸ਼ੈਲੀ ਵਿੱਚ ਲਿਖੀ ਇਸ ਚੌਪਈ ਦੀ ਅਰਥਾਂ ਸਮੇਤ ਵਿਚਾਰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਸਵੱਟੀ ਮੰਨ ਨੇ, ਕਰਨ ਦਾ ਛੋਟਾ ਜਿਹਾ ਯਤਨ ਹੋਇਆ ਹੈ।

**ਬੰਦ ਨੰਬਰ** 377 : ਹਮਰੀ ਕਰੋ ਹਾਥ ਦੈ ਰੱਛਾ॥ ਪੂਰਨ ਹੋਇ ਚਿੱਤ ਕੀ ਇੱਛਾ॥ ਤਵ ਚਰਨਨ ਮਨ ਰਹੈ ਹਮਾਰਾ॥ ਅਪਨਾ ਜਾਨ ਕਰੋ ਪ੍ਰਤਿਪਾਰਾ॥੩੭੭॥

**ਅਰਥ** - ਦੂਲਹ ਦੇਈ ਵਾਂਗ ਤੁਸੀਂ ਮੇਰੀ ਵੀ ਰੱਖਿਆ ਕਰੋ। ਮੇਰੇ ਮਨ ਦੀ ਇੱਛਾ ਪੂਰੀ ਹੋਵੇ। ਮੇਰਾ ਮਨ, ਹੇ ਮਹਾਂਕਾਲ਼ ਜੀ! ਤੇਰੇ ਚਰਨਾਂ ਵਿੱਚ ਰਹੇ। ਮੈਨੂੰ ਆਪਣਾ ਪੁਜਾਰੀ ਸਮਝ ਕੇ ਮੇਰੀ ਪਾਲਣਾ ਕਰੋ।

**ਬੰਦ ਨੰਬਰ** 378 : ਹਮਰੇ ਦੁਸ਼ਟ ਸਭੈ ਤੁਮ ਘਾਵਹੁ॥ ਆਪੁ ਹਾਥ ਦੈ ਮੋਹਿ ਬਚਾਵਹੁ ਸੁਖੀ ਬਸੈ ਮੋਰੋ ਪਰਿਵਾਰਾ॥ ਸੇਵਕ ਸਿੱਖਯ ਸਭੈ ਕਰਤਾਰਾ॥੩੭੮॥

**ਅਰਥ** :- ਦੂਲਹ ਦੇਈ ਦੇ ਪਤੀ ਮਹਾਂਕਾਲ਼ ਜੀ! ਮੇਰੇ ਸਾਰੇ ਵੈਰੀਆਂ ਨੂੰ ਮਾਰ ਦਿਓ ਜਿਵੇਂ ਤੁਸੀਂ ਦੁਸ਼ਟ ਦੈਂਤਾਂ ਨੂੰ ਮਾਰਿਆ ਹੈ ਪਰ ਆਪਣਾ ਹੱਥ ਦੇ ਕੇ ਮੈਨੂੰ ਜ਼ਰੂਰ ਬਚਾ ਲਿਓ। ਮੇਰਾ ਪਰਿਵਾਰ ਅਤੇ ਮੇਰਾ ਸਾਥ ਦੇਣ ਵਾਲ਼ੇ ਸੁਖੀ ਰਹਿਣ।

**ਬੰਦ ਨੰਬਰ** 379 : ਮੋ ਰੱਛਾ ਨਿਜੁ ਕਰ ਦੈ ਕਰਿਯੈ॥ ਸਭ ਬੈਰਿਨ ਕੌ ਆਜ ਸੰਘਰਿਯੈ॥ ਪੂਰਨ ਹੋਇ ਹਮਾਰੀ ਆਸਾ॥ ਤੋਰਿ। ਜਨ ਕੀ ਰਹੈ ਪਿਯਾਸਾ॥੩੭੯॥

**ਅਰਥ** :- ਹੇ ਦੂਲਹ ਦੇਈ ਦੇ ਖ਼ਸਮ ਮਹਾਂਕਾਲ਼ ਜੀ! ਮੇਰੀ ਰੱਖਿਆ ਆਪਣਾ ਹੱਥ ਦੇ ਕੇ ਕਰਨੀ। ਮੇਰੇ ਸਾਰੇ ਬੈਰੀਆਂ ਨੂੰ ਤੁਸੀਂ ਹੁਣੇ ਹੀ ਮਾਰ ਦਿਓ, ਮੈਨੂੰ ਉਨ੍ਹਾਂ ਕੋਲ਼ੋਂ ਬਹੁਤ ਡਰ ਲੱਗਦਾ ਹੈ। ਹੇ ਮਹਾਂਕਾਲ਼ ਜੀ! ਮੇਰੀ ਆਸ਼ਾ ਪੂਰੀ ਹੋਵੇ। ਤੇਰੇ ਗੁਣ ਗਾਉਣ ਦੀ ਪਿਆਸ ਰਹੇ।

**ਨੋਟ** : ਜਿਹੜੇ ਸੱਜਣ ਇਸ ਰਚਨਾ ਨੂੰ ਦਸਵੇਂ ਪਾਤਿਸ਼ਾਹ ਜੀ ਨਾਲ਼ ਜੋੜਦੇ ਹਨ ਉਹ ਦੱਸਣ ਕਿ ਇਸ ਬੇਨਤੀ ਨਾਲ਼ ਗੁਰੂ ਜੀ ਦੇ ਸਾਰੇ ਦੁਸ਼ਮਣ ਪਹਾੜੀ ਰਾਜੇ, ਮੁਗਲ ਸਰਦਾਰ ਵਜ਼ੀਰ ਖ਼ਾਂ ਵਰਗੇ, ਛੁਰਿਆਂ ਨਾਲ਼ ਵਾਰ ਕਰਨ ਵਾਲ਼ੇ ਸੱਭ ਮਰ ਗਏ ਸਨ? ਗੁਰੂ ਜੀ ਲਈ ਕੋਈ ਦੁਸਮਣ ਨਹੀਂ। ਗੁਰੂ ਜੀ ਨੂੰ ਕਿਸੇ ਦਾ ਕੋਈ ਡਰ ਨਹੀਂ। ਗੁਰੂ ਨੂੰ ਕਿਸੇ ਪ੍ਰਕਾਰ ਦੀ ਕੋਈ ਚਿੰਤਾ ਨਹੀਂ। ਗੁਰੂ ਜੀ ਨੇ ਉਨ੍ਹਾਂ ਉੱਤੇ ਹਮਲਾ ਕਰਨ ਆਇਆਂ ਦੀ ਹੀ ਆਤਮ ਰੱਖਿਆਂ ਵਜੋਂ ਭੁਗਤ ਸਵਾਰੀ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਗੁਰੂ-ਕ੍ਰਿਤ ਕੋਈ ਗੁਰਬਾਣੀ ਨਹੀਂ ਹੈ, ਭਾਵੇਂ, ਨਾਨਕ ਨਾਂ ਜਾਂ ਪਾਤਿਸ਼ਾਹੀ ਦਸਵੀ ਸਿਰਲੇਖ ਹੇਠ ਕਿਉਂ ਨਾ ਹੋਵੇ।

**ਗੁਰਬਾਣੀ ਦੇ ਇਹ ਵਾਕ ਕੀ ਕਹਿੰਦੇ ਹਨ ਜ਼ਰਾ ਸੋਚੋ-**

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਗਗਸ 671/8)

ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ॥

(ਗਗਸ 400/17)

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥

(ਗਗਸ 671/7)

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥(ਗਗਸ 1299/14)

**ਬੰਦ ਨੰਬਰ** 380 : ਤੁਮਹਿ ਛਾਡਿ ਕੋਈ ਅਵਰ ਨ ਧਯਾਊਂ॥ ਜੋ ਬਰ ਚਹੋਂ ਸੁ ਤੁਮਤੇ ਪਾਊਂ॥ ਸੇਵਕ ਸਿੱਖਯ ਹਮਾਰੇ ਤਾਰਿਯਹਿ॥ ਚੁਨ ਚੁਨ ਸ਼ੱਤ੍ਰ ਹਮਾਰੇ ਮਾਰਿਯਹਿ॥੩੮੦॥

**ਅਰਥ** :- ਦੂਲਹ ਦੇਈ ਦੇ ਪਤੀ ਮਹਾਂਕਾਲ਼ ਦੇਵਤਾ ਜੀ! ਮੈਂ ਤੇਰੇ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਧਿਆਵਾਂਗਾ। ਮਨ ਚਾਹਿਆ ਬਰ ਮੈਂ ਤੇਰੇ ਕੋਲੋਂ ਲਵਾਂਗਾ। ਮੇਰੇ ਸਾਥੀਆਂ ਨੂੰ ਬਚਾਅ ਕੇ ਮੇਰੇ ਵੈਰੀਆਂ ਨੂੰ ਚੁਣ ਚੁਣ ਕੇ ਮਾਰ ਦਿਓ। **ਨੋਟ**: ਕਵੀ ਏਨਾਂ ਡਰਪੋਕ ਹੈ ਕਿ ਵਾਰ ਵਾਰ ਵੈਰੀਆਂ ਨੂੰ ਚੁਣ ਚੁਣ ਕੇ ਮਾਰਨ ਲਈ ਤਰਲੇ ਕਰਦਾ ਹੈ। ਕਵੀ ਲਈ ਦੁਰਗਾ/ਮਹਾਂਕਾਲ਼ ਬਰ-ਦਾਤਾ ਹਨ। ਦੇਹ ਸ਼ਿਵਾ ਬਰ ਮੋਹਿ ਵਾਲ਼ਾ ਬੰਦ ਵੀ ਇਹੋ ਬਿਆਨ ਕਰਦਾ ਹੈ ਜਿਸ ਵਿੱਚ ਕਵੀ ਨੇ ਸ਼ਿਵਾ ਪਾਰਬਤੀ ਕੋਲ਼ੋਂ ਬਰ ਮੰਗਿਆ ਹੈ।

**ਬੰਦ ਨੰਬਰ** 381 : ਆਪੁ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਤ੍ਰਾਸ ਨਿਵਰਿਯੈ॥ ਹੂਜੋ ਸਦਾ ਹਮਾਰੇ ਪੱਛਾ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੩੮੧॥

**ਅਰਥ** :- ਕਵੀ ਕਹਿੰਦਾ ਹੈ ਕਿ ਦੇਵਤਾ ਅਸਿਧੁਜ/ਮਹਾਂਕਾਲ਼ ਜੀ! ਮੈਨੂੰ ਆਪ ਬਚਾਅ ਲਓ। ਮੇਰਾ ਮੌਤ ਦਾ ਡਰ ਦੂਰ ਕਰੋ। ਸਦਾ ਹੀ ਮੇਰਾ ਪੱਖ ਕਰੋ। ਮੇਰੀ ਰੱਖਿਆ ਕਰੋ, ਮੈਨੂੰ ਦੁਸ਼ਟਾਂ ਤੋਂ ਬੜਾ ਡਰ ਲੱਗਦਾ ਹੈ।

**ਨੋਟ** : ਇਸ ਰਚਨਾ ਦੇ ਅਰਥਾਂ ਨੂੰ ਦਸਵੇਂ ਗੁਰੂ ਜੀ ਨਾਲ਼ ਜੋੜਨ ਵਾਲ਼ੇ ਪ੍ਰਚਾਰਕ ਜ਼ਰਾ ਸੋਚਣ ਕਿ ਗੁਰੂ ਜੀ ਨੂੰ ਕਦੇ ਮੌਤ ਦਾ ਡਰ (ਤ੍ਰਾਸ) ਵੀ ਲੱਗਦਾ ਹੈ? ਗੁਰੂ ਦੇ ਸਿੱਖ ਵੀ ਮੌਤ ਨੂੰ ਅੱਗੇ ਲਾ ਕੇ ਤੁਰਦੇ ਰਹੇ ਤਾਂ ਗੁਰੂ ਨੂੰ ਕਿਵੇਂ ਮੌਤ ਦਾ ਡਰ ਸਤਾਏਗਾ? ਪੰਜਵੇਂ ਗੁਰੂ ਜੀ ਨੂੰ ਮੌਤ ਲਈ ਦਿੱਤੇ ਤਸੀਹੇ ਕੀ ਗੁਰੂ ਜੀ ਨੂੰ ਡੁਲਾਅ ਸਕੇ? ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਮੌਤ ਨੂੰ ਵੀ ਜਿੱਤ ਗਏ ਸਨ। ਸ਼ਹੀਦੀ ਦੀਆਂ ਅਨੇਕਾਂ ਉਦਾਹਰਣਾ ਸਿੱਖ ਇਤਿਹਾਸ ਵਿੱਚ ਮੌਜੂਦ ਹਨ।

**ਚੌਪਈ ਜਿਹੀ ਰਚਨਾ ਨੂੰ ਗੁਰੂ ਨਾਲ਼ ਜੋੜਨ ਵਾਲ਼ੇ ਪ੍ਰਚਾਰਕਾਂ ਦੇ ਮੂੰਹ ਉੱਤੇ ਗੁਰਬਾਣੀ ਇਉਂ ਕਰਾਰੀ ਚਪੇੜ ਮਾਰ ਕੇ ਸਮਝਾਉਂਦੀ ਹੈ:**

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥

(ਗਗਸ 1102/10)

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਮਰਣੈ ਕੀ ਚਿੰਤਾ ਨਹੀਂ ਜੀਵਣ ਕੀ ਨਹੀ ਆਸ॥

(ਗਗਸ 20/18)

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥

(ਗਗਸ 1429/4)

**ਅਰਥ** - ਉਸ ਮੌਤ ਦੀ ਕੀ ਚਿੰਤਾ ਕਰਨੀ ਹੈ, ਜੋ ਹੋਣੀ ਹੀ ਹੈ?

ਮਰਣੁ ਨ ਮੰਦਾ ਲੋਕਾ ਆਖੀਐ ਕੋਈ ਮਰਿ ਜਾਣੈ॥

(ਗਗਸ 579/19)

**ਬੰਦ ਨੰਬਰ** 382 : ਰਾਖਿ ਲੇਹੁ ਮੁਹਿ ਰਾਖਨਹਾਰੇ॥ ਸਾਹਿਬ ਸੰਤ ਸਹਾਇ ਪਿਯਾਰੇ॥ ਦੀਨ ਬੰਧੁ ਦੁਸ਼ਟਨ ਕੇ ਹੰਤਾ॥ ਤੁਮਹੋ ਪੁਰੀ ਚਤੁਰਦਸ ਕੰਤਾ॥੩੮੨॥

**ਅਰਥ** :- ਹੇ ਮਹਾਂਕਾਲ਼ ਅਸਿਧੁਜ ਅਸਿਕੇਤ ਜੀ! ਤੁਸੀਂ ਦੇਵਤਿਆਂ ਦੀ ਸਹਾਇਤਾ ਕਰਦੇ ਹੋ, ਮੇਰੀ ਵੀ ਰਾਖੀ ਕਰੋ। ਤੁਸੀਂ ਦੈਂਤਾਂ ਨੂੰ ਮਾਰਦੇ ਹੋ ਅਤੇ 14 ਭਵਨਾਂ ਦੇ ਮਾਲਕ ਹੋ। **ਨੋਟ**: ਗੁਰਮਤਿ ਅਨੁਸਾਰ ਅਕਾਲਪੁਰਖ ਹੀ ਤਿੰਨਾਂ ਭਵਨਾਂ ਅਤੇ 14 ਲੋਕਾਂ ਦਾ ਮਾਲਕ ਹੈ ਪਰ ਕਵੀ ਨੂੰ ਇਹ ਪ੍ਰਵਾਨ ਨਹੀਂ ਕਿਉਂਕਿ ਕਵੀ ਅਕਾਲਪੁਰਖ ਨੂੰ ਨਹੀਂ ਮੰਨਦਾ। ਕਵੀ ਦੇ ਇਸ਼ਟ ਦੁਰਗਾ/ਮਹਾਂਕਾਲ਼ ਹੀ ਹਨ।

**ਬੰਦ ਨੰਬਰ** 383 : ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸ਼ਿਵ ਜੂ ਅਵਤਰਾ॥ ਕਾਲ ਪਾਇ ਕਰਿ ਬਿਸ਼ਨ ਪ੍ਰਕਾਸ਼ਾ॥ ਸਕਲ ਕਾਲ ਕਾ ਕੀਯਾ ਤਮਾਸ਼ਾ॥੩੮੩॥

**ਅਰਥ** :- ਮਹਾਂਕਾਲ਼ ਨੇ ਬ੍ਰਹਮਾ, ਸ਼ਿਵ, ਬਿਸ਼ਨੂੰ ਅਤੇ ਸਾਰਾ ਸੰਸਾਰ ਬਣਾਇਆ ਹੈ। ਕਵੀ ਨੇ 'ਕਾਲ਼' ਸ਼ਬਦ 'ਮਹਾਂਕਾਲ਼' ਲਈ ਵੀ ਤ੍ਰਿਅ ਚਰਿੱਤ੍ਰ ਵਿੱਚ ਵਰਤਿਆ ਹੈ (ਦੇਖੋ ਉੱਪਰ ਬੰਦ ਨੰਬਰ 255)। **ਨੋਟ**: ਗੁਰਮਤਿ ਇਸ ਨੂੰ ਨਹੀਂ ਮੰਨਦੀ ਕਿ ਕੋਈ ਕਾਲ਼ ਜਾਂ ਮਹਾਂਕਾਲ਼ ਵੀ ਜਗਤ ਦਾ ਕੋਈ ਕਰਤਾ ਹੈ। ਗੁਰਮਤਿ ਅਨੁਸਾਰ ਉਹ ਸ਼ਕਤੀ 'ਅਕਾਲ' ਹੈ ਪਰ ਕਵੀ ਗੁਰਮਤਿ ਦੀ ਇਹ ਗੱਲ ਨਹੀਂ ਮੰਨਦਾ ਕਿਉਂਕਿ ਉਹ ਕਾਲ਼/ਮਹਾਂਕਾਲ਼ ਦਾ ਪੁਜਾਰੀ ਜੁ ਹੈ। ਕਾਲ਼( ਮੌਤ/ਸਮਾਂ ) ਵਿੱਚ ਜਗਤ ਪੈਦਾ ਕਰਨ ਦੀ ਕੋਈ ਸ਼ਕਤੀ, ਗੁਰਮਤਿ ਅਨੁਸਾਰ, ਨਹੀਂ ਹੈ।

**ਬੰਦ ਨੰਬਰ** 384 : ਜਵਨ ਕਾਲ ਜੋਗੀ ਸ਼ਿਵ ਕੀਯੋ॥ ਬੇਦ ਰਾਜ ਬ੍ਰਹਮਾ ਜੂ ਥੀਯੋ॥ ਜਵਨ ਕਾਲ ਸਭ ਲੋਕ ਸਵਾਰਾ॥ ਨਮਸ਼ਕਾਰ ਹੈ ਤਾਹਿ ਹਮਾਰਾ॥੩੮੪॥

**ਅਰਥ** :- ਕਵੀ ਨੇ ਫਿਰ ਜ਼ੋਰ ਦੇ ਕੇ ਕਿਹਾ ਹੈ ਕਿ ਉਸ ਦੇ ਪਿਆਰੇ ਇਸਟ ਕਾਲ਼/ਮਹਾਂਕਾਲ਼ ਨੇ ਸ਼ਿਵ ਅਤੇ ਬ੍ਰਹਮਾ ਨੂੰ ਬਣਾਇਆ ਜੋ ਗੁਰਮਤਿ ਦੇ ਪ੍ਰਤੀਕੂਲ ਹੈ। ਕਵੀ ਨੇ ਮਹਾਂਕਾਲ਼ ਨੂੰ ਨਮਸਕਾਰ ਕੀਤੀ ਹੈ ਜਦੋਂ ਕਿ ਗੁਰਮਤਿ ਕੇਵਲ ਗੁਰ ਪਰਮੇਸ਼ਰ ਨੂੰ ਹੀ ਨਮਸਕਾਰ ਕਰਨ ਲਈ ਕਹਿੰਦੀ ਹੈ। **ਨੋਟ**: ਕਵੀ ਨੂੰ ਗੁਰਮਤਿ ਨਾਲ਼ ਕੋਈ ਲੈਣਾ ਦੇਣਾ ਨਹੀਂ ਹੈ ਕਿਉਂਕਿ ਉਹ ਮਹਾਂਕਾਲ਼/ਕਾਲ਼ ਦਾ ਪੁਜਾਰੀ ਹੈ।

**ਬੰਦ ਨੰਬਰ** 385 : ਜਵਨ ਕਾਲ ਸਭ ਜਗਤ ਬਨਾਯੋ॥ ਦੇਵ ਦੈਤ ਜੱਛਨ ਉਪਜਾਯੋ॥ ਆਦਿ ਅੰਤਿ ਏਕੈ ਅਵਤਾਰਾ॥ ਸੋਈ ਗੁਰੂ ਸਮਝਿਯਹੁ ਹਮਾਰਾ॥੩੮੫॥

**ਅਰਥ** :- ਇਸ ਬੰਦ ਵਿੱਚ ਫਿਰ ਕਵੀ ਆਪਣੀ ਗੱਲ ਜਾਰੀ ਰੱਖਦਾ ਕਹਿੰਦਾ ਹੈ – ਜਿਸ ਕਾਲ਼/ਮਹਾਂਕਾਲ਼ ਨੇ ਸਾਰਾ ਜਗਤ ਬਣਾਇਆ ਹੈ, ਦੇਵਤੇ, ਯਕਸ਼ ਅਤੇ ਦੈਂਤ ਬਣਾਏ ਹਨ ਉਹ ਹੀ ਅਸਲੀ ਸਦਾ ਰਹਿਣ ਵਾਲ਼ਾ ਅਵਤਾਰ ਹੈ ਜੋ ਮੇਰਾ ਗੁਰੂ ਹੈ। ਨੋਟ: ਗੁਰਮਤਿ ਕਿਸੇ ਕਾਲ਼ /ਮਹਾਂਕਾਲ਼ ਨੂੰ ਗੁਰ ਪਰਮੇਸ਼ਰ ਅਤੇ ਜਗਤ ਦਾ ਕਰਤਾ ਨਹੀਂ ਮੰਨਦੀ, ਭਾਵੇਂ ਕਵੀ ਇਹ ਗੱਲ ਜ਼ਰੂਰ ਮੰਨਦਾ ਹੈ ਕਿਉਂਕਿ ਉਹ ਕਾਲ਼/ਮਹਾਂਕਾਲ਼ ਦਾ ਪੁਜਾਰੀ ਹੈ। ਕੇਵਲ ਨੂੰ ਹੀ

ਸਿੱਖੀ ਮੰਗਲਾਚਰਣ ਵਿੱਚ 'ਕਰਤਾ', ਭਾਵ, ਸੰਸਾਰ ਦਾ ਰਚਨਹਾਰਾ ਕਿਹਾ ਹੈ। ਜਗਤ ਦਾ ਕਰਤਾ ਕਾਲ਼/ਮਹਾਂਕਾਲ਼ ਨਹੀਂ ਹੈ।

**ਬੰਦ ਨੰਬਰ 386 :** ਨਮਸ਼ਕਾਰ ਤਿਸ ਹੀ ਕੋ ਹਮਾਰੀ॥ ਸਕਲ ਪ੍ਰਜਾ ਜਿਨ ਆਪ ਸਵਾਰੀ॥ ਸਿਵਕਨ ਕੋ ਸਿਵਗੁਨ ਸੁਖ ਦੀਯੋ॥ ਸ਼ੱਤ੍ਰਨ ਕੋ ਪਲ ਮੋ ਬਧ ਕੀਯੋ॥

**ਅਰਥ :-** ਕਵੀ ਮਹਾਂਕਾਲ਼ ਦੀ ਸਿਫ਼ਤਿ ਕਰਦਾ ਫਿਰ ਕਹਿੰਦਾ ਹੈ – ਜਿਸ ਮਹਾਂਕਾਲ਼ ਨੇ ਸਾਰੀ ਦੁਨੀਆਂ ਕੰਨ ਦੀ ਮੈਲ਼ ਵਿੱਚੋਂ ਪੈਦਾ ਕੀਤੀ ਹੈ, ਜਿਸ ਮਹਾਂਕਾਲ਼ ਨੇ ਆਪਣੇ ਪੁਜਾਰੀਆਂ ਨੂੰ ਗੁਣ ਤੇ ਸੁੱਖ ਦਿੱਤੇ ਹਨ ਅਤੇ ਦੁਸ਼ਟਾਂ (ਦੈਂਤਾਂ) ਦਾ ਪਲ ਭਰ ਵਿੱਚ ਨਾਸ਼ ਕੀਤਾ ਹੈ ਉਸ ਨੂੰ ਮੇਰੀ ਨਮਸਕਾਰ ਹੈ।

**ਨੋਟ :** ਗੁਰਮਤਿ ਵਿੱਚ ਗੁਰ ਪਰਮੇਸ਼ਰ ਨੂੰ ਹੀ ਨਮਸਕਾਰ ਕਰਨ ਦਾ ਵਿਧਾਨ ਹੈ, ਕਿਸੇ ਕਾਲ਼/ਮਹਾਂਕਾਲ਼ ਨੂੰ ਨਹੀਂ।

**ਜਿਵੇਂ :-** ਕਰਿ ਨਮਸਕਾਰ ਪੂਰੇ ਗੁਰਦੇ॥ ਸਫਲ ਮੂਰਤਿ ਸਫਲ ਜਾ ਕੀ ਸੇਵ॥ ਗੁਰੁ ਗੋਬਿੰਦ ਗੁਰੁ ਗੋਪਾਲ॥ ਅਪਨੇ ਦਾਸ ਕਉ ਰਾਖਨਹਾਰ॥(ਗਗਸ 869/9)।

**ਹਰਏ ਨਮਸਤੇ ਹਰਏ ਨਮਹ॥ ਹਰਿ ਹਰਿ ਕਰਤ ਨਹੀ ਦੁਖੁ ਜਮਹ॥(ਗਗਸ 874/8)।**

ਕਵੀ ਮਹਾਂਕਾਲ਼ ਨੂੰ ਨਮਸਕਾਰ ਕਰਦਾ ਹੈ ਕਿਉਂਕਿ ਕਵੀ ਦਾ ਇਸਟ ਹੀ ਸ਼ਿਵ ਜੀ ਦਾ ਇੱਕ ਜੋਤ੍ਰਿਲਿੰਗਮ ਮਹਾਂਕਾਲ਼ ਹੈ ਜਿਸ ਦਾ ਮੰਦਰ ਉਜੈਨ ਵਿੱਚ ਬਨਿਆਂ ਹੋਇਆ ਹੈ ਅਤੇ ਮਹਾਂਕਾਲ਼ ਦੇ ਭਗਤ ਓਥੇ ਜਾ ਕੇ ਮਹਾਂਕਾਲ਼ ਦੀ ਪੂਜਾ ਕਰਦੇ ਹਨ। 'ਸਿਵਕਨ' ਅਤੇ 'ਸਿਵਗੁਣ' ਆਦਿਕ ਸ਼ਬਦ ਹੋਰ ਅਨੇਕਾਂ ਸ਼ਬਦਾਂ ਦੀ ਤਰ੍ਹਾਂ ਗੁਰਮਤਿ ਗੁਰਬਾਣੀ ਦੀ ਲੈਅਕਾਰੀ ਅਨੁਸਾਰ ਨਹੀਂ ਹਨ।

**ਬੰਦ ਨੰਬਰ 387 :** ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥ ਚੀਟੀ ਤੇ ਕੁੰਚਰ ਅਸਥੂਲਾ॥ ਸਭ ਪਰ ਕ੍ਰਿਪਾ ਦ੍ਰਿਸ਼ਟਿ ਕਰਿ ਫੂਲਾ॥

**ਅਰਥ :-** ਹੇ ਦੂਲਹ ਦੇਈ ਦੇ ਪਤੀ ਮਹਾਂਕਾਲ਼ ਜੀ ! ਤੁਸੀਂ ਚੰਗੇ ਮਾੜੇ ਹਰ ਇੱਕ ਦੀ ਹਾਲਤ ਜਾਣਦੇ ਹੋ ਅਤੇ ਕੀੜੀ ਤੋਂ ਲੈ ਕੇ ਵੱਡੇ ਹਾਥੀ ਤਕ ਸਾਰੇ ਜੀਵਾਂ ਉੱਤੇ ਕਿਰਪਾ ਦ੍ਰਿਸ਼ਟੀ ਕਰ ਕੇ ਫੁੱਲਦੇ ਰਹਿੰਦੇ ਹੋ। **ਨੋਟ:** ਗੁਰਮਤਿ ਅਨੁਸਾਰ ਕੇਵਲ ਅਕਾਲਪੁਰਖ ਪ੍ਰਭੂ ਹੀ ਸੱਭ ਦੇ ਦਿਲਾਂ ਦੀ ਜਾਣ ਸਕਦਾ ਹੈ ਕੋਈ ਕਾਲ਼ ਜਾਂ ਮਹਾਂਕਾਲ਼ ਨਹੀਂ, ਜਿਵੇਂ–

1) ਅੰਤਰਜਾਮੀ ਸੋ ਪ੍ਰਭੁ ਪੂਰਾ॥ ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥(ਗਗਸ 13/18)।

2) ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ॥(ਗਗਸ 107/11)।

3) ਕਰਣ ਕਰਾਵਣਹਾਰ ਸੁਆਮੀ॥
ਸਗਲ ਘਟਾ ਕੇ ਅੰਤਰਜਾਮੀ॥(ਗਗਸ 108/3)।

4) ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥
(ਗਗਸ 1427/3)

**ਬੰਦ ਨੰਬਰ 388 :** ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥ ਏਕ ਏਕ ਕੀ ਪੀਰ ਪਛਾਨੈ॥ ਘਟ ਘਟ ਕੇ ਪਟ ਪਟ ਕੀ ਜਾਨੈ॥੩੮੮॥

**ਅਰਥ :-** ਹੇ ਦੂਲਹ ਦੇਈ ਨੂੰ ਬਰਨ ਵਾਲ਼ੇ ਮਹਾਂਕਾਲ਼! ਦੇਵਤਿਆਂ ਨੂੰ ਦੁੱਖ ਮਿਲਣ ਤੇ ਤੁਸੀਂ ਵੀ ਦੁਖੀ ਹੋ ਜਾਂਦੇ ਹੋ ਅਤੇ ਉਨ੍ਹਾਂ ਦੇ ਸੁੱਖ ਪਾਉਣ ਨਾਲ਼ ਤੁਹਾਨੂੰ ਵੀ ਸੁੱਖ ਹੁੰਦਾ ਹੈ। ਤੁਸੀਂ ਤਾਂ ਹਰ ਇੱਕ ਦੇ ਦਿੱਲ ਦੀ ਜਾਣਦੇ ਹੋ।

**ਬੰਦ ਨੰਬਰ 389 :** ਜਬ ਉਦਕਰਖ ਕਰਾ ਕਰਤਾਰਾ॥ ਪ੍ਰਜਾ ਧਰਤ ਤਬ ਦੇਹ ਅਪਾਰਾ॥ ਜਬ ਆਕਰਖ ਕਰਤ ਹੋ ਕਬਹੂੰ॥ ਤੁਮ ਮੈ ਮਿਲਤ ਦੇਹ ਧਰ ਸਭਹੂੰ॥

**ਅਰਥ :-** ਏਥੇ ਕਵੀ ਨੇ ਮਹਾਂਕਾਲ਼ ਦੇਵਤੇ ਦੀ ਉਦਕਰਖ ਅਤੇ ਆਕਰਖ ਕਰਨ ਦੀ ਸ਼ਕਤੀ ਦਾ ਬਿਆਨ ਕੀਤਾ ਹੈ ਜਿਸ ਦੀ ਉਹ ਯੁੱਧ ਵਿੱਚ ਦੈਂਤਾਂ ਵਿਰੁੱਧ ਵਰਤੋਂ ਕਰਦਾ ਹੈ। ਸ਼ਬਦ–ਗੁਰੂ ਦੇ ਸਿਧਾਂਤ ਤੋਂ ਮਹਾਂ ਅਗਿਆਨੀ ਪ੍ਰਚਾਰਕ 'ਉਦਕਰਖ' ਅਤੇ 'ਆਕਰਖ' ਸ਼ਬਦਾਂ ਦੇ ਅਰਥਾਂ ਨੂੰ ਅਗਿਆਨਤਾ ਦੇ ਧੱਕੇ ਨਾਲ਼ ਅਕਾਲਪੁਰਖ ਨਾਲ਼ ਜੋੜ ਕੇ ਸਿੱਖ ਸੰਗਤਾਂ ਨੂੰ, ਨਵੇਂ ਬਣਾਏ ਗੁਰੂ ਦੇ ਸ਼ਰੀਕ ਬਚਿੱਤ੍ਰ ਨਾਟਕ/ ਦਸ਼ਮ ਗ੍ਰੰਥ ਨਾਲ਼ ਜੋੜ ਕੇ ਦੁਬਿਧਾ ਅਤੇ ਅਗਿਆਨਤਾ ਦੀ ਡੂੰਘੀ ਖਾਈ ਵਿੱਚ ਧੱਕਾ ਦੇ ਰਹੇ ਹਨ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕੋ ਇੱਕ ਗੁਰੂ ਨਾਲੋਂ ਤੋੜ ਕੇ ਦੂਜੇ ਗ੍ਰੰਥ ਦੇ ਪੈਰਾਂ ਵਿੱਚ ਸੁੱਟ ਰਹੇ ਹਨ। ਮਹਾਂਕਾਲ਼ ਦੇਵਤਾ ਇਉਂ ਆਕਰਖਨ ਕਰਦਾ ਹੈ:–

**ਪਵਨਾ ਕਰਖ ਕਰਾ ਤਬ ਕਾਲਾ। ਘਟੇ ਬਢਨ ਤੇ ਅਰਿ ਬਿਕਰਾਲਾ। ਲੜਦਾ ਲੜਦਾ ਮਹਾਂਕਾਲ਼ ਦੇਵਤਾ 'ਆਕਰਖਨ' ਸ਼ਬਦ ਦੀ ਵਰਤੋਂ ਇਉਂ ਕਰਦਾ ਹੈ:-**

ਜਾਤੇ ਜੋਤਿ ਕਰਤ ਆਕਰਖਨ।
ਤਾਕਹ ਰਹਤ ਮ੍ਰਿਤਕ ਜਗ ਕੇ ਜਨ ।96।

ਇਹ ਬਿਧਿ ਜਬ ਆਕਰਖਨ ਕੀਆ। ਸਭ ਬਲ ਹਰਿ ਅਸੁਰਨ ਕਾ ਲੀਆ ।301। ਸਰਬਾ ਕਰਖਨ ਕਿਯ ਅਸਿਧੁਜ ਜਬ। ਉਪਜਤ ਤੇਂ ਰਹਿ ਗਏ ਅਸੁਰ ਤਬ। 364।

**ਬੰਦ ਨੰਬਰ 390 :** ਜੇਤੇ ਬਦਨ ਸ੍ਰਿਸ਼ਟਿ ਸਭ ਧਾਰੈ॥ ਆਪੁ ਆਪੁਨੀ ਬੂਝਿ ਉਚਾਰੈ॥ ਤੁਮ ਸਭ ਹੀ ਤੇ ਰਹਤ ਨਿਰਾਲਮ॥ ਜਾਨਤ ਬੇਦ ਭੇਦ ਅਰੁ ਆਲਮ॥੩੯੦॥

**ਅਰਥ** :- ਹੇ ਸ਼ਿਵ ਜੀ ਦੇ ਜੋਤ੍ਰਿਲਿੰਗਮ ਮਹਾਂਕਾਲ਼ ਦੇਵਤਾ ਜੀ! ਜਿੰਨੇ ਮੂੰਹ ਬਣੇ ਹਨ ਸਾਰੇ ਆਪਣੀ ਮਤਿ ਨਾਲ਼ ਬੋਲ ਰਹੇ ਹਨ। ਮਹਾਂਕਾਲ਼ ਜੀ ਤੁਸੀਂ ਸੱਭ ਤੋਂ ਨਿਰਲੇਪ ਰਹਿੰਦੇ ਹੋ ਜਿਸ ਨੂੰ ਬੇਦ ਅਤੇ ਜਗਤ ਜਾਣਦਾ ਹੈ। **ਨੋਟ** : ਲਿਖਾਰੀ ਨੂੰ ਸ਼ਬਦ ਜੋੜਾਂ ਦੀ ਜ਼ਰਾ ਮਾਤ੍ਰ ਵੀ ਸੋਝੀ ਨਹੀਂ ਹੈ। ਲਿਖਾਰੀ ਨੂੰ ਇਹ ਨਹੀਂ ਪਤਾ ਕਿ 'ਆਪਿ' ਅਤੇ 'ਆਪੁ' ਸ਼ਬਦਾਂ ਦਾ ਕੀ ਅੰਤਰ ਹੈ ਅਤੇ ਇਨ੍ਹਾਂ ਦੀ ਵਰਤੋਂ ਕਿਵੇਂ ਕਰਨੀ ਹੈ। ਗੁਰਬਾਣੀ ਦੀ ਲਿਖਣ ਸ਼ੈਲੀ ਵਲੋਂ ਲਿਖਾਰੀ ਕੋਰਾ ਹੈ। ਮਹਾਂਕਾਲ਼ ਇੱਸ ਚਰਿੱਤ੍ਰ ਵਿੱਚ ਦੈਂਤਾਂ ਨਾਲ਼ ਲੜਦਾ ਨਿਰਲੇਪ ਨਹੀਂ ਰਹਿੰਦਾ। ਇਹ ਗੁਣ ਕੇਵਲ ਰੱਬ ਵਿੱਚ ਹੈ। ਮਹਾਂਕਾਲ਼ ਰੱਬ ਨਹੀਂ ਹੈ।

**ਬੰਦ ਨੰਬਰ 391 :** ਨਿਰੰਕਾਰ ਨ੍ਰਿਬਿਕਾਰ ਨ੍ਰਿਲੰਭ॥ ਆਦਿ ਅਨੀਲ ਅਨਾਦਿ ਅਸੰਭ॥ ਤਾਕਾ ਮੂੜ੍ਹ ਉਚਾਰਤ ਭੇਦਾ॥ ਜਾਕੋ ਭੇਵ ਨ ਪਾਵਤ ਬੇਦਾ॥੩੯੧॥

**ਅਰਥ** :- ਮਹਾਂਕਾਲ਼ ਅਤੇ ਦੁਰਗਾ ਦਾ ਪੁਜਾਰੀ ਕਵੀ ਮਹਾਂਕਾਲ਼ ਨੂੰ ਰੱਬ ਨਾਲ਼ ਤੁਲਨਾ ਦੇ ਰਿਹਾ ਹੈ ਜੋ ਮਨਮਤਿ ਹੈ। ਸਿੱਖ ਲਈ ਰੱਬ ਤੋਂ ਪਰੇ ਕੋਈ ਹੋਰ ਨਹੀਂ। ਲਿਖਾਰੀ ਮਹਾਂਕਾਲ਼ ਨੂੰ ਹੀ ਰੱਬ ਸਮਝ ਕੇ ਉਸ ਦੀ ਸਿਫ਼ਤਿ ਵਿੱਚ ਰੱਬ ਦੇ ਵਿਸ਼ੇਸ਼ਣ ਵਰਤ ਕੇ ਰੱਬ ਦੀ ਨਿਰਾਦਰੀ ਕਰ ਰਿਹਾ ਹੈ। ਹਰ ਇਕ ਨੂੰ ਪਤਾ ਹੈ ਕਿ ਮਹਾਂਕਾਲ਼ ਦੇਹਧਾਰੀ ਦੇਵਤਾ ਹੈ ਜੋ ਦੂਲਹ ਦੇਈ ਸੰਦਰੀ ਵਾਸਤੇ ਦੈਂਤਾਂ ਨਾਲ਼ ਯੁੱਧ ਕਰਦਾ ਹੈ। ਇਹ ਮਹਾਂਕਾਲ਼ ਸਿੱਖ ਲਈ ਰੱਬ ਨਹੀਂ ਹੈ। ਮਹਾਂਕਾਲ਼ ਲਈ ਵਰਤੇ ਸ਼ਬਦ ਨਿਰੰਕਾਰ, ਨ੍ਰਿਬਿਕਾਰ, ਨ੍ਰਿਲੰਭ, ਆਦਿ, ਅਨੀਲ, ਅਨਾਦਿ, ਅਸੰਭ( ਅਜੂਨੀ) ਮਹਾਂਕਾਲ਼ ਦੇ ਪੁਜਾਰੀ ਲਈ ਭਾਵੇਂ ਠੀਕ ਹੋਣ ਪਰ ਸਿੱਖ ਇਨ੍ਹਾਂ ਨੂੰ ਨਹੀਂ ਮੰਨਦਾ।ਇਹ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਪ੍ਰਭੂ ਪ੍ਰਮੇਸ਼ਰ ਲਈ ਹੀ ਵਰਤੇ ਹਨ। ਮਹਾਂਕਾਲ਼ ਪ੍ਰਭੂ ਪ੍ਰਮੇਸ਼ਰ ਨਹੀਂ ਹੈ। ਮਹਾਂਕਾਲ਼ ਅਜੂਨੀ ਨਹੀਂ ਹੈ, ਮਹਾਂਕਾਲ਼ ਆਦਿ (ਸੱਭ ਦਾ ਮੁੱਢ) ਨਹੀਂ ਹੈ, ਮਹਾਂਕਾਲ਼ ਅਨੀਲੁ ਨਹੀਂ ਹੈ, ਮਹਾਂਕਾਲ਼ ਅਨਾਦਿ ਨਹੀਂ ਹੈ ਕਿਉਂਕਿ ਮਹਾਂਕਾਲ਼ ਦੇਹਧਾਰੀ ਦੇਵਤਾ ਹੈ ਜਿਸ ਨੂੰ ਰੱਬ ਨੇ ਬਣਾਇਆ ਹੈ ਤੇ ਰੱਬ ਹੀ ਸੱਭ ਦਾ ਮੁੱਢ, ਅਨਾਦਿ, ਅਜੂਨੀ, ਆਦਿਕ ਹੈ। ਦੇਹਧਾਰੀ ਦੇਵਤਾ ਅਜੂਨੀ ਨਹੀਂ ਹੋ ਸਕਦਾ ਤੇ ਕਵੀ ਨੇ ਇਸ ਬੰਦ ਵਿੱਚ ਰੱਬ ਦੀ ਨਿਰਾਦਰੀ ਕੀਤੀ ਹੈ ਅਤੇ ਮਹਾਂਕਾਲ਼ ਦੀ ਕੂੜੀ ਸਿਫ਼ਤਿ ਕੀਤੀ ਹੈ।

**ਨੋਟ** : ਬੰਦ ਨੰਬਰ 390 ਵਿੱਚ ਲਿਖਾਰੀ ਕਹਿੰਦਾ ਹੈ ਕਿ ਬੇਦ ਮਹਾਂਕਲ਼ ਦਾ ਭੇਦ ਜਾਣਦੇ ਹਨ। ਬੰਦ ਨੰਬਰ 391 ਵਿੱਚ ਲਿਖਾਰੀ ਕਹਿੰਦਾ ਹੈ ਕਿ ਬੇਦ ਵੀ ਮਹਾਂਕਾਲ਼ ਦਾ ਭੇਦ ਨਹੀਂ ਜਾਣਦੇ। ਕਵੀ ਬਹੁਤ ਭੁਲੱਕੜ ਹੈ।

**ਬੰਦ ਨੰਬਰ 392 :** ਤਾਕੌ ਕਰਿ ਪਾਹਨ ਅਨੁਮਾਨਤ॥ ਮਹਾਂ ਮੂੜ੍ਹ ਕਛੁ ਭੇਦ ਨ ਜਾਨਤ॥ ਮਹਾਂਦੇਵ ਕੌ ਕਹਤ ਸਦਾ ਸ਼ਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥੩੯੨॥

**ਅਰਥ** :- ਇਹ ਗੱਲ ਚੇਤੇ ਰੱਖਣ ਵਾਲ਼ੀ ਹੈ ਕਿ ਬੰਦ ਨੰਬਰ 391 ਵਿੱਚ ਲਿਖਾਰੀ ਨੇ ਮਹਾਂਕਾਲ਼ ਨੂੰ ਨਿਰੰਕਾਰ ਦਾ ਦਰਜਾ ਦਿੱਤਾ ਹੋਇਆ ਹੈ, ਭਾਵੇਂ, ਗੁਰਮਤਿ ਇਸ ਨੂੰ ਨਹੀਂ ਮੰਨਦੀ। ਲਿਖਾਰੀ ਕਹਿੰਦਾ ਹੈ ਕਿ ਮੂਰਖ ਲੋਕ ਮਹਾਂਕਾਲ਼ ਦੇਵਤੇ ਨੂੰ ਪੱਥਰ ਦੀ ਮੂਰਤੀ ਹੀ ਸਮਝੀ ਬੈਠੇ ਹਨ ਪਰ ਇਹ ਨਿਰੀ ਗੱਪ ਹੈ ਕਿਉਂਕਿ ਮਹਾਂਕਾਲ਼ ਦੇਵਤੇ ਦਾ ਮੰਦਰ ਉਜੈਨ ਵਿੱਚ ਹੈ ਅਤੇ ਮੂਰਤੀ ਵੀ ਹੈ। ਇਸ ਮੰਦਰੋਂ ਭੰਗ ਅਤੇ ਸ਼ਰਾਬ ਦਾ ਪ੍ਰਸ਼ਾਦ ਮਿਲ਼ਦਾ ਹੈ।

**ਨੋਟ** : ਲਿਖਾਰੀ ਵਾਸਤੇ ਮਹਾਕਾਲ਼ ਦੇਵਤਾ ਹੀ ਨਿਰੰਕਾਰ ਹੈ, ਪਰ ਸਿੱਖ ਲਈ ਸਾਰਾ ਸੰਸਾਰ ਹੀ ਨਿਰੰਕਾਰ ਦੀ ਰਚਨਾ ਹੈ, ਮਹਾਂਕਾਲ਼ ਦੇਵਤੇ ਦੀ ਨਹੀਂ। ਮਹਾਂਕਾਲ਼ ਨੇ ਨਿਰੰਕਾਰ ਨੂੰ ਨਹੀਂ ਬਣਾਇਆ ਸਗੋਂ ਨਿਰੰਕਾਰ ਪ੍ਰਭੂ ਨੇ ਹੀ ਮਹਾਂਕਾਲ਼ ਦੇਵਤੇ ਨੂੰ ਬਣਾਇਆ ਹੈ। ਦੇਵੀ, ਦੇਵਤੇ, ਅਵਤਾਰ ਆਦਿਕ ਪ੍ਰਭੂ ਦਾ ਅੰਤ ਨਹੀਂ ਪਾ ਸਕਦੇ। ਮਹਾਂਕਾਲ਼ ਦੇਵਤੇ ਨੂੰ ਰੱਬ ਮੰਨਣਾ ਸਿੱਖ ਸੱਭਿਆਚਾਰ ਨਹੀਂ ਸਗੋਂ ਹਿੰਦੂ ਸੱਭਿਆਚਾਰ ਹੈ।

**ਚੌਪਈ ਵਿੱਚਲੇ ਮਹਾਂਕਾਲ਼ ਦੇਵਤੇ ਦੀ ਆਪੂੰ ਨਿਰੰਕਾਰ ਬਣਨ ਦੀ ਫੂਕ ਕੱਢਦੀ ਹੋਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਗੁਰਬਾਣੀ ਮਹਾਂਕਾਲ਼ ਦੇਵਤੇ ਨੂੰ ਨਿਰੰਕਾਰ ਮੰਨਣ ਵਾਲਿਆਂ ਦੇ ਮੂੰਹ ਉੱਤੇ ਵੀ ਗਿਆਨ ਦੀ ਕਰਾਰੀ ਚਪੇੜ ਇਉਂ ਮਾਰਦੀ ਹੈ:-**

ਰਾਮਕਲੀ ਮਹਲਾ 5॥ ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥ ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥1॥ ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥1॥ ਰਹਾਉ॥ ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥ ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥2॥(ਗਗਸ 894/4)

**ਬੰਦ ਨੰਬਰ 393 :** ਆਪੁ ਆਪੁਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥ ਤੁਮਰਾ ਲਖਾ ਨ ਜਾਇ ਪਸਾਰਾ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੩੯੩॥

**ਅਰਥ** :- ਇਹ ਚੌਪਈ ਮਹਾਂਕਾਲ਼ ਦੇਵਤੇ ਅੱਗੇ ਲਿਖਾਰੀ ਦਾ

ਤਰਲਾ ਪ੍ਰਗਟ ਕਰਦੀ ਹੈ। ਲਿਖਾਰੀ ਕਹਿੰਦਾ ਹੈ ਕਿ ਹਰ ਕੋਈ ਆਪਣੀ ਬੁੱਧੀ ਅਨੁਸਾਰ ਮਹਾਂਕਾਲ਼ ਦੇਵਤੇ ਨੂੰ ਦੇਖਦਾ ਹੈ। ਲਿਖਾਰੀ ਝੂਠ ਬੋਲਦਾ ਕਹਿੰਦਾ ਹੈ ਕਿ ਮਹਾਂਕਾਲ਼ ਦੇਵਤੇ ਦੁਆਰਾ ਕੀਤੀ ਸੰਸਾਰ ਦੀ ਰਚਨਾ ਦਾ ਕਿਸੇ ਨੂੰ ਪਤਾ ਨਹੀਂ ਹੈ। ਏਸੇ ਲਿਖਾਰੀ ਨੇ ਮਹਾਂਕਾਲ਼ ਦੁਆਰਾ ਬਣਾਈ ਸ੍ਰਿਸ਼ਟੀ ਦਾ ਉਲੇਖ ਆਪਣੀਆਂ ਹੋਰ ਰਚਨਾਵਾਂ ਵਿੱਚ ਭਲੀ ਭਾਂਤੀ ਆਪ ਹੀ ਕੀਤਾ ਹੋਇਆ ਹੈ। ਦੇਖੋ ਇਹ ਪ੍ਰਮਾਣ:-

ਏਕ ਸ੍ਰਵਣ ਤੇ ਮੈਲ਼ ਨਿਕਾਰਾ। ਤਾ ਤੇ ਮਧੁ ਕੀਟਭ ਤਨ ਧਾਰਾ। ਦੁਤੀਆ ਕਾਨ ਤੇ ਮੈਲ਼ ਨਿਕਾਰੀ। ਤਾ ਤੇ ਭਈ ਸ੍ਰਿਸ਼ਟਿ ਇਹ ਸਾਰੀ। (ਕਾਲ ਉਸਤਤ ਪੰਨਾ 47 ਬੰਦ 13) ਕਾਲ਼/ਮਹਾਂਕਾਲ਼ ਨੇ ਆਪਣੇ ਕੰਨਾਂ ਦੀ ਮੈਲ਼ ਤੋਂ ਇਹ ਸੰਸਾਰ ਰਚਿਆ ਹੈ। ਇਹ ਧਾਰਨਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦੇ 100 ਪ੍ਰਤੀਸ਼ਤ ਉਲ਼ਟ ਹੈ। ਚੌਪਈ ਦੇ ਲਿਖਾਰੀ ਦਾ ਝੂਠ ਏਥੋਂ ਫੜਿਆ ਜਾਂਦਾ ਹੈ।

ਸ੍ਰਿਸ਼ਟੀ ਦੀ ਰਚਨਾ ਬਾਰੇ ਇਹ ਸਿਧਾਂਤ ਕਿ ਕੰਨ ਚੋਂ ਮੈਲ (ਕੇਵਲ ਸ਼ਰੀਰ-ਧਾਰੀ ਹੀ ਕੰਨ ਚੋਂ ਮੈਲ ਕਢਦਾ ਹੈ) ਕਢ ਕੇ ਸ੍ਰਿਸਟੀ ਰਚੀ। ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ 'ਅਰਬਦ ਨਰਬਦ ਧੁੰਧੂਕਾਰਾ' ਅਤੇ 'ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥' ਨਾਲ ਉਕਾ ਮੇਲ ਨਹੀ ਖਾਂਦਾ। ਇਸ ਪੱਖੋਂ ਇਹ ਰਚਨਾ ਦਸਮ ਨਾਨਕ ਜੀ ਦੀ ਸਿੱਧ ਨਹੀਂ ਹੁੰਦੀ।

**ਬੰਦ ਨੰਬਰ 394** : ਏਕੈ ਰੂਪ ਅਨੂਪ ਸਰੂਪਾ॥ ਰੰਕ ਭਯੋ ਰਾਵ ਕਹੀਂ ਭੂਪਾ॥ ਅੰਡਜ ਜੇਰਜ ਸੇਤਜ ਕੀਨੀ॥ ਉਤਭੁਜ ਖਾਨਿ ਬਹੁਰਿ ਰਚਿ ਦੀਨੀ॥੩੯੪॥

**ਅਰਥ** :- ਇਹ ਚੌਪਈ ਮਹਾਂਕਾਲ਼ ਦੇਵਤੇ ਅੱਗੇ ਲਿਖਾਰੀ ਦੀ ਬੇਨਤੀ ਹੈ। ਮਹਾਂਕਾਲ਼ ਦੇਹਧਾਰੀ ਦੇਵਤਾ ਇੱਕ ਮਹਾਂ ਸੁੰਦਰੀ ਦੂਲਹ ਦੇਈ ਨਾਲ਼ ਵਿਆਹ ਰਚਾਉਣ ਲਈ ਉਸ ਦੀ ਮੱਦਦ ਕਰਦਾ ਸਵਾਸਬੀਰਜ ਦੈਂਤ ਨੂੰ ਮਾਰ ਕੇ ਜੇਤੂ ਬਣ ਜਾਂਦਾ ਹੈ। ਜੇਤੂ ਮਹਾਂਕਾਲ਼ ਅੱਗੇ ਲਿਖਾਰੀ ਆਪਣੀ ਅਤੇ ਆਪਣੇ ਪਰਿਵਾਰ ਦੀ ਰੱਖਿਆ ਲਈ ਤਰਲੇ ਕੱਢਦਾ ਹੈ। ਲਿਖਾਰੀ ਝੂਠ ਬੋਲਦਾ ਹੋਇਆ ਲਿਖਦਾ ਹੇ ਕਿ ਮਹਾਂਕਾਲ਼ ਦੇਵਤਾ ਇੱਕ ਹੈ ਜਿਸ ਦੇ ਕਈ ਰੂਪ ਹਨ। ਮਹਾਂਕਾਲ਼ ਦੇਵਤਾ ਤਾਂ ਆਪ ਹੀ ਸ਼ਿਵ ਜੀ ਦਾ ਇੱਕ ਜੋਤ੍ਰਿਲਿੰਗਮ ਹੈ ਫਿਰ ਇਸ ਦੇ ਕਈ ਰੂਪ ਹੋਣ ਦੀ ਗੱਲ ਨਿਰੀ ਗੱਪ ਹੈ। ਲਿਖਾਰੀ ਕਹਿੰਦਾ ਹੈ ਕਿ ਮਹਾਂਕਾਲ਼ ਦੇਵਤੇ ਨੇ ਹੀ ਸੰਸਾਰ ਦੀ ਪੈਦਾਇਸ਼ ਦੀਆਂ ਚਾਰਿ ਖਾਣੀਆਂ ਰਚੀਆਂ ਹਨ, ਪਰ ਇਹ ਗੁਰਮਤਿ ਅਨੁਸਾਰ ਝੂਠ ਹੈ। ਸੰਸਾਰ ਨੂੰ ਪੈਦਾ ਕਰਨ ਦੀਆਂ ਵਿਧੀਆਂ ਰਚਣ ਵਾਲ਼ਾ ਕੇਵਲ ੧ਓ ਹੈ, ਕੋਈ ਦੇਹਧਾਰੀ ਦੇਵਤਾ ਮਹਾਂਕਾਲ਼ ਨਹੀਂ।

**ਬੰਦ ਨੰਬਰ 395** : ਕਹੂੰ ਫੂਲਿ ਰਾਜਾ ਹ੍ਵੈ ਬੈਠਾ॥ ਕਹੂੰ ਸਿਮਟਿ ਭਯੋ ਸ਼ੰਕਰ ਇਕੈਠਾ॥ ਸਗਰੀ ਸ੍ਰਿਸ਼ਟਿ ਦਿਖਾਇ ਅਚੰਭਵ॥ ਆਦਿ ਜੁਗਾਦਿ ਸਰੂਪ ਸੁਯੰਭਵ॥੩੯੫॥

**ਅਰਥ** :- ਚੌਪਈ ਦਾ ਨਾਇਕ ਦੇਹਧਾਰੀ ਦੇਵਤਾ ਮਹਾਂਕਾਲ਼ ਹੈ। ਜੋ ਦੇਹਧਾਰੀ ਹੈ ਉਹ ਅਜੂਨੀ ਨਹੀਂ ਹੋ ਸਕਦਾ। ਜੋ ਅਜੂਨੀ ਨਹੀਂ ਹੋ ਸਕਦਾ ਉਹ ਰੱਬ ਨਹੀਂ ਹੋ ਸਕਦਾ। ਲਿਖਾਰੀ ਇਸ ਬੰਦ ਵਿੱਚ ਮਹਾਂਕਾਲ਼ ਦਹਧਾਰੀ ਦੇਵਤੇ ਨੂੰ ਰੱਬ ਦੇ ਵਿਸ਼ੇਸ਼ਣਾਂ ਨਾਲ਼ ਸ਼ਿੰਗਾਰਦਾ ਹੈ ਜੋ ਗੁਰਮਤਿ ਅਨੁਸਾਰ ਨਹੀਂ ਹੈ। ਮਹਾਂਕਾਲ਼ ਦੇਵਤੇ ਨੂੰ ਕਿਤੇ ਬਣਿਆਂ ਰਾਜਾ ਅਤੇ ਕਿਤੇ ਸ਼ਿਵ ਜੀ ਦੇ ਰੂਪ ਵਿੱਚ ਸਿਮਟਿਆ ਹੋਇਆ (ਸ਼ਿਵ ਜੀ ਦੇ 12 ਜੋਤ੍ਰਿਲਿੰਗਮ ਸਿਮਟ ਕੇ ਮੁੜ ਸ਼ਿਵ ਜੀ ਹੀ ਬਣ ਜਾਂਦਾ ਹੈ) ਲਿਖਿਆ ਹੈ। ਮਹਾਂਕਾਲ਼ ਦੇਵਤੇ ਨੂੰ ਆਦਿ, ਜੁਗਾਦਿ, ਸੁਯੰਭਵ (ਸੈਭੰ) ਕਰਕੇ ਵੀ ਲਿਖਿਆ ਹੈ ਜੋ ਗੁਰਮਤਿ ਦੇ ਉਲ਼ਟ ਹੈ। ਕੇਵਲ ੧ਓ ਹੀ ਆਦਿ, ਜੁਗਾਦਿ ਅਤੇ ਸੈਭੰ ਹੈ, ਕੋਈ ਦੇਹਧਾਰੀ ਮਹਾਂਕਾਲ਼ ਨਹੀਂ ਜੋ ਇਸ ਚੌਪਈ ਵਿੱਚ ਦੂਲਹ ਦੇਈ ਸੁੰਦਰੀ ਦਾ ਪਿਆਰਾ ਮਹਾਂ ਨਾਇਕ ਹੈ। ਚੌਪਈ ਗੁਰਬਾਣੀ ਸੱਭਿਆਚਾਰ ਦੀ ਲਿਖਤ ਨਹੀਂ ਹੈ।

**ਬੰਦ ਨੰਬਰ 396** : ਅਬ ਰੱਛਾ ਮੇਰੀ ਤੁਮ ਕਰੋ॥ ਸਿੱਖਯ ਉਬਾਰਿ ਅਸਿੱਖਯ ਸੱਘਰੋ॥ ਦੁਸ਼ਟ ਜਿਤੇ ਉਠਵਤ ਉਤਪਾਤਾ॥ ਸਕਲ ਮਲੇਛ ਕਰੋ ਰਣ ਘਾਤਾ॥੩੯੬॥

**ਅਰਥ** :- ਲਿਖਾਰੀ ਹੁਣ, ਦੈਤਾਂ ਨੂੰ ਮਾਰਨ ਵਾਲ਼ੇ ਮਹਾਂਕਾਲ਼ ਦੇਵਤੇ ਅੱਗੇ, ਆਪਣੀ ਰੱਖਿਆ ਲਈ ਵੀ ਬੇਨਤੀ ਕਰਦਾ ਹੈ। ਲਿਖਾਰੀ ਚਾਹੁੰਦਾ ਹੈ ਕਿ ਤੁਸੀਂ, ਮਹਾਂਕਾਲ਼ ਜੀ, ਆਪਣੇ ਸਿੱਖਾਂ (ਭੰਗ ਸ਼ਰਾਬ ਪੀ ਕੇ ਬਣੇ ਚੇਲਿਆਂ ਨੂੰ, ਕਿਉਂਕਿ ਮਹਾਂਕਾਲ਼ ਦਾ ਸਿੱਖ ਬਣਨ ਲਈ ਭੰਗ ਸ਼ਰਾਬ ਦਾ ਸੇਵਨ ਜ਼ਰੂਰੀ ਹੈ- **ਤ੍ਰਿਯਾ ਚਰਿਤ੍ਰ ਨੰ**: 266 ਦਾ ਅਖੀਰਲਾ ਦੋਹਰਾ "ਮਹਾਕਾਲ ਕੋ ਸਿਖਯ ਕਰਿ ਮਦਿਰਾ ਭਾਂਗ ਪਿਵਾਇ॥" ਸਿਧ ਕਰਦਾ ਹੈ ਕਿ ਮਹਾਕਾਲ ਦਾ ਅਰਥ ਵਾਹਿਗੁਰੂ ਜਾਂ ਅਕਾਲਪੁਰਖੁ ਨਹੀਂ ਕਿਉਕਿ ਸਤਿ ਨਾਮੁ ਜਪਣ ਵਾਲਿਆਂ ਨੂੰ ਭੰਗ, ਸ਼ਰਾਬ ਆਦਿਕ ਨਸ਼ੇ ਵਰਤਣ ਦੀ ਸਖ਼ਤ ਮਨਾਹੀ ਹੈ) ਨੂੰ ਬਚਾ ਕੇ ਬਾਕੀ ਸਾਰਿਆਂ ਨੂੰ ਮਾਰ ਦਿਓ। ਜਿਹੜੇ ਵੀ ਉਪੱਦ੍ਰ ਕਰਨ ਵਾਲ਼ੇ ਦੁਸ਼ਟ ਉੱਠਦੇ ਹਨ ਉਨ੍ਹਾਂ ਮਲੇਛਾਂ ਨੂੰ ਜੰਗ ਕਰਕੇ ਮਾਰ ਦਿਓ ਜਿਵੇਂ ਤੁਸੀ ਦੇਂਤਾਂ ਨੂੰ ਮਾਰ ਕੇ ਦੂਲਹ ਦੇਈ ਦੀ ਰੱਖਿਆ ਕੀਤੀ ਹੈ। ਗੁਰਮਤਿ ਵਿੱਚ ਸਰਬੱਤ ਦੇ ਭਲੇ ਦੀ

ਗੱਲ ਹੈ ਨਾ ਕਿ ਸਿੱਖਾਂ ਨੂੰ ਬਚਾਉਣ ਅਤੇ ਗ਼ੈਰ-ਸਿੱਖਾਂ ਨੂੰ ਮਾਰ ਦੇਣ ਦੀ। ਇਸ ਤਰ੍ਹਾਂ ਦੀ ਬੇਨਤੀ ਹੀ ਗ਼ਲਤ ਹੈ।

**ਬੰਦ ਨੰਬਰ 397 :** ਜੇ ਅਸਿਧੁਜ ਤਵ ਸ਼ਰਨੀ ਪਰੇ ॥ ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥ ਪੁਰਖ ਜਵਨ ਪਗੁ ਪਰੇ ਤਿਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੩੯੭॥

**ਅਰਥ :-** ਲਿਖਾਰੀ ਨੇ ਆਪਣੇ ਇਸ਼ਟ ਮਹਾਂਕਾਲ਼ ਨੂੰ ਬੇਨਤੀ ਚੌਪਈ ਵਾਲ਼ੇ ਤ੍ਰਿਅ ਚਰਿੱਤ੍ਰ ਨੰਬਰ 404 ਵਿਚ ਅਸਿਧੁਜ ਵੀ ਲਿਖਿਆ ਹੈ। ਲਿਖਾਰੀ ਮਹਾਂਕਾਲ਼ ਅਸਿਧੁਜ ਦੀ ਸਿਫ਼ਤਿ ਕਰਦਾ ਆਖਦਾ ਹੈ ਕਿ ਉਸ ਦੀ ਸਰਨ ਵਿੱਚ ਆਉਣ ਵਾਲ਼ਿਆਂ ਦੇ ਸੰਕਟ ਦੂਰ ਹੁੰਦੇ ਹਨ ਅਤੇ ਕਰਾਮਾਤ ਰਾਹੀਂ ਦੁਸ਼ਟ ਦੁਖੀ ਹੋ ਕੇ ਮਰਦੇ ਹਨ। ਗੁਰਮਤਿ ਅਨੁਸਾਰ ਜੋ ਪ੍ਰਭੂ ਪਾਤਿਸ਼ਾਹ ਜੀ ਦੀ ਸ਼ਰਨ ਵਿੱਚ ਆਉਂਦੇ ਹਨ ਉਹ ਆਪਿ ਭੀ ਭਵਜਲ ਤਰਦੇ ਹਨ ਅਤੇ ਉਨ੍ਹਾਂ ਦੇ ਸੰਗੀ ਸਾਥੀ ਭੀ ਕੀਤੀ ਸੰਗਤਿ ਸਦਕਾ ਮੋਹ ਮਾਇਆ ਤੋਂ ਨਿਰਲੇਪ ਹੋ ਜਾਂਦੇ ਹਨ, ਕਿਸੇ ਕਰਾਮਾਤ ਦੀ ਗੱਲ ਨਹੀਂ ਹੈ। ਇਹ ਅੰਤਰ ਹੈ ਮਹਾਂਕਾਲ਼ ਦੇਵਤੇ ਅਤੇ ਪ੍ਰਭੂ ਪਾਤਿਸ਼ਾਹ ਦੀ ਸ਼ਰਨ ਵਿੱਚ ਆਉਣ ਦਾ।

**ਬੰਦ ਨੰਬਰ 398 :** ਜੋ ਕਲਿ ਕੌ ਇਕ ਬਾਰ ਧਿਐਹੈ ॥ ਤਾ ਕੇ ਕਾਲ ਨਿਕਟਿ ਨਹਿ ਐਹੈ ॥ ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸ਼ਟ ਅਰਿਸ਼ਟ ਟਰੇ ਤਤਕਾਲਾ ॥੩੯੮॥

**ਅਰਥ :-** ਗੁਰਮਤਿ ਵਿੱਚ ਕਿਸੇ 'ਕਲਿ' ਨੂੰ ਧਿਆਉਣ ਦਾ ਕੋਈ ਵਿਧਾਨ ਨਹੀਂ। ਕਲਿ. ਕਾਲ਼, ਮਹਾਂਕਾਲ਼ ਆਦਿਕ ਨੂੰ ਹਿੰਦੂ ਮੱਤ ਵਿੱਚ ਭਾਵੇਂ ਮਾਨਤਾ ਹੋਵੇ, ਸਿੱਖੀ ਵਿੱਚ ਕੋਈ ਮਾਨਤਾ ਨਹੀਂ ਹੈ। ਲਿਖਾਰੀ ਮਹਾਂਕਾਲ਼ ਦੀ ਵਡਿਆਈ ਕਰਦਾ ਕਹਿੰਦਾ ਹੈ ਕਿ ਮਹਾਂਕਾਲ਼ ਨੂੰ ਇਕ ਵਾਰ ਯਾਦ ਕਰਨ ਵਾਲ਼ੇ ਦੇ ਮੌਤ ਨੇੜੇ ਨਹੀਂ ਆਉਂਦੀ, ਉਸ ਦੀ ਰਾਖੀ ਹੁੰਦੀ ਹੈ ਅਤੇ ਉਸ ਦੇ ਸਾਰੇ ਦੁਸ਼ਟ ਅਤੇ ਵਿਘਨ ਟਲ਼ ਜਾਂਦੇ ਹਨ। ਗੁਰਮਤਿ ਕਿਸੇ ਦੇਵਤੇ ਨੂੰ ਪੂਜਣ ਲਈ ਅਤੇ ਉਸ ਤੋਂ ਕੁੱਝ ਮੰਗਣ ਲਈ ਸਿੱਖ ਨੂੰ ਕਤਈ ਨਹੀਂ ਪ੍ਰੇਰਦੀ। ਸਿੱਖ ਗੁਰ ਪ੍ਰਮੇਸ਼ਰ ਤੋਂ ਹੀ ਸੱਭ ਇੱਛਾਵਾਂ ਦੀ ਪੂਰਤੀ ਕਰਦਾ ਹੈ। ਗੁਰੂ ਦਾ ਸਿੱਖ ਦਾ ਕਿਸੇ ਮਹਾਂਕਾਲ਼/ਅਸਿਧੁਜ ਦੇਵਤੇ ਨਾਲ਼ ਕੋਈ ਲੈਣ ਦੇਣ ਨਹੀਂ ਹੈ।

**ਬੰਦ ਨੰਬਰ 399 :** ਕ੍ਰਿਪਾ ਦ੍ਰਿਸ਼ਟਿ ਤਨ ਜਾਹਿ ਨਿਹਰਿਹੋ ॥ ਤਾਕੇ ਤਾਪ ਤਨਕ ਮਹਿ ਹਰਿਹੋ ॥ ਰਿਧਿ ਸਿਧਿ ਘਰ ਮੌ ਸਭ ਹੋਈ ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੩੯੯॥

**ਅਰਥ :-** ਦੂਲਹ ਦੇਈ ਮਹਾਂ ਸੁੰਦਰੀ ਨਾਲ਼ ਵਿਆਹ ਰਚਾਉਣ ਲਈ ਮਹਾਂਕਾਲ਼ ਦੈਂਤਾਂ ਨਾਲ਼ ਯੁੱਧ ਕਰਦਾ ਕਦੀ ਦੈਂਤਾਂ ਲਈ ਤਾਪ ਆਦਿਕ ਬਿਮਾਰੀਆਂ ਪੈਦਾ ਕਰਦਾ ਹੈ ਅਤੇ ਕਦੀ ਮਿਹਰ ਕਰ ਕੇ ਜੜੀਆਂ ਬੂਟੀਆਂ ਨਾਲ਼ ਬਿਮਾਰੀਆਂ ਦੂਰ ਕਰਦਾ ਹੈ। ਮਹਾਂਕਾਲ਼ ਦੇ ਇਸ ਗੁਣ ਨੂੰ ਲਿਖਾਰੀ ਨੇ ਇੱਥੇ ਬਿਆਨ ਕੀਤਾ ਹੈ। ਜਿੱਥੋਂ ਤਕ ਰਿਧੀਆਂ ਸਿੱਧੀਆਂ ਦੇ ਘਰ ਵਿੱਚ ਆਉਣ ਦੀ ਗੱਲ ਹੈ ਗੁਰਮਤਿ ਵਿੱਚ ਇਹ ਵਿਚਾਰਧਾਰਾ ਨਹੀਂ ਹੈ।

**ਗੁਰਬਾਣੀ ਤਾਂ ਗਿਆਨ ਬਖ਼ਸ਼ਦੀ ਹੈ - ਰਿਧਿ ਸਿਧਿ ਸਭ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ (ਗਗਸ 593/18)।**

ਰਿਧੀਆਂ ਸਿੱਧੀਆਂ ਪ੍ਰਭੂ ਪਿਆਰ ਤੋਂ ਪ੍ਰਾਣੀ ਨੂੰ ਤੋੜ ਕੇ ਦੁਨਿਆਵੀ ਸੁਆਦਾਂ ਵਿੱਚ ਪਾ ਦਿੰਦੀਆਂ ਹਨ। 'ਜਪੁ, ਬਾਣੀ ਵਿੱਚ ਇਹ ਅਗਵਾਈ ਦਿੱਤੀ ਗਈ ਹੈ, ਜਿਵੇਂ:- "ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ"॥ ਰਹੀ ਗੱਲ ਮਹਾਂਕਾਲ਼ ਦੀ ਕਿਰਪਾ ਨਾਲ਼ ਦੁਸ਼ਟਾਂ ਦਾ ਪਰਛਾਵਾਂ ਵੀ ਨਾ ਪੈਣ ਦੀ ਕਰਾਮਾਤ ਦੀ। ਇਹ ਬਿਲਕੁੱਲ ਝੂਠ ਹੈ। ਸੱਚੇ ਗੁਰੂ ਦੀ ਹਜ਼ੂਰੀ ਵਿੱਚ ਰਹਿੰਦਿਆਂ ਸਿੱਖਾਂ ਨੇ ਹਮਲਾ ਕਰਨ ਆਇਆਂ ਦਾ ਮੂੰਹ ਵੀ ਭੰਨਿਆਂ ਅਤੇ ਉਨ੍ਹਾਂ ਹੱਥੋਂ ਸ਼ਹੀਦੀ ਜਾਮ ਵੀ ਪੀਤੇ। ਦੁਸ਼ਟਾਂ ਦਾ ਪਰਛਵਾਂ ਪੈਂਦਾ ਹੈ ਕਿ ਨਹੀਂ ਇਹ ਤਾਂ ਜੰਗ ਦੇ ਮੈਦਾਨ ਵਿੱਚ ਗਿਆਂ ਹੀ ਪਤਾ ਲੱਗਦਾ ਹੈ ਕਿ ਚੜ੍ਹ ਕੇ ਆਇਆ ਦੁਸ਼ਮਣ ਕਿਵੇਂ ਵਾਰ ਕਰਦਾ ਆਪਣਾ ਪਰਛਾਵਾਂ ਪਾਉਂਦਾ ਹੈ। ਸਿੱਖੀ ਵਿੱਚ ਕਰਾਮਾਤ ਨੂੰ ਕੋਈ ਥਾਂ ਨਹੀਂ ਹੈ। ਛਾਹ- ਪਰਛਾਵਾਂ। ਛ੍ਵੈ- ਛੁਹਣਾ।

**ਬੰਦ ਨੰਬਰ 400 :** ਏਕ ਬਾਰ ਜਿਨ ਤੁਮੈਂ ਸੰਭਾਰਾ ॥ ਕਾਲ ਫਾਸ ਤੇ ਤਾਹਿ ਉਬਾਰਾ ॥ ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸ਼ਟ ਦੋਖ ਤੇ ਰਹਾ ॥੪੦੦॥

**ਅਰਥ :-** ਦੂਲਹ ਦੇਈ ਸੁੰਦਰੀ ਦੇ ਪਿਆਰੇ ਮਹਾਂਕਾਲ਼/ਅਸਿਧੁਜ ਦੇਵਤੇ ਦੀ ਸਿਫ਼ਤਿ ਕੇਵਲ ਮਹਾਂਕਾਲ਼ ਦੇਵਤੇ ਦਾ ਪੁਜਾਰੀ ਹੀ ਕਰ ਸਕਦਾ ਹੈ। ਸ਼ਬਦ-ਗੁਰੂ ਦੇ ਸਿੱਖ ਮਹਾਂਕਾਲ਼ ਦੇਵਤੇ ਦੇ ਪੁਜਾਰੀ ਨਹੀਂ ਹੁੰਦੇ। ਮਹਾਂਕਾਲ਼ ਦਾ ਪੁਜਾਰੀ ਲਿਖਾਰੀ ਮਹਾਂਕਾਲ਼ ਦੇਵਤੇ ਦੀ ਸਿਫ਼ਤਿ ਕਰਦਾ ਲਿਖਦਾ ਹੈ ਕਿ ਉਸ ਦੇ ਪੁਜਾਰੀ ਮੌਤ ਦੀ ਫਾਹੀ ਤੋਂ ਬਚਦੇ, ਗ਼ਰੀਬੀ ਦੂਰ ਕਰਦੇ ਅਤੇ ਦੁਸ਼ਟਾਂ ਦੁੱਖਾਂ ਤੋਂ ਬਚ ਜਾਂਦੇ ਹਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿੱਖ ਕਿਸੇ ਮਹਾਂਕਾਲ਼/ ਅਸਿਧੁਜ ਦੇਵਤੇ ਤੋਂ ਕਦੇ ਕੁੱਝ ਨਹੀਂ ਮੰਗਦੇ। ਗੁਰੂ ਦੇ ਸਿੱਖਾਂ ਲਈ ਗੁਰ ਪਰਮੇਸ਼ਰ ਹੀ ਸਾਰੀਆਂ ਇੱਛਾਵਾ ਪੂਰੀਆਂ ਕਰਨ ਵਾਲ਼ਾ ਹੈ, ਯਥਾ:- ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥ ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥ (ਗਗਸ 630/5)

# ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ 'ਕ੍ਰਿਸ਼ਨਾਵਤਾਰ', 'ਤ੍ਰਿਅ ਚਰਿਤ੍ਰ ਨੰਬਰ 404' ਅਤੇ 'ਕਬਿਯੋ ਬਾਚ ਬੇਨਤੀ ਚੌਪਈ' ਵਿੱਚ ਮਹਾਕਾਲ਼ ਦਾ ਸੰਕਲਪ

**ਕ੍ਰਿਸ਼ਨਾਵਤਾਰ** : ਸੰਨ 1895 ਵਿੱਚ ਬਣੇ ਅਤੇ ਸੰਨ 1897 ਵਿੱਚ ਭਾਈ ਚਤਰ ਸਿੰਘ ਜੀਵਨ ਸਿੰਘ (ਅੰਮ੍ਰਿਤਸਰ) ਵਲੋਂ ਪਹਿਲੀ ਵਾਰ ਛਪੇ 'ਦਸ਼ਮ ਗ੍ਰੰਥ' ਵਿੱਚ ਸਯਾਮ ਕਵੀ ਦੀ ਲਿਖਤ 'ਕ੍ਰਿਸ਼ਨਾਵਤਾਰ' ਨਾਂ ਦੀ ਲੰਬੀ ਰਚਨਾ ਦੇ 2492 ਛੰਦ ਹਨ। ਇਸ ਵਿੱਚ ਸ਼੍ਰੀ ਕ੍ਰਿਸ਼ਨ ਲੀਲਾ ਦਾ ਵਿਸਥਾਰ ਪੂਰਬਕ ਵਰਣਨ ਹੈ। ਇਹ ਕਥਾ ਹਿੰਦੂ ਮੱਤ ਦੇ ਗ੍ਰੰਥ ਭਾਗਵਤ ਪੁਰਾਣ ਵਿੱਚੋਂ ਲਈ ਗਈ ਹੈ। ਲਿਖਾਰੀ ਨੇ ਇਸ ਰਚਨਾ ਵਿੱਚ ਆਪਣੇ ਪੂਜਨੀਕ ਇਸ਼ਟ ਦੁਰਗਾ ਦੇਵੀ ਦੀ ਸਿਫ਼ਤਿ ਵਿੱਚ 18 ਛੰਦ (ਛੰਦਾਂ ਦਾ ਸਿਰਲੇਖ ਹੈ 'ਅਥ ਦੇਵੀ ਜੂ ਕੀ ਉਸਤਤ ਕਥਨੰ') ਅਤੇ ਮਹਾਕਾਲ ਦੀ ਸਿਫ਼ਤਿ ਵਿੱਚ 6 ਛੰਦ ਵੀ ਲਿਖੇ ਹਨ, ਭਾਵੇਂ ਮਹਾਕਾਲ ਪ੍ਰਤੀ ਛੰਦਾਂ ਦਾ ਵੱਖਰਾ ਸਿਰਲੇਖ ਨਹੀਂ ਹੈ ਤੇ 'ਅਥ ਦੇਵੀ ਜੂ ਕੀ ਉਸਤਤ ਕਥਨੰ' ਸਿਰਲੇਖ ਹੇਠ ਹੀ ਲਿਖੇ ਹਨ, ਫਿਰ ਵੀ ਲਿਖਤ ਦੀ ਅੰਦਰਲੀ ਗਵਾਹੀ ਤੋਂ ਇਹ ਪੁਸ਼ਟੀ ਹੋ ਜਾਂਦੀ ਹੈ ਕਿ ਇਹ ਛੰਦ ਮਹਾਕਾਲ ਦੀ ਉਸਤਤਿ ਵਿੱਚ ਹਨ, ਜਿਵੇਂ--

'ਮਹਾਕਾਲ ਰਖਵਾਰ ਹਮਾਰੋ', ਛੰਦ ਨੰਬਰ 435 ਵਿੱਚ ਦਰਜ ਹੈ। ਛੰਦ ਨੰਬਰ 5 ਤੋਂ 8 ਅਤੇ 421 ਤੋਂ 440 'ਦੇਵੀ ਜੂ ਕੀ ਉਸਤਤ ਕਥਨੰ' ਲਈ ਵਰਤੇ ਗਏ ਹਨ। ਮਹਾਕਾਲ ਦੀ ਸਿਫ਼ਤਿ ਦੇ 6 ਛੰਦ (435 ਤੋਂ 440) ਵਿਚਾਰ ਅਧੀਨ ਲਏ ਗਏ ਹਨ।

**ਤ੍ਰਿਅ ਚਰਿਤ੍ਰ ਨੰਬਰ 404** : ਦਸ਼ਮ ਗ੍ਰੰਥ ਵਿੱਚ 404 'ਤ੍ਰਿਅ ਚਰਿਤ੍ਰ' ਜਾਂ 'ਚਰਿਤ੍ਰੋਪਾਖਿਆਨ' ਹਨ, ਜਿਨ੍ਹਾਂ ਵਿੱਚ ਆਮ ਤੌਰ ਤੇ ਤੀਵੀਆਂ ਅਤੇ ਗੈਰ ਮਰਦਾਂ ਦੇ ਖੁਲ੍ਹੇ ਸੰਜੋਗ ਨੂੰ ਅਤੇ ਨਸ਼ਿਆਂ ਦੀ ਖੁੱਲ੍ਹੀ ਵਰਤੋਂ ਨੂੰ ਉਭਾਰਿਆ ਗਿਆ ਹੈ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਬਿਲਕੁਲ ਉਲ਼ਟ ਹੈ। ਵਿਚਾਰ ਅਧੀਨ 405 ਛੰਦਾਂ ਵਾਲ਼ਾ 'ਤ੍ਰਿਅ ਚਰਿਤ੍ਰ' ਨੰਬਰ 404 ਲਿਆ ਗਿਆ ਹੈ। ਇਸ ਵਿੱਚ ਇੱਕ ਅਤੀ ਸੁੰਦਰ ਇਸਤ੍ਰੀ, ਜਿਸ ਦੀ ਸੁੰਦਰਤਾ ਅੱਗੇ ਸੂਰਜ ਅਤੇ ਚੰਦ ਵੀ ਹਾਰ ਖਾ ਜਾਂਦੇ ਹੋਣ, ਦੂਲਹ ਦੇਈ ਨੂੰ ਵਰਨ ਲਈ ਮਹਾਕਾਲ ਨਾਮੀ ਦੇਵਤਾ ਹੈ, ਜਿਸ ਨੂੰ ਕਵੀ ਵਲੋਂ ਜਗਤ ਦਾ ਸੁਆਮੀ ਵੀ ਕਿਹਾ ਗਿਆ ਹੈ। ਜੰਗ ਵਿੱਚ ਸਾਰੇ ਹੀ ਮਰੇ ਪਏ ਦੇਖ ਕੇ ਦੂਲਹ ਦੇਈ ਮਹਾਕਾਲ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਦੂਲਹ ਦੇਈ ਦੋ ਰਾਜਿਆਂ (ਸਤਿ ਸੰਧਿ ਅਤੇ ਦੀਰਘ ਦਾੜ) ਦੇ ਫ਼ੌਜਾਂ ਸਮੇਤ ਮਰਨ ਸਮੇਂ ਜੰਗ ਵਿੱਚ ਵਰਤੇ ਸ਼ਸਤ੍ਰਾਂ ਦੀ ਭਿਆਨਕ ਅੱਗ ਅਤੇ ਯੋਧਿਆਂ ਦੇ ਗੁੱਸੇ ਵਿੱਚੋਂ ਪੈਦਾ ਹੁੰਦੀ ਦੱਸੀ ਗਈ ਹੈ। ਕਵੀ, ਦੂਲਹ ਦੇਈ ਪ੍ਰਤੀ ਦੱਸਦਾ ਹੈ-

ਜਬੈ ਛੂਹਨੀ ਤੀਸ ਸਾਹਸ੍ਰ ਮਾਰੇ।
ਦੋਊ ਰਾਵਈ ਰਾਵ ਜੂਝੇ ਕਰਾਰੇ।
ਮਚਿਯੋ ਲੋਹ ਗਾਢੋ ਉਠੀ ਅਗਨੀ ਜ੍ਵਾਲਾ।
ਭਈ ਤੇਜ ਤੌਨੇ ਹੁਤੇ ਏਕ ਬਾਲਾ ।28।

ਬਾਲਾ- ਯੁਵਤੀ, ਦੂਲਹ ਦੇਈ। ਇਤਿ ਦਿਸਿ ਦੂਲਹ ਦੇਈ ਕੁਮਾਰੀ। ਸਸਤ੍ਰ ਸਾਜਿ ਰਥ ਕਰੀ ਸਵਾਰੀ ।41।

ਤਿਸੀ ਕੋਪ ਕੀ ਅਗਨੀ ਤੇ ਬਾਲ ਹੈ ਕੈ। ਹਸੀ ਹਾਥ ਮੈ ਸ਼ਸਤ੍ਰ ਔ ਅਸਤ੍ਰ ਲੈ ਕੇ। ਮਹਾ ਰੂਪ ਆਨੂਪਤਾ ਕੋ ਬਿਰਾਜੈ। ਲਖੇ ਤੇਜ ਤਾ ਕੋ ਸਸੀ ਸੂਰ ਲਾਜੈ ।29। ਸਸੀ- ਸ਼ਸ਼ੀ, ਚੰਦ੍ਰਮਾ 'ਸਸਿ' ਨੂੰ 'ਸੱਸ' ਅਤੇ 'ਸਸੀ' ਨੂੰ 'ਸੱਸੀ' ਪੜ੍ਹਨਾ ਤੇ ਬੋਲਣਾਂ ਮਹਾਂ ਮਹਾਂ ਅਗਿਆਨਤਾ ਅਤੇ ਵਰਤੀ ਭਾਸ਼ਾ ਦੀ ਨਿਰਾਦਰੀ ਤੇ ਨਿਰਾਰਥਕਤਾ ਦਾ ਸਬੂਤ ਹੈ ਜਿਸ ਦਾ ਕੋਈ ਵੀ ਸ਼੍ਰੋਤਾ ਨੋਟਿਸ ਨਹੀਂ ਲੈ ਰਿਹਾ। ਸੂਰ- ਸੂਰਜ।

ਇਹ ਮਹਾਕਾਲ ਇਸ ਮਹਾਂ ਸੁੰਦਰੀ ਦੂਲਹ ਦੇਈ ਨਾਲ਼ ਵਿਆਹ ਰਚਾਉਣ ਲਈ ਸ਼ਰਤ ਰੱਖਦਾ ਉਸ ਨੂੰ ਕਹਿੰਦਾ ਹੈ ਕਿ ਉਹ ਪਹਿਲਾਂ ਇੱਕ ਸ੍ਵਾਸਬੀਰਜ ਦੈਂਤ ਰਾਜੇ ਨੂੰ ਮਾਰੇ। ਦੂਲਹ ਦੇਈ ਕਹਿੰਦੀ ਹੈ ਕਿ ਉਹ ਇਹ ਕੰਮ ਉਸ (ਮਹਾਕਾਲ) ਦੀ ਜੰਗ ਵਿੱਚ ਲੋੜੀਂਦੀ ਸਹਾਇਤਾ ਬਿਨਾਂ ਇਕੱਲੀ ਨਹੀਂ ਕਰ ਸਕਦੀ। ਮਹਾਕਾਲ ਉਸ ਦੀ ਮੱਦਦ ਕਰਨ ਲਈ ਜੰਗ ਵਿੱਚ ਉਤਰਦਾ ਹੈ। ਜੰਗ ਦਾ ਭਿਆਨਕ ਅਤੇ ਕਰਾਮਾਤੀ ਬਿਆਨ ਕਵੀ ਨੇ ਪਹਿਲੇ 375 ਛੰਦਾਂ ਵਿੱਚ ਕੀਤਾ ਹੈ।

**ਛੰਦ ਨੰਬਰ 375 ਅਨੁਸਾਰ ਮਹਾਕਾਲ ਦੀ ਜਿੱਤ ਹੁੰਦੀ ਹੈ ਤੇ ਸ੍ਵਾਸਬੀਰਜ ਦੈਂਤ ਮਾਰਿਆ ਜਾਂਦਾ ਹੈ।**

**ਮਹਾਕਾਲ ਦੀ ਜਿੱਤ ਦਾ ਬਿਆਨ ਇਸ ਤਰ੍ਹਾਂ ਕੀਤਾ ਗਿਆ ਹੈ-**

ਪੁਨ ਰਾਛਸ ਕਾ ਕਾਟਾ ਸੀਸਾ।
ਸ੍ਰੀ ਅਸਿਕੇਤੁ ਜਗਤ ਕੇ ਈਸਾ।
ਪੁਹਪਨ ਬ੍ਰਿਸਟਿ ਗਗਨ ਤੇ ਭਈ।

ਸਭਹਿਨ ਆਨਿ ਬਧਾਈ ਦਈ।375।

**ਅਰਥ -** ਕਵੀ ਅਨੁਸਾਰ ਜਗਤ ਦੇ ਮਾਲਕ (ਕਰਤਾ) ਅਸਿਕੇਤ (ਮਹਾਕਾਲ) ਨੇ ਦੈਂਤ ਰਾਜੇ ਦਾ ਸਿਰ ਕੱਟ ਦਿੱਤਾ। ਆਸਮਾਨ ਤੋਂ ਫੁੱਲਾਂ ਦੀ ਵਰਖਾ ਹੋਈ ਤੇ ਸਾਰਿਆਂ ਨੇ ਅਸਿਕੇਤ ਨੂੰ ਵਧਾਈ ਦਿੱਤੀ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਵਧਾਈ ਰੱਬ, ਪ੍ਰਭੂ ਜਾਂ ਅਕਾਲਪੁਰਖ ਨੂੰ ਨਹੀਂ ਮਿਲਦੀ, ਕੇਵਲ ਅਸਿਕੇਤ ਜਾਂ ਮਹਾਕਾਲ ਨੂੰ ਮਿਲ਼ਦੀ ਹੈ ਜਿਸ ਨੇ ਦੈਂਤਾਂ ਦਾ ਬੱਧ ਕੀਤਾ। ਕਵੀ ਨੇ ਇਸੇ ਮਹਾਕਾਲ ਨੂੰ ਜਗਤ ਦਾ ਕਰਤਾ ਕਿਹਾ ਹੈ ਜਿਸ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਪ੍ਰਵਾਨ ਨਹੀਂ ਕਰਦੀ।

**ਕਬਿਯੋ ਬਾਚ ਬੇਨਤੀ ਚੌਪਈ -** ਤ੍ਰਿਅ ਚਰਿਤ੍ਰ ਨੰਬਰ 404 ਦੇ ਛੰਦ ਨੰਬਰ 377 ਤੋਂ 405 ਤਕ ਲਿਖਾਰੀ ਨੇ ਇਸੇ ਮਹਾਕਾਲ ਦੇਵਤੇ ਅੱਗੇ ਆਪਣੇ ਵਲੋਂ ਵੀ ਬੇਨਤੀ ਕੀਤੀ ਹੈ। ਮਹਾਕਾਲ ਦੇਵਤੇ ਅੱਗੇ ਕੀਤੀ ਇਸ ਬੇਨਤੀ ਦਾ ਨਾਂ ਹੀ 'ਕਬਿਯੋ ਬਾਚ ਬੇਨਤੀ ਚੌਪਈ!

**ਪ੍ਰਮਾਣਾਂ ਸਹਿਤ ਤੁਲਨਾਤਮਕ ਅਧਿਐਨ-**

1) **ਕ੍ਰਿਸ਼ਨਾਵਤਾਰ** : ਚੌਪਈ, ਮਹਾਕਾਲ ਦੇਵਤੇ ਦੀ ਸਿਫ਼ਤਿ।

ਅਪੁਨਾ ਜਾਨਿ ਕਰੋ ਰਖਵਾਰ।435। ਅਪਨਾ ਜਾਨਿ ਮੁਝੈ ਪ੍ਰਤਿਪਰੀਐ।436।

ਤੁਮ ਮਮ ਕਰਹੁ ਸਦਾ ਪ੍ਰਤਿਪਾਰਾ।437। ਅਪੁਨਾ ਜਾਨਿ ਕਰਹੁ ਪ੍ਰਤਿਪਾਰਾ।439।ਚੁਨਿ ਚੁਨਿ ਸਤ੍ਰ ਹਮਾਰੈ ਮਰੀਐ।436। ਰਾਖੁ ਆਪਿ ਮੋਹਿ ਅਉਰ ਨ ਦਲੈ।436।

**ਕਬਿਯੋ ਬਾਚ ਬੇਨਤੀ ਚੌਪਈ** : ਮਹਾਕਾਲ ਦੇਵਤੇ ਦੀ ਸਿਫ਼ਤਿ-

ਅਪਨਾ ਜਾਨਿ ਕਰੋ ਪ੍ਰਤਿਪਾਰਾ।377।

ਮੋ ਰਛਾ ਨਿਜ ਕਰ ਦੈ ਕਰੀਐ।

379।ਆਪੁ ਹਾਥ ਦੈ ਮੁਝੈ ਉਬਰੀਐ।381।

ਹੂਜੋ ਸਦਾ ਹਮਾਰੈ ਪਛਾ।

381। ਚੁਨਿ ਚੁਨਿ ਸਤ੍ਰ ਹਮਾਰੈ ਮਾਰੀਅਹਿ।380। ਹਮਰੇ ਦੁਸਟ ਸਭੈ ਤੁਮ ਘਾਵਹੁ। ਆਪੁ ਹਾਥ ਦੈ ਮੋਹਿ ਬਚਾਵਹੁ।378। ਰਾਖਿ ਲੇਹੁ ਮੁਹਿ ਰਾਖਨਹਾਰੇ।382।

**ਵਿਚਾਰ** : ਇੱਕੋ ਹੀ ਕਾਵਿ-ਸ਼ੈਲੀ ਵਿੱਚ ਦੋਹਾਂ ਰਚਨਾਵਾਂ ਵਿੱਚ ਮਹਾਕਾਲ ਦੇਵਤੇ ਦੀ ਸਿਫ਼ਤਿ ਕੀਤੀ ਗਈ ਹੈ। ਵਿਚਾਰਾਂ ਦੀ ਸਾਂਝ ਹੈ ਤੇ ਇੱਕੋ ਤਰ੍ਹਾਂ ਕਵੀ ਬੇਨਤੀ ਕਰਦਾ ਹੈ। 'ਕ੍ਰਿਸ਼ਨਾਵਤਾਰ' ਅਤੇ 'ਤ੍ਰਿਅ ਚਰਿਤ੍ਰ ਨੰਬਰ 404' ਦੀਆਂ ਲਿਖਤਾਂ ਖ਼ੁਦ ਹੀ ਦੱਸਦੀਆਂ ਕਿ ਮਹਾਂਕਾਲ ਦੀ ਸਿਫ਼ਤਿ ਹੋ ਰਹੀ ਹੈ। ਲਿਖਾਰੀ ਨੇ ਇਹ ਸੱਚ ਆਪ ਹੀ ਬਿਆਨ ਕੀਤਾ ਹੋਇਆ ਹੈ ਤੇ ਬਾਹਰੋਂ ਅਰਥ ਭਾਲਣ ਦੀ ਲੋੜ ਨਹੀਂ, ਜਿਵੇਂ ਕਿ ਪਹਿਲਾਂ ਹੀ ਉਪਰ ਦੱਸਿਆ ਜਾ ਚੁੱਕਾ ਹੈ।

**ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ -** ਗੁਰਬਾਣੀ ਅਨੁਸਾਰ ਸਿੱਖ ਕਿਸੇ ਦੇਵੀ ਜਾਂ ਦੇਵਤੇ ਅੱਗੇ ਮੱਦਦ ਲਈ ਹੱਥ ਨਹੀਂ ਅੱਡਦਾ। ਕਵੀ ਦੇ ਆਪਣੇ ਕਹੇ ਅਨੁਸਾਰ ਉਹ ਮਹਾਕਾਲ ਦੇਵਤੇ ਤੋਂ ਰੱਖਿਆ ਦੀ ਮੰਗ ਕਰ ਰਿਹਾ ਹੈ। ਸਿੱਖ ਦਾ ਇਸ਼ਟ ਕੋਈ ਦੇਵੀ ਜਾਂ ਦੇਵਤਾ ਨਹੀਂ ਹੁੰਦਾ। ਇਹ ਰਚਨਾ ਦੁਰਗਾ\ਮਹਾਕਾਲ ਦੇ ਪੁਜਾਰੀ ਦੀ ਰਚਨਾ ਹੈ ਕਿਉਂਕਿ ਉਸ ਦੇ ਇਹ ਪਿਆਰੇ ਇਸ਼ਟ ਹਨ, ਸਿੱਖ ਦੇ ਇਹ ਇਸ਼ਟ ਨਹੀਂ। ਮਹਾਕਾਲ ਦੇਵਤੇ ਤੋਂ ਕੁਝ ਮੰਗਣਾਂ ਤੇ ਉਸ ਦੇ ਸੋਹਲੇ ਗਾਉਣੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਨਹੀਂ ਹੈ।

2) **ਕ੍ਰਿਸ਼ਨਾਵਤਾਰ** : ਮਹਾਕਾਲ ਦੀ ਸਿਫ਼ਤਿ।

ਤੁਮ ਹੋ ਸਭ ਰਾਜਨ ਕੇ ਰਾਜਾ।

ਆਪੇ ਆਪੁ ਗਰੀਬ ਨਿਵਾਜਾ।438।

**ਤ੍ਰਿਅ ਚਰਿਤ੍ਰ 404** : ਮਹਾਕਾਲ ਦੀ ਸਿਫ਼ਤਿ।

ਤੁਮ ਹੋ ਸਕਲ ਲੋਕ ਸਿਰਤਾਜਾ।

ਗਰਬਨ ਗੰਜ ਗਰੀਬ ਨਿਵਾਜਾ।91।

ਧੰਨਯ ਧੰਨਯ ਲੋਗਨ ਕੇ ਰਾਜਾ।

ਦੁਸਟਨ ਦਾਹ ਗਰੀਬ ਨਿਵਾਜਾ।376।

**ਵਿਚਾਰ** : ਦੋਵੇਂ ਰਚਨਾਵਾਂ ਇੱਕੋ ਹੀ ਕਵੀ ਦੀਆਂ ਪ੍ਰਮਾਣਤ ਹੁੰਦੀਆਂ ਹਨ ਕਿਉਂਕਿ ਵਿਚਾਰਾਂ ਦੀ ਸਾਂਝ ਹੈ। ਕਵੀ ਉਸੇ ਢੰਗ ਨਾਲ਼ ਦੋਹਾਂ ਲਿਖਤਾਂ ਵਿੱਚ ਮਹਾਕਾਲ ਦੀ ਸਿਫ਼ਤਿ ਕਰ ਰਿਹਾ ਹੈ। 'ਤੁਮ' ਸ਼ਬਦ ਮਹਾਕਾਲ ਵਾਸਤੇ ਵਰਤਿਆ ਗਿਆ ਹੈ, ਅਕਾਲ ਪੁਰਖ ਪ੍ਰਤੀ ਨਹੀਂ।

**ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ -** ਗੁਰਬਾਣੀ ਅਨੁਸਾਰ ਦੇਹ-ਧਾਰੀ ਮਹਾਕਾਲ ਲੋਕਾਂ ਦਾ ਰਾਜਾ, ਰਾਜਿਆਂ ਦਾ ਰਾਜਾ ਤੇ ਗ਼ਰੀਬ ਨਿਵਾਜ਼ ਨਹੀਂ, ਭਾਵੇਂ ਲਿਖਾਰੀ ਇੰਝ ਮੰਨਦਾ ਹੈ ਤੇ ਬਹੁਤੇ ਸਿੱਖ ਵੀ ਭੁਲੇਖੇ ਵਿੱਚ ਅਜਿਹਾ ਮੰਨਦੇ ਹਨ। ਗੁਰਬਾਣੀ ਇਉਂ ਅੱਖਾਂ ਖੋਲ੍ਹਦੀ ਹੋਈ ਅਗਿਆਨੀਆਂ ਦੇ ਮੂੰਹ ਤੇ ਗਿਆਨ ਦੀ ਚਪੇੜ, ਪਿਆਰ ਨਾਲ਼, ਮਾਰਦੀ ਹੈ-

**ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥(ਗਗਸ 856.)**

**ਲਿਖਾਰੀ ਵਲੋਂ ਮੰਨੇ ਸ੍ਰਿਸ਼ਟੀ ਦੇ ਰਾਜੇ ਮਹਾਕਾਲ ਪ੍ਰਤੀ ਗੁਰਬਾਣੀ ਇਉਂ ਅੱਖਾਂ ਖੋਲ੍ਹਦੀ ਹੈ- ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥(ਗਗਸ 264.)**

ਰਾਜਿਆਂ ਦਾ ਰਾਜਾ ਕੋਈ ਮਹਾਕਾਲ ਨਹੀਂ ਹੈ ਸਗੋਂ ਅਕਾਲ ਪੁਰਖ ਆਪਿ ਹੈ।

**ਗਰਬਾਣੀ ਅੱਖਾਂ ਖੋਲ੍ਹਦੀ ਹੈ-**

**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥--**

**(ਗਗਸ 6)**

ਸਿੱਖਾਂ ਲਈ ਗ਼ਰੀਬ ਨਿਵਾਜ਼ ਗੁਰੂ-ਪਰਮੇਸ਼ਰ ਹੈ, ਮਹਾਕਾਲ ਨਹੀਂ। ਕਿਸੇ ਪਤਨੀ ਦੇ ਕਈ ਪਤੀ ਹੋਣ ਤਾਂ ਉਸ ਨੂੰ ਕੁਲੱਛਣੀ ਜਾਂ ਦੁਹਾਗਣੀ ਕਿਹਾ ਜਾਂਦਾ ਹੈ। ਗੁਰਬਾਣੀ ਅੱਖਾਂ ਖੋਲ੍ਹਦੀ ਹੈ-

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥**

**ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥---**

**(ਗਗਸ 1384)**

**ਗੁਰਬਾਣੀ ਅੱਖਾਂ ਖੋਲ੍ਹਦੀ ਹੈ-**

**ਨੀਧਰਿਆ ਧਰ ਪਨਹ ਖੁਦਾਇ ॥**

**ਗਰੀਬ ਨਿਵਾਜ ਦਿਨੁ ਰੈਣਿ ਧਿਆਇ ॥---(ਗਗਸ 1138)**

**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥**

**(ਗਗਸ 1106)**

3) **ਕ੍ਰਿਸ਼ਨਾਵਤਾਰ** : ਦਾਸ ਜਾਨ ਕੈ ਹਾਥਿ ਉਬਾਰੋ।439।

**ਤ੍ਰਿਅ ਚਰਿਤ੍ਰ** 404 : ਮਹਾਕਾਲ ਦੇਵਤੇ ਦੀ ਸਿਫ਼ਤਿ-

ਦਾਸ ਜਾਨਿ ਮੁਹਿ ਲੇਹੁ ਉਬਾਰੇ।376।

**ਕਬਿਯੋ ਬਾਚ ਬੇਨਤੀ ਚੌਪਈ** : ਹਮਰੀ ਕਰੋ ਹਾਥ ਦੈ ਰਛਾ।377।

**ਵਿਚਾਰ** : 'ਕ੍ਰਿਸ਼ਨਤਵਤਾਰ' ਵਿੱਚ ਕੀਤੀ ਮਹਾਕਾਲ ਦੇਵਤੇ ਦੀ ਸਿਫ਼ਤਿ 'ਤ੍ਰਿਅ ਚਰਿਤ੍ਰ 404' ਅਤੇ 'ਕਬਿਯੋ ਬਾਚ ਬੇਨਤੀ ਚੌਪਈ' ਵਿੱਚ ਲਿਖੀ ਮਹਾਕਾਲ ਦੇਵਤੇ ਦੀ ਸਿਫ਼ਤਿ ਨਾਲ਼ ਮਿਲ਼ਦੀ ਹੈ। ਲਿਖਾਰੀ ਇੱਕੋ ਹੀ ਸਿੱਧ ਹੁੰਦਾ ਹੈ।

**ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** - ਸਿੱਖ ਤਾਂ ਗੁਰੂ-ਪਰਮੇਸ਼ਰ ਦਾ ਦਾਸ ਹੈ, ਮਹਾਕਾਲ ਦੇਵਤੇ ਦਾ ਨਹੀਂ। ਰਖਿਆ ਲਈ ਸਿੱਖ ਗੁਰੂ-ਪਰਮੇਸ਼ਰ ਅੱਗੇ ਹੀ ਬੇਨਤੀ ਕਰਦਾ ਹੁੰਦਾ ਹੈ, ਕਿਸੇ ਦੇਵੀ ਜਾਂ ਦੇਵਤੇ ਅੱਗੇ ਨਹੀਂ। ਇਹ ਬੇਨਤੀ ਮਹਾਕਾਲ ਦੇ ਪੁਜਾਰੀ ਵਲੋਂ ਮਹਾਕਾਲ ਅੱਗੇ ਕੀਤੀ ਗਈ ਹੈ, ਅਕਾਲ ਪੁਰਖ ਅੱਗੇ ਨਹੀਂ।

4) **ਕ੍ਰਿਸ਼ਨਾਵਤਾਰ** : ਮਹਾਕਾਲ ਦੇਵਤੇ ਦੀ ਸਿਫ਼ਤਿ।

**ਹਮਰੇ ਸਭ ਬੈਰੀਅਨ ਸੰਘਾਰੋ।439।**

**ਕਬਿਯੋ ਬਾਚ ਬੇਨਤੀ ਚੌਪਈ: ਮਹਾਕਾਲ ਦੇਵਤੇ ਦੀ ਸਿਫ਼ਤਿ।**

**ਹਮਰੇ ਦੁਸਟ ਸਭੈ ਤੁਮ ਘਾਵਹੁ।378।**

**ਸਭ ਬੈਰਨ ਕੋ ਆਜ ਸੰਘਰੀਐ।379।**

**ਵਿਚਾਰ** : ਲਿਖਾਰੀ ਦੋਖੀਆਂ ਲਈ 'ਬੈਰੀਅਨ' ਸ਼ਬਦ 'ਕ੍ਰਿਸ਼ਨਾਵਤਾਰ' ਵਿੱਚ ਅਤੇ 'ਦੁਸਟ' ਤੇ 'ਬੈਰਨ' 'ਬੇਨਤੀ ਚੌਪਈ' ਵਿੱਚ ਵਰਤਦਾ ਹੈ, ਅਰਥਾਂ ਵਿੱਚ ਕੋਈ ਅੰਤਰ ਨਹੀਂ ਹੈ। ਇਹ ਸ਼ਬਦ ਦੈਤਾਂ ਵਾਸਤੇ ਵਰਤੇ ਗਏ ਹਨ ਜੋ ਮਹਾਕਾਲ ਦੇਵਤੇ ਦੀ ਜਾਨ ਦੇ ਵੈਰੀ ਹਨ। 'ਤੁਮ' ਸ਼ਬਦ ਦੀ ਵਰਤੋਂ ਮਹਾਕਾਲ ਵਾਸਤੇ ਹੈ, ਅਕਾਲ ਪੁਰਖ ਪ੍ਰਤੀ ਨਹੀਂ।

**ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** : ਸਿੱਖ ਮਹਾਕਾਲ ਦੇਵਤੇ ਅੱਗੇ ਕਦੇ ਕੋਈ ਬੇਨਤੀ ਨਹੀਂ ਕਰਦਾ। ਸਿੱਖ ਦਾ ਦਾਤਾ ਗੁਰੂ-ਪਰਮੇਸ਼ਰ ਹੈ। ਗੁਰਬਾਣੀ ਦੇ ਇਹ ਆਦੇਸ਼ ਵੀ ਧਿਆਨ ਗੋਚਰੇ ਕਰਨੇ ਬਣਦੇ ਹਨ- **ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥---(ਗਗਸ 1299.)**

**ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥--**

**(ਗਗਸ 671)**

**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥--**

**(ਗਗਸ 671)**

**ਤ੍ਰਿਅ ਚਰਿਤ੍ਰ** 404 : ਮਹਾਕਾਲ ਦੇਵਤੇ ਦੀ ਸਿਫ਼ਤਿ-

**ਅਖਲ ਭਵਨ ਕੇ ਸਿਰਜਨਹਾਰੇ।376।**

**ਕਬਿਯੋ ਬਾਚ ਬੇਨਤੀ ਚੌਪਈ** : ਮਹਾਕਾਲ ਦੇਵਤੇ ਦੀ ਸਿਫ਼ਤਿ-

**ਤੁਮ ਹੋ ਪੁਰੀ ਚਤੁਰਦਸ ਕੰਤਾ।382।**

**ਵਿਚਾਰ** : 'ਕ੍ਰਿਸਨਾਵਤਾਰ' ਵਿੱਚ ਮਹਾਕਾਲ ਦੇਵਤੇ ਨੂੰ ਅਖਲ ਭਵਨ (ਸਾਰੇ ਭਵਨਾ ਦਾ, ਸੱਭ ਸ੍ਰਿਸ਼ਟੀ ਦਾ) ਕਰਤਾ ਮੰਨਿਆਂ ਹੈ। ਇਹੋ ਸਿਫ਼ਤਿ ਮਹਾਕਾਲ ਦੇਵਤੇ ਦੀ 'ਪੁਰੀ ਚਤੁਰਦਸ ਕੰਤਾ' (ਪੁਰੀ- ਭਵਨ, ਚਤੁਰਦਸ=4+10, 14 ਭਵਨਾ ਦਾ ਕਰਤਾ,ਭਾਵ, ਸੱਭ ਸ੍ਰਿਸ਼ਟੀ ਦਾ ਕਰਤਾ ਕਿਹਾ ਹੈ। 'ਤ੍ਰਿਅ ਚਰਿਤ੍ਰ ਨੰਬਰ 404' ਵਿੱਚ ਮਹਾਕਾਲ ਦੇਵਤੇ ਦੀ ਹੀ ਮਹਾਨਤਾ ਹੈ। 'ਤੁਮ' ਸ਼ਬਦ ਮਹਾਕਾਲ ਵਾਸਤੇ ਹੈ, ਰੱਬ

ਲਈ ਨਹੀਂ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** - ਸੱਭ ਸ੍ਰਿਸ਼ਟੀ ਦਾ ਕਰਤਾ ਅਕਾਲ ਪੁਰਖ ਆਪਿ ਹੈ, ਕੋਈ ਮਹਾਕਾਲ ਦੇਵਤਾ ਨਹੀਂ। ਮਹਾਕਾਲ ਦੇਵਤੇ ਅੱਗੇ ਬੇਨਤੀ ਕਰਨੀ ਸਿੱਖੀ ਸਿਧਾਂਤਾਂ ਦੇ ਉਲਟ ਹੈ। ਗੁਰਬਾਣੀ ਅੱਖਾਂ ਖੋਲ੍ਹਦੀ ਹੈ– **ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥--(ਗਗਸ 284)**

5) **ਕ੍ਰਿਸ਼ਨਾਵਤਾਰ : ਮੈ ਨ ਗਨੇਸਹਿ ਪ੍ਰਿਥਮ ਮਨਾਊ।**

**ਕਿਸਨ ਬਿਸਨ ਕਬਹੂ ਨਾ ਧਿਆਊ।**

**ਕਾਨ ਸੁਨੇ ਪਹਿਚਾਨ ਨ ਤਿਨ ਸੋ।434।**

**ਕਬਿਯੋ ਬਾਚ ਬੇਨਤੀ ਚੌਪਈ : ਤੁਮਹਿ ਛਾਡਿ ਕੋਈ ਅਵਰ ਨ ਧ੍ਯਾਊ। ਜੋ ਬਰ ਚਹੋ ਸੋ ਤੁਮ ਤੇ ਪਾਊ।380।**

**ਤ੍ਰਿਅ ਚਰਿਤ੍ਰ ਨੰਬਰ 404 (ਬੇਨਤੀ ਚੌਪਈ ਵਾਲ਼ਾ) : ਬ੍ਰਹਮਾ ਬਿਸਨ ਸਭੈ ਡਰ ਪਾਨੇ। ਮਹਾਕਾਲ ਕੀ ਸਰਨਿ ਸਿਧਾਨੇ।89।**

**ਤੁਮ ਹੀ ਬ੍ਰਹਮਾ ਬਿਸਨ ਬਨਾਯੋ।**

**ਮਹਾ ਰੁਦ੍ਰ ਤੁਮ ਹੀ ਉਪਜਾਯੋ।98।**

**ਵਿਚਾਰ**: ਲਿਖਾਰੀ ਦੀ ਸਮਝ ਵਿੱਚ ਮਹਾਕਾਲ ਦੇਵਤਾ ਸੱਭ ਤੋਂ ਬਲਵਾਨ ਹੈ ਕਿਉਂਕਿ ਉਹ ਦੈਂਤਾਂ ਨੂੰ ਮਾਰਨ ਦੇ ਯੋਗ ਹੈ। ਲਿਖਾਰੀ ਨੂੰ ਇਹ ਨਹੀਂ ਪਤਾ ਕਿ ਮਹਾਕਾਲ ਦੇਵਤੇ ਨੂੰ ਬੱਲ ਦੇਣ ਵਾਲ਼ਾ ਕੋਈ ਹੋਰ ਹੈ। ਆਪਣੀ ਸਮਝ ਅਨੁਸਾਰ ਕਵੀ ਗਣੇਸ਼, ਕ੍ਰਿਸ਼ਨ, ਵਿਸ਼ਨੂ ਆਦਿਕ ਨੂੰ ਕੁਝ ਨਹੀਂ ਸਮਝਦਾ ਕਿਉਂਕਿ ਉਸ ਦਾ ਇਸ਼ਟ ਮਹਾਕਾਲ ਦੇਵਤਾ ਉਸ ਨੂੰ ਸੱਭ ਤੋਂ ਵੱਡਾ ਲੱਗਦਾ ਹੈ। 'ਤੁਮਹਿ' ਸ਼ਬਦ ਮਹਾਕਾਲ ਵਸਤੇ ਹੈ, ਅਕਾਲ ਪੁਰਖ ਪ੍ਰਤੀ ਨਹੀਂ। ਕਵੀ ਅਨੁਸਾਰ ਬ੍ਰਹਮਾ, ਵਿਸ਼ਨੂ ਅਤੇ ਮਹਾ ਰੁਦ੍ਰ ਮਹਾਕਾਲ ਦੇਵਤੇ ਨੇ ਹੀ ਪੈਦਾ ਕੀਤੇ ਹਨ। ਭਿਆਨਕ ਜੰਗ ਹੁੰਦਾ ਦੇਖ ਕੇ ਬ੍ਰਹਮਾ ਤੇ ਵਿਸ਼ਨੂ ਵੀ ਡਰ ਕੇ ਮਹਾਕਾਲ ਦੇਵਤੇ ਦੀ ਸ਼ਰਨ ਲੈਂਦੇ ਹਨ। ਕਵੀ ਕਹਿੰਦਾ ਹੈ ਕਿ ਮਹਾਕਾਲ ਦੇਵਤੇ ਨੂੰ ਛੱਡ ਕੇ ਉਹ ਹੋਰ ਕਿਸੇ ਵੀ ਹਸਤੀ ਨੂੰ ਨਹੀਂ ਪੂਜੇਗਾ। 'ਬੇਨਤੀ ਚੌਪਈ' ਤੇ 'ਕ੍ਰਿਸ਼ਨਾਵਤਾਰ' ਦੇ 6 ਛੰਦਾਂ ਵਿੱਚ ਮਹਾਕਾਲ ਦੇਵਤੇ ਦੀ ਸਰਬਉਚਤਾ ਦੀ ਗੱਲ਼ ਹੀ ਕੀਤੀ ਗਈ ਹੈ। ਕਵੀ ਗੱਪ ਮਾਰਦਾ ਹੋਇਆ ਕਹਿੰਦਾ ਹੈ ਕਿ ਉਹ ਕ੍ਰਿਸ਼ਨ ਨੂੰ ਪਹਿਚਾਨਦਾ ਤੱਕ ਨਹੀਂ ਕੇਵਲ ਕੰਨਾਂ ਨਾਲ਼ ਉਸ ਵਾਰੇ ਸੁਣਿਆਂ ਹੈ ਜਦੋਂ ਕਿ ਉਹ ਸ਼੍ਰੀ 'ਕ੍ਰਿਸ਼ਨ ਲੀਲਾ' ਖ਼ੁਦ ਲਿਖ ਰਿਹਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲੋਂ ਸੇਧ** - ਸਿੱਖ ਦਾ ਇਸ਼ਟ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ' ਤੇ ਇਸ ਤੋਂ ਬਿਨਾਂ ਕਿਸੇ ਹੋਰ ਦੇਹ ਧਾਰੀ ਦੇਵੀ ਦੇਵਤੇ ਨੂੰ ਸਿੱਖ ਨਹੀਂ ਪੂਜਦਾ। ਸ਼ਬਦ ਗੁਰੂ ਤੋਂ ਹੀ ਸਿੱਖ ਨੂੰ ਸੇਧ ਮਿਲ਼ਦੀ ਹੈ, ਮਹਾਕਾਲ ਦੇਵਤੇ ਤੋਂ ਨਹੀਂ।

**'ਤ੍ਰਿਅ ਚਰਿਤ੍ਰ ਨੰਬਰ 404' ਅਤੇ 'ਕਬਿਯੋ ਬਾਚ ਬੇਨਤੀ ਚੌਪਈ'**:

ਤ੍ਰਿਅ ਚਰਿੱਤ੍ਰ ਨੰਬਰ 404 ਵਿੱਚ ਮਹਾਕਾਲ਼ ਦੀ ਸ਼ਰਨ ਗਏ ਬ੍ਰਹਮਾ ਤੇ ਵਿਸ਼ਨੂ ਮਹਾਕਾਲ ਦੀਆਂ ਜੋ ਸਿਫ਼ਤਾਂ ਕਰਦੇ ਹਨ ਉਹੀ ਸਿਫ਼ਤਾਂ ਕਬਿਯੋ ਬਾਚ ਬੇਨਤੀ ਚੌਪਈ, ਜੋ ਇਸ 'ਤ੍ਰਿਅ ਚਰਿਤ੍ਰ ਨੰਬਰ 404' ਦਾ ਹੀ ਭਾਗ ਹੈ, ਵਿੱਚ ਵੀ ਹਨ ਤੇ ਸਪੱਸ਼ਟ ਤੌਰ ਤੇ ਮਹਾਕਾਲ ਦੇਵਤੇ ਦੀਆਂ ਹੀ ਹਨ, ਅਕਾਲ ਪੁਰਖ ਦੀਆਂ ਨਹੀਂ। ਤੁਲਨਾ ਵਾਸਤੇ ਪ੍ਰਮਾਣ ਦੇਖੋ–

1) **ਤ੍ਰਿਅ ਚਰਿਤ੍ਰ ਨੰਬਰ 404 : ਮਹਾਕਾਲ ਦੀ ਸਿਫ਼ਤਿ-**

**ਬ੍ਰਹਮਾ ਬਿਸਨ ਸਭੇ ਡਰ ਪਾਨੇ।**

**ਮਹਾਕਾਲ ਕੀ ਸਰਨਿ ਸਿਧਾਨੇ।89।**

**ਤ੍ਰਾਹਿ ਤ੍ਰਾਹਿ ਹਮ ਸਰਨ ਤਿਹਾਰੀ।**

**ਸਬ ਭੈ ਤੇ ਹਮ ਲੇਹੁ ਉਬਾਰੀ।90।**

**ਕਬਿਯੋ ਬਾਚ ਬੇਨਤੀ ਚੌਪਈ : ਖੜਗਕੇਤ ਮੈ ਸਰਨਿ ਤਿਹਾਰੀ। ਆਪੁਹਾਥ ਦੈ ਲੇਹੁ ਉਬਾਰੀ।**

**ਸਰਬ ਠੌਰ ਮੋ ਹੋਹੁ ਸਹਾਈ।**

**ਦੁਸਟ ਦੋਖ ਤੇ ਲੇਹੁ ਬਚਾਈ।401।**

**ਜੇ ਅਸਿਧੁਜ ਤਵ ਸਰਨੀ ਪਰੇ।**

**ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ।**

**ਪੁਰਖ ਜਵਨ ਪਗ ਪਰੇ ਤਿਹਾਰੇ।**

**ਤਿਨ ਕੇ ਤੁਮ ਸੰਕਟ ਸਭ ਟਾਰੇ।397।**

**ਨੋਟ** : ਕਵੀ ਅਨੁਸਾਰ ਬ੍ਰਹਮਾ ਅਤੇ ਵਿਸ਼ਨੂ ਵੀ ਜੰਗ ਦੀ ਭਿਆਨਕਤਾ ਤੋਂ ਡਰ ਗਏ ਤੇ ਮਹਾਕਾਲ ਦੀ ਸ਼ਰਨ ਵਿੱਚ ਰੱਖਿਆ ਵਾਸਤੇ ਚਲੇ ਗਏ। ਇਸੇ ਕਰਕੇ ਕਵੀ ਮਹਾਕਾਲ ਨੂੰ ਖੜਗ ਕੇਤ ਅਤੇ ਅਸਿਧੁਜ ਕਹਿੰਦਾ ਹੋਇਆ ਹੈ।

2) **ਤ੍ਰਿਅ ਚਰਿਤ੍ਰ ਨੰਬਰ 404: ਮਹਾਕਾਲ ਦੇਵਤੇ ਦੀ ਸਿਫ਼ਤਿ-**

**ਆਦਿ ਅਕਾਲ ਅਜੋਨਿ ਬਿਨਾ ਭੈ।**

**ਨਿਰਬਿਕਾਰ ਨਿਰਲੰਬ ਜਗਤ ਮੈ।91।**

**ਨਿਰਬਿਕਾਰ ਨਿਰਜੁਰ ਅਬਿਨਾਸੀ।**

**ਪਰਮ ਜੋਗ ਕੋ ਤਤ ਪ੍ਰਕਾਸੀ।92।**

**ਕਬਿਯੋ ਬਾਚ ਬੇਨਤੀ ਚੌਪਈ : ਨਿਰੰਕਾਰ ਨ੍ਰਿਬਿਕਾਰ ਨਿਰਲੰਬ।ਆਦਿ ਅਨੀਲ ਅਨਾਦਿ ਅਸੰਭ।391।**

**ਨੋਟ :** ਨਿਰੰਕਾਰ, ਨਿਰਲੰਬ, ਨ੍ਰਿਬਿਕਾਰ, ਆਦਿ, ਅਨੀਲ, ਅਨਾਦਿ, ਨਿਰਜੁਰ, ਅਬਿਨਾਸੀ ਆਦਿਕ ਸ਼ਬਦ ਕੇਵਲ ਮਹਾਕਾਲ ਦੇਵਤੇ ਲਈ ਹੀ ਕਵੀ ਨੇ ਵਰਤੇ ਹਨ, ਅਕਾਲ ਪੁਰਖ ਵਾਸਤੇ ਨਹੀਂ। ਇਹ ਗੁਣ ਮਹਾਕਾਲ ਦੇਵਤੇ ਲਈ ਢੁੱਕਦੇ ਨਹੀਂ ਕਿਉਂਕਿ ਇਹ ਅਸਲ ਵਿੱਚ ਕਰਤਾ ਪੁਰਖ ਪ੍ਰਭੂ ਅਕਾਲ ਪੁਰਖ ਦੇ ਗੁਣ ਹਨ। ਮਹਾਕਾਲ ਦੇਵਤੇ ਲਈ ਵਰਤੇ ਇਨ੍ਹਾਂ ਗੁਣਾਂ ਨੂੰ ਦੇਖ ਕੇ ਸਮਝ ਲੈਣਾ ਚਾਹੀਦਾ ਕਿ ਮਹਾਕਾਲ ਦੇਵਤਾ ਸਿੱਖਾਂ ਲਈ ਅਕਾਲ ਪੁਰਖ ਨਹੀਂ ਹੈ। ਗੁਰਬਾਣੀ ਅੱਖਾਂ ਖੋਲ੍ਹਦੀ ਹੈ– **ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥---(ਗਗਸ 6)**

3) **ਤ੍ਰਿਅ ਚਰਿਤ੍ਰ ਨੰਬਰ 404 : ਮਹਾਕਾਲ ਦੇਵਤੇ ਦੀ ਸਿਫ਼ਤਿ-**

**ਨਿਰੰਕਾਰ ਨਵ ਨਿਤਯ ਸੁਯੰਭਵ।**

**ਤਾਤ ਮਾਤ ਜਹ ਜਾਤ ਨ ਬੰਧਵ।92।**

**ਕਬਿਯੋ ਬਾਚ ਬੇਨਤੀ ਚੌਪਈ : ਮਹਾਦੇਵ ਕੋ ਕਹਤ ਸਦਾ ਸਿਵ।ਨਿਰੰਕਾਰ ਕਾ ਚੀਨਤ ਨਹਿ ਭਿਵ।392।**

**ਨੋਟ :** ਕਵੀ ਕਹਿੰਦਾ ਹੈ ਕਿ ਮਹਾਕਾਲ ਨੂੰ ਛੱਡ ਕੇ ਲੋਕ ਮਹਾਦੇਵ ਨੂੰ ਹੀ ਈਸ਼ਵਰ ਸਮਝੀ ਬੈਠੇ ਹਨ ਤੇ ਮਹਾਕਾਲ਼ (ਨਿਰੰਕਾਰ) ਦਾ ਭੇਦ ਹੀ ਨਹੀਂ ਸਮਝਦੇ। ਕਵੀ ਨੇ ਮਹਾਕਾਲ ਵਾਸਤੇ ਪ੍ਰਤੱਖ ਤੌਰ ਤੇ ਕਈ ਵਾਰੀ 'ਨਿਰੰਕਾਰ' ਸ਼ਬਦ ਆਪ ਹੀ 'ਤ੍ਰਿਅ ਚਰਿਤ੍ਰ' ਵਿੱਚ ਵਰਤਿਆ ਹੋਇਆ ਹੈ।

**ਆਦਿ ਜੁਗਾਦਿ ਸਰੂਪ ਸੁਯੰਭਵ।395।**

4) **ਤ੍ਰਿਅ ਚਰਿਤ੍ਰ ਨੰਬਰ 404 : ਮਹਾਕਾਲ ਦੇਵਤੇ ਦੀ ਸਿਫ਼ਤਿ-**

**ਜਾ ਤੇ ਜੋਤਿ ਕਰਤ ਆਕਰਖਨ।**

**ਤਾ ਕਹ ਕਹਤ ਮ੍ਰਿਤਕ ਜਗ ਕੇ ਜਨ।96।**

**ਇਹ ਬਿਧਿ ਜਬ ਆਕਰਖਨ ਕੀਆ।301। ਸਰਬਾਕਰਖਨ ਕੀਆ ਅਸਿਧੁਜ ਜਬ।ਉਪਜਤ ਤੇ ਰਹਿ ਗਏ ਅਸੁਰ ਤਬ।364।**

**ਕਬਿਯੋ ਬਾਚ ਬਨਤੀ ਚੌਪਈ: ਜਬ ਆਕਰਖ ਕਰਤ ਹੋ ਕਬਹੂੰ। ਤੁਮ ਮੈ ਮਿਲਤ ਦੇਹ ਧਰ ਸਭਹੂੰ।389।**

**ਨੋਟ :** ਮਹਾਕਾਲ ਆਪਣੀ ਕਰਾਮਾਤ ਨਾਲ਼ ਜੰਗ ਵਿੱਚ ਦੈਤਾਂ ਦਾ ਪੈਦਾ ਹੋਣਾ ਬੰਦ ਕਰ ਦਿੰਦਾ ਹੈ ਤੇ 'ਆਕਰਖ' ਸ਼ਬਦ ਮਹਾਕਾਲ ਲਈ ਵਰਤਿਆ ਹੈ। ਕਵੀ ਉਸ ਨੂੰ ਹੀ ਕਰਤਾਰ ਸਮਝਦਾ ਹੈ, ਭਾਵੇਂ ਇਹ ਪ੍ਰਸੰਗਕ ਨਹੀਂ ਹੈ। ਕਵੀ ਨੇ ਸਪੱਸ਼ਟ ਲਿਖਿਆ ਹੈ ਕਿ ਅਸਿਧੁਜ ਨੇ ਹੀ ਦੈਤਾਂ ਦਾ ਸਰਬਾਕਰਖਨ ਕੀਤਾ ਹੈ, ਅਕਾਲ ਪੁਰਖ ਨੇ ਨਹੀਂ।

5) **ਤ੍ਰਿਅ ਚਰਿਤ੍ਰ ਨੰਬਰ 404 : ਮਹਾਕਾਲ ਦੇਵਤੇ ਦੀ ਸਿਫ਼ਤਿ-**

**ਤੁਮ ਜਗ ਕੇ ਕਾਰਨ ਕਰਤਾਰਾ।**

**ਘਟ ਘਟ ਕੀ ਮਤਿ ਜਾਨਨਹਾਰਾ।97।**

**ਨੋਟ :** 'ਤੁਮ' ਸ਼ਬਦ ਮਹਾਕਾਲ ਲਈ ਹੈ ਕਿਉਂਕਿ ਕਵੀ ਦਾ ਇਸ਼ਟ ਹੀ ਮਹਾਕਾਲ ਹੈ।

**ਕਬਿਯੋ ਬਾਚ ਬੇਨਤੀ ਚੌਪਈ : ਘਟ ਘਟ ਕੇ ਅੰਤਰ ਕੀ ਜਾਨਤ।387।ਘਟ ਘਟ ਕੇ ਪਟ ਪਟ ਕੀ ਜਾਨੈ।388।**

**ਨੋਟ :** ਕਵੀ ਅਨੁਸਾਰ ਮਹਾਕਾਲ ਹੀ ਸੱਭ ਦੇ ਦਿੱਲਾਂ ਦੀ ਜਾਣਦਾ ਹੈ ਤੇ ਮਹਾਕਾਲ ਤੋਂ ਪਰੇ ਕੋਈ ਰੱਬ ਨਹੀਂ।

6) **ਤ੍ਰਿਅ ਚਰਿਤ੍ਰ ਨੰਬਰ 404 : ਮਹਾਕਾਲ ਦੇਵਤੇ ਦੀ ਸਿਫ਼ਤਿ-**

**ਨਿਰੰਕਾਰ ਨਿਰਵੈਰ ਨਿਰਾਲਮ।**

**ਸਭ ਹੀ ਕੇ ਮਨ ਕੀ ਤੁਹਿ ਮਾਲਮ।97।**

**ਕਬਿਯੋ ਬਾਚ ਬੇਨਤੀ ਚੌਪਈ: ਮਹਕਾਲ ਦੀ ਸਿਫ਼ਤਿ- ਤੁਮ ਸਭ ਹੀ ਤੇ ਰਹਤ ਨਿਰਾਲਮ। ਜਾਨਤ ਬੇਦ ਭੇਦ ਅਰੁ ਆਲਮ।390।**

**ਨੋਟ:** 'ਤੁਮ' ਸ਼ਬਦ ਕਵੀ ਨੇ ਮਹਾਕਾਲ ਲਈ ਵਰਤਿਆ ਹੈ, ਅਕਾਲ ਪੁਰਖ ਪ੍ਰਤੀ ਨਹੀਂ।

**ੳ. ਮਹਾਕਲ ਦੇਵਤਾ ਅਸਿਧੁਜ ਵੀ ਹੈ-**

ਸ੍ਰੀ ਅਸਿਧੁਜ ਅਧਿਕ ਕੋਪ ਕਰਿ ਧਾਯੋ।104।

ਸ੍ਰੀ ਅਸਿਧੁਜ ਜੂ ਕਰੀਅਹੁ ਰਛਾ।381।

ਜੇ ਅਸਿਧੁਜ ਤਵ ਸਰਨੀ ਪਰੇ।397।

ਸ੍ਰੀ ਅਸਿਧੁਜ ਜਬ।ਏ ਦਇਆਲਾ।

ਧਨਯ ਧੰਨਯ ਅਸਿਧੁਜ ਕੋ ਕਹੈ।263।

**ਅ. ਮਹਾਕਲ ਦੇਵਤੇ ਨੂੰ ਨਿਰੰਕਾਰ ਕਿਹਾ ਹੈ-**

**ਕਰਿ ਜਿਨਿ ਸੋਕ ਹ੍ਰਿਦੈ ਤੈ ਪੁਤ੍ਰੀ।**

**ਨਿਰੰਕਾਰ ਬਰਿ ਹੈ ਤਹਹਿ ਅਤ੍ਰੀ।33।**

**ਅਰਥ -** ਦੁਰਗਾ ਦੇਵੀ ਅਗਵਾਈ ਕਰਦੀ ਦੂਲਹ ਦੇਈ ਨੂੰ ਕਹਿੰਦੀ ਹੈ ਕਿ ਉਹ ਸਿੱਖਿਆ ਦਾ ਪਾਲਣ ਕਰੇ ਫਿਰ ਮਹਾਕਾਲ

ਦੇਵਤਾ (ਨਿਰੰਕਾਰ) ਉਸ ਨਾਲ਼ ਵਿਆਹ ਰਚਾਏਗਾ।

**ੲ. ਮਹਾਕਾਲ ਦੇਵਤੇ ਨੂੰ 'ਕਾਲਿਕਾ ਦੇਵਾ' ਕਿਹਾ ਹੈ-**

ਤਾ ਤੇ ਕਰੋ ਦੀਨ ਕੀ ਸੇਵਾ।

ਹੋਇ ਪ੍ਰਸੰਨ ਕਾਲਿਕਾ ਦੇਵਾ।31।

**ਸ. ਮਹਾਕਾਲ ਦੇਵਤਾ 'ਨਾਥ' ਵੀ ਹੈ-**

ਅਰਧ ਰਾਤ੍ਰੀ ਬੀਤਤ। ਈ ਜਬ ਹੀ ਆਗਯਾ। ਈ ਨਾਥ ਕੀ ਤਬ ਹੀ।35।

**ਹ. ਮਹਾਕਾਲ ਦੇਵਤੇ ਦਾ ਨਾਂ 'ਕਾਲ'-**

ਕਹ ਕਹ ਹਸਾ ਬਚਨ ਸੁਨ ਕਾਲਾ।

ਕਰਿ ਕਰਿ ਕੋਪ ਕਾਲ ਸ੍ਰੀ ਤਬ ਹੀ। ਰਥ ਪਰ ਚੜਾ ਸਸਤ੍ਰ ਲੈ ਸਭ ਹੀ।

**ਕ. ਮਹਾਕਾਲ ਦੇਵਤੇ ਦਾ ਨਾਂ 'ਖੜਗ ਕੇਤ'-**

ਇਹ ਬਿਧਿ ਭਯੋ ਦਾਨਵਨ ਨਾਸਾ। ਖੜਗਕੇਤੁ ਅਸੁ ਕੀਆ ਤਮਾਸਾ।247।

ਖੜਗਕੇਤ ਮੈ ਸਰਨਿ ਤਿਹਾਰੀ।401।

**ਖ. ਮਹਾਕਾਲ 'ਖੜਗਾਧੁਜ' ਵੀ ਹੈ-**

ਜੂਝਿ ਗਿਰੇ ਖੜਗਾਧੁਜ ਸੋ ਲਰਿ ਸ੍ਰੋਨਿਤ ਸੋ ਸਿਗਰੇ ਅੰਗ ਭੀਨੇ।278

**ਗ. ਮਹਾਕਾਲ ਦੇਵਤਾ 'ਅਸਿਕੇਤ- ਅਸਿਧੁਜ' ਹੈ-**

ਜੋ ਪੂਜਾ ਅਸਿਕੇਤ ਕੀ ਨਿਤ ਪ੍ਰਤਿ ਕਰੈ ਬਨਾਇ। ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ।367।

ਤ੍ਰਿਅ ਚਰਿਤ੍ਰ ਨੰਬਰ 404 ਅਨੁਸਾਰ ਕਵੀ ਉਪਰ ਕਿਸ ਨੇ ਕਿਰਪਾ ਕੀਤੀ?

'ਤ੍ਰਿਅ ਚਰਿੱਤ੍ਰ ਨੰਬਰ 404' ਦੇ ਕਬਿਯੋ ਬਾਚ ਬੇਨਤੀ ਚੌਪਈ ਵਾਲ਼ੇ ਭਾਗ ਵਿੱਚ ਕਵੀ ਮਹਾਕਾਲ ਦੇਵਤੇ ਅੱਗੇ 'ਚੌਪਈ' ਛੰਦ ਰਾਹੀਂ ਆਪਣੀਆਂ ਕਈ ਪ੍ਰਕਾਰ ਦੀਆਂ ਬੇਨਤੀਆਂ ਕਰਦਾ ਹੈ। 'ਚੌਪਈ' ਪੂਰੀ ਕਰਨ ਉਪਰੰਤ ਕਵੀ ਨੇ ਮਹਾਕਾਲ ਦੇਵਤੇ ਤੋਂ ਬਿਨਾਂ ਦੁਰਗਾ ਭਵਾਨੀ ਮਾਈ ਪਾਰਬਤੀ ਤੋਂ ਵੀ ਕਿਰਪਾ ਹੋਈ ਲਿਖਿਆ ਹੈ ਜਿਸ ਨਾਲ਼ ਰਚਨਾ ਸੰਪੂਰਨ ਹੋ ਸਕੀ। ਕਵੀ ਨੇ ਦੁਰਗਾ ਨੂੰ 'ਜਗਮਾਤ ਭਵਾਨੀ' ਅਤੇ 'ਜਗਮਾਤਾ' ਸ਼ਬਦਾਂ ਨਾਲ਼ ਯਾਦ ਕੀਤਾ ਹੈ, ਜਿਵੇਂ : ਦੁਰਗਾ ਦੇਵੀ ਵਲੋਂ ਕਿਰਪਾ–

**ਕ੍ਰਿਪਾ ਕਰੀ ਹਮ ਪਰ ਜਗ ਮਾਤਾ।**

**ਗ੍ਰੰਥ ਕਰਾ ਪੂਰਨ ਸੁਭਰਾਤਾ।402।**

**ਕ੍ਰਿਪਾ ਕਰੀ ਜਗਮਾਤ ਭਵਾਨੀ।**

**ਇਹ ਬਿਧਿ ਬਤਿਯਾ ਤਾਹਿ ਬਖਾਨੀ।32।**

**ਮਹਾਕਾਲ ਦੇਵਤੇ ਵਲੋਂ ਕਿਰਪਾ-**

**ਸ੍ਰੀ ਅਸਿਧੁਜ ਜਬ ਭਏ ਦਇਆਲਾ।**

**ਪੂਰਨ ਕਰਾ ਗ੍ਰੰਥ ਤਤਕਾਲਾ।403।**

**ਕ੍ਰਿਸ਼ਨਾਵਤਾਰ ਅਨੁਸਾਰ, ਕਵੀ ਰਚਨਾ ਪੂਰੀ ਕਰਨ ਲਈ ਕਿਸ ਦਾ ਧਿਆਨ ਧਰਦਾ ਹੈ?**

ਇਸ ਰਚਨਾ ਵਿੱਚ ਕਵੀ ਭਗਵਤੀ ਦੇਵੀ (ਦੁਰਗਾ ਮਾਤਾ) ਦਾ ਧਯਾਨ ਕਰ ਕੇ ਕਵਿਤਾ ਲਿਖਦਾ ਹੈ। ਜਿਵੇਂ–

ਪ੍ਰਥਮਿ ਧਰੋ ਭਗਵਤ ਕੋ ਧਯਾਨਾ। ਬਹੁਰਿ ਕਰੋ ਕਬਿਤਾ ਬਿਧਿ ਨਾਨਾ। ਕ੍ਰਿਸਨ ਯਥਾ ਮਤਿ ਚਰਿਤ੍ਰ ਉਚਾਰੋ। ਚੂਕ ਹੋਇ ਕਬਿ ਲੇਹੁ ਸੁਧਾਰੋ।440। ਗੁਰੂ ਭੁੱਲਣਹਾਰ ਨਹੀਂ ਹੁੰਦਾ ਪਰ 'ਕ੍ਰਿਸ਼ਨਾਵਤਾਰ' ਰਚਨਾ ਦਾ ਕਵੀ (ਸਯਾਮ), ਦੂਜੇ ਕਵੀਆਂ ਨੂੰ, ਕਹਿੰਦਾ ਹੈ ਕਿ ਉਹ 'ਕਿਸ਼ਨਾਵਤਾਰ' ਲਿਖਣ ਵਿੱਚ ਹੋਈਆਂ ਭੁੱਲਾਂ ਨੂੰ ਆਪ ਹੀ ਸੁਧਾਰ ਲੈਣ।

**ਸਿੱਟਾ** : ਉਪਰੋਕਤ ਅਧਿਐਨ ਤੋਂ ਸਪੱਸ਼ਟ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ਼ 'ਕ੍ਰਿਸ਼ਨਾਵਤਾਰ', 'ਤ੍ਰਿਅ ਚਰਿਤ੍ਰ ਨੰਬਰ 404' ਅਤੇ ਨਿੱਤ-ਨੇਮ ਵਾਲ਼ੀ 'ਕਬਿਯੋ ਬਾਚ ਬੇਨਤੀ ਚੌਪਈ' ਦਾ ਕੋਈ ਮੇਲ਼ ਨਹੀਂ ਹੈ। ਇਹ 'ਚੌਪਈ' ਮਹਾਕਾਲ ਦੇਵਤੇ ਦੀਆਂ ਸਿਫ਼ਤਾਂ ਨਾਲ਼ ਹੀ ਭਰਪੂਰ ਹੈ। ਮਹਾਕਾਲ ਦੇਵਤੇ ਦੀਆਂ ਉਹੀ ਸਿਫ਼ਤਾਂ 'ਕਬਿਯੋ ਬਾਚ ਬੇਨਤੀ ਚੌਪਈ' ਵਿੱਚ ਹਨ ਜੋ 'ਕਿਰਸਨਾਵਤਾਰ' ਦੇ 6 ਛੰਦਾਂ ਅਤੇ 'ਤ੍ਰਿਅ ਚਰਿਤ੍ਰ ਨੰਬਰ 404' ਵਿੱਚ ਹਨ। 'ਕਿਸ਼ਨਾਵਚਾਰ' ਰਚਨਾ ਲਿਖਣ ਲਈ ਕਵੀ ਦੁਰਗਾ ਦੇਵੀ ਦਾ ਧਯਾਨ ਧਰਦਾ ਹੈ ਤੇ 'ਤ੍ਰਿਅ ਚਰਿਤ੍ਰ ਨੰਬਰ 404' ਲਿਖਣ ਵਿੱਚ ਦੁਰਗਾ ਦੇਵੀ ਅਤੇ ਮਹਾਕਾਲ ਦੀ ਕਿਰਪਾ ਹੋਈ ਸਮਝਦਾ ਹੈ।

ਦੇਵੀ ਦੇਵਤਿਆਂ ਦੇ ਕੀਤੇ ਮੰਗਲਾਚਰਣ ਤੋਂ ਸਪੱਸ਼ਟ ਹੈ ਕਿ ਕਵੀ ਅਕਾਲ ਪੁਰਖ ਦਾ ਪੁਜਾਰੀ ਨਹੀਂ ਹੈ, ਕਿਉਂਕਿ ਅਕਾਲ ਪੁਰਖ ਦੇ ਪੁਜਾਰੀ ਦਾ ਮੰਗਲ਼ ਉਹ ਹੈ ਜੋ 'ਜਪੁ' ਜੀ ਬਾਣੀ ਤੋਂ ਪਹਿਲਾਂ ਲਿਖਿਆਂ ਗਿਆ ਹੈ, ਭਾਵ, 'ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥' ਇਹ ਮੰਗਲ਼ ਸੰਖੇਪ ਰੂਪ ਵਿੱਚ ਵੀ ਗੁਰਬਾਣੀ ਵਿੱਚ ਲਿਖਿਆ ਗਿਆ ਹੈ, ਪਰ ਉਸਤਤੀ ਅਕਾਲ ਪਰਖ ਦੀ ਹੀ ਹੈ, ਕਿਸੇ ਦੇਵੀ ਜਾਂ ਦੇਵਤੇ ਦੀ ਨਹੀਂ।

# ਮਹਾਂਕਾਲ਼ ਦੇਵਤੇ ਅੱਗੇ 'ਕਬਿਯੋ ਬਾਚ ਬੇਨਤੀ ਚੌਪਈ' ਦੀ ਭਾਸ਼ਾ ਅਤੇ ਹੋਰ ਪੱਖਾਂ ਤੋਂ ਪਰਖ !

**ਭਾਸ਼ਾ ਅਤੇ ਸ਼ੈਲੀ** : ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੱਭ ਤੋਂ ਪੁਰਾਣੀ ਰਚਨਾ ਵਿੱਚ ਭਗਤ ਜੈ ਦੇਵ (ਚਲਾਣਾ ਸੰਨ 1273 ਈਸਵੀ- ਰਾਜਾ ਲਕਸ਼ਮਣਸੇਨ ਬੰਗਾਲ, ਰਾਜ-ਕਾਲ਼ ਸੰਨ 1172-1200 ਈਸਵੀ, ਭਗਤ ਜੈ ਦੇਵ ਜੀ ਦਾ ਚੇਲਾ ਬਣਿਆ ਸੀ- ਇਨਸਾਕਲੋਪੀਡੀਆ ਆਫ਼ ਸਿੱਖਿਜ਼ਮ ਕ੍ਰਿਤ ਸ. ਹਰਬੰਸ ਸਿੰਘ।) ਜੀ ਅਤੇ ਸ਼ੇਖ਼ ਫ਼ਰੀਦ (ਜੀਵਨ ਕਾਲ਼ ਸੰਨ 1173 ਤੋਂ 1266 ਈਸਵੀ) ਜੀ ਦੀ ਮੰਨੀ ਗਈ ਹੈ। ਭਗਤ ਜੈ ਦੇਵ ਜੀ, ਸ਼ੇਖ਼ ਫ਼ਰੀਦ ਜੀ ਅਤੇ ਹੋਰ ਹੋ ਚੁੱਕੇ ਅਤੇ ਸਮਕਾਲੀ ਭਗਤਾਂ ਦੀ ਬਾਣੀ ਧੰਨੁ ਗੁਰੂ ਨਾਨਕ ਸਾਹਿਬ ਪਾਤਿਸ਼ਾਹ ਜੀ ਨੇ ਆਪਣੇ ਪ੍ਰਚਾਰਕ ਦੌਰਿਆਂ ਸਮੇਂ ਆਪ ਉਤਾਰੇ ਕਰਕੇ ਲਿਆਂਦੀ ਸੀ, ਜੋ ਪੰਜਵੇਂ ਗੁਰੂ ਜੀ ਕੋਲ਼, ਪਹਿਲੇ ਚਾਰ ਗੁਰੂ ਪਾਤਿਸ਼ਾਹਾਂ, ਕੋਲ਼ ਹੁੰਦੀ ਹੋਈ ਪਹੁੰਚੀ ਸੀ। ਗੁਰੂ ਜੀ ਨੇ ਇਸ ਨੂੰ ਪੀਉ ਦਾਦੇ ਦਾ ਖ਼ਜ਼ਾਨਾ ਕਹਿ ਕੇ ਨਮਸਕਾਰ ਕੀਤੀ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੱਭ ਤੋਂ ਆਖ਼ਰੀ ਰਚਨਾ ਨੌਵੇਂ ਗੁਰੂ (ਸੰਨ 1621-1675 ਈਸਵੀ) ਧੰਨੁ ਸ਼੍ਰੀ ਗੁਰੂ ਤੇਗ਼ ਬਹਾਦੁਰ ਪਾਤਿਸ਼ਾਹ ਜੀ ਦੀ ਬਾਣੀ ਹੈ ਜਿਸ ਨੂੰ ਦਸਵੇਂ ਪਾਤਿਸ਼ਾਹ ਜੀ ਨੇ ਆਪ ਦਰਜ ਕਰਵਾਇਆ ਸੀ।

ਬਾਰ੍ਹਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਤਕ ਦੀ ਧੁਰ ਕੀ ਬਾਣੀ (ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨੇ 1429, ਕਿਉਂਕਿ ਰਾਗਮਾਲ਼ਾ ਧੁਰ ਕੀ ਬਾਣੀ ਨਹੀਂ ਹੈ। ਇਸ ਨੂੰ ਪੜ੍ਹਨ ਤੋਂ ਬਿਨਾਂ ਵੀ ਪਾਠ ਦੀ ਸੰਪੂਰਨਤਾ ਸਹੀ ਮੰਨੀ ਗਈ ਹੈ- ਪੜ੍ਹੋ ਰਹਿਤ ਮਰਯਾਦਾ ਵਿੱਚ ਮੱਦ 'ਭੋਗ'।) ਨੂੰ ਪੜ੍ਹਨ ਲੱਗਿਆਂ ਭਾਸ਼ਾ ਪੱਖੋਂ ਕੋਈ ਓਪਰਾਪਨ ਨਹੀਂ ਜਾਪਦਾ। ਪੰਜ ਸਦੀਆਂ ਤਕ ਲਿਖੀ ਜਾਂਦੀ ਰਹੀ ਧੁਰ ਕੀ ਬਾਣੀ ਦੀ ਭਾਸ਼ਾ ਮੁੱਖ ਤੌਰ ਤੇ ਰਲ਼ਦੀ ਮਿਲ਼ਦੀ ਹੈ। ਭਗਤ ਜੈ ਦੇਵ ਜੀ ਦੀ ਬਾਣੀ (ਕੇਵਲ ਦੋ ਸ਼ਬਦ), ਪਹਿਲੇ ਗੁਰੂ ਜੀ ਦੇ ਅਤੇ ਪੰਜਵੇਂ ਗੁਰੂ ਜੀ ਦੇ ਸਹਸਕ੍ਰਿਤੀ ਸ਼ਲੋਕਾਂ ਦੀ ਭਾਸ਼ਾ ਰਲ਼ਦੀ ਮਿਲ਼ਦੀ ਹੈ, ਭਾਵੇਂ ਸ਼ਲੋਕਾਂ ਦੀ ਭਾਸ਼ਾ ਭਗਤ ਜੀ ਦੀ ਬਾਣੀ ਦੀ ਭਾਸ਼ਾ ਨਾਲ਼ੋਂ ਕੁੱਝ ਸਰਲ ਹੈ। ਭਗਤ ਰਵਿਦਾਸ ਜੀ ਅਤੇ ਧੰਨੁ ਗੁਰੂ ਨਾਨਕ ਪਾਤਿਸ਼ਾਹ ਜੀ ਸਮਕਾਲੀ ਸਨ। ਉਨ੍ਹਾਂ ਦੀ ਬਾਣੀ ਵਿੱਚ ਅਰਬੀ/ਫ਼ਾਰਸੀ ਸ਼ਬਦਾਂ ਦੀ ਵਰਤੋਂ ਓਪਰੀ ਨਹੀਂ ਲੱਗਦੀ। ਧੰਨੁ ਗੁਰੂ ਅਰਜੁਨ ਸਾਹਿਬ ਜੀ ਦੀ ਬਾਣੀ ਵਿੱਚ ਵੀ ਫ਼ਾਰਸੀ ਦੀ ਵਰਤੋਂ ਰਲ਼ਦੀ ਮਿਲ਼ਦੀ ਹੈ। ਧੁਰ ਕੀ ਬਾਣੀ ਵਿੱਚੋਂ ਕੁੱਝ ਵੰਨਗੀਆਂ ਦੇ ਦਰਸ਼ਨ ਕਰੋ:-

1) **ਭਗਤ ਰਵਿਦਾਸ ਜੀ ਦੀ ਰਚਨਾ** : ਬੇ ਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥1॥ ਰਹਾਉ ॥ ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥3॥2॥ (ਗਗਸ 345)

**ਗੁਰੂ ਨਾਨਕ ਸਾਹਿਬ ਜੀ ਦੀ ਰਚਨਾ** : ਤਿਲੰਗ ਮਹਲਾ 1 ॥ ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥1॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥1॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥2॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ ॥3॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥4 (ਗਗਸ 721)

2) **ਗੁਰੂ ਅਰਜਨ ਸਾਹਿਬ ਜੀ ਦੀ ਰਚਨਾ** : ਤਿਲੰਗ ਮਹਲਾ 5 ਘਰੁ 3 ॥ ਕਰਤੇ ਕੁਦਰਤੀ ਮੁਸਤਾਕੁ ॥ ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ਰਹਾਉ ॥ ਖਿਨ ਮਾਹਿ ਥਾਪਿ

ਉਥਾਪਦਾ ਆਚਰਜ ਤੇਰੇ ਰੂਪ॥ ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ॥1॥ ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ॥ ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ॥2॥ ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ॥ ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ॥3॥ ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ॥ ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥4॥4॥(ਗਗਸ 724)

3) **ਤੇਰ੍ਹਵੀਂ ਸਦੀ ਦੀ ਰਚਨਾ :** ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ 4॥ ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥ ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥1॥ ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥ ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥1॥ ਰਹਾਉ॥ ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥ ਭਵ ਭੂਤ ਭਾਵ ਸਮਬ੍ਹਿਅੰ ਪਰਮੰ ਪ੍ਰਸੰਨਮਿਦੰ॥2॥ ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥ ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥3॥ ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥ ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥4॥ ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ॥ ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥5॥1॥(ਗਗਸ 526)

**ਬਾਣੀ ਧੰਨੁ ਗੁਰੂ ਅਰਜੁਨ ਸਾਹਿਬ ਜੀ (ਸੰਨ 1563-1606) ਦੀ ਭਗਤ ਜੈ ਦੇਵ ਜੀ ਤੋਂ ਲਗਭੱਗ ਤਿੰਨ ਸਦੀਆਂ ਪਿੱਛੋਂ ਰਲ਼ਦੀ ਮਿਲ਼ਦੀ ਭਾਸ਼ਾ ਦੀ ਵੰਨਗੀ:**

ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ॥ ਨਿਰਧਨ। ਯੰ ਧਨਵੰਤਹ ਰੋਗੀਅੰ ਰੋਗ ਖੰਡਨਹ॥ ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥ ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥20॥ ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ॥ ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ॥ ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ॥ ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ ਮਯਹ॥ ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ॥ ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ॥21॥ ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ॥ ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ॥22॥(ਗਗਸ 1355 ਸਲੋਕ ਸਹਸਕ੍ਰਿਤੀ ਮਹਲਾ 5)

ਪ੍ਰਭਾਤੀ ਭਗਤ ਬੇਣੀ ਜੀ ਕੀ॥ ਤਨਿ ਚੰਦਨੁ ਮਸਤਕਿ ਪਾਤੀ॥ ਰਿਦ ਅੰਤਰਿ ਕਰ ਤਲ ਕਾਤੀ॥ ਠਗ ਦਿਸਟਿ ਬਗਾ ਲਿਵ ਲਾਗਾ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ॥1॥ ਕਲਿ ਭਗਵਤ ਬੰਦ ਚਿਰਾਂਮੰ॥ ਪਰ ਦਿਸਟਿ ਰਤਾ ਨਿਸਿ ਬਾਦੰ॥1॥ ਰਹਾਉ॥ ਨਿਤਪ੍ਰਤਿ ਇਸਨਾਨੁ ਸਰੀਰੰ॥ ਦੁਇ ਧੋਤੀ ਕਰਮ ਮੁਖਿ ਖੀਰੰ॥ ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥2॥ ਸਿਲ ਪੂਜਸਿ ਚਕ੍ਰ ਗਣੇਸੰ॥ ਨਿਸਿ ਜਾਗਸਿ ਭਗਤਿ ਪ੍ਰਵੇਸੰ॥ ਪਗ ਨਾਚਸਿ ਚਿਤੁ ਅਕਰਮੰ॥ ਏ ਲੰਪਟ ਨਾਚ ਅਧਰਮੰ॥3॥ ਮ੍ਰਿਗ ਆਸਣੁ ਤੁਲਸੀ ਮਾਲਾ॥ ਕਰ ਊਜਲ ਤਿਲਕੁ ਕਪਾਲਾ॥ ਰਿਦੈ ਕੂੜੁ ਕੰਠਿ ਰੁਦ੍ਰਾਖੰ॥ ਰੇ ਲੰਪਟ ਕ੍ਰਿਸਨੁ ਅਭਾਖੰ॥4॥ ਜਿਨਿ ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥ ਕਹੁ ਬੇਣੀ ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥5॥1॥

**ਬਾਣੀ ਗੁਰੂ ਨਾਨਕ ਸਾਹਿਬ ਜੀ (ਸੰਨ 1469-1539) ਰਲ਼ਦੀ ਮਿਲ਼ਦੀ ਭਾਸ਼ਾ ਅਤੇ ਸ਼ੈਲੀ ਦੀ ਵੰਨਗੀ :** ਸਲੋਕ ਸਹਸਕ੍ਰਿਤੀ ਮਹਲਾ 1॥ ਪੜ੍ਹਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥ ਮੁਖਿ ਝੂਠੁ ਬਿਭੂਖਨ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥ ਗਲਿ ਮਾਲਾ ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥ ਜੋ ਜਾਨਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚੈ ਕਰਮੰ॥ ਕਹੁ ਨਾਨਕ ਨਿਸਚੌ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ ॥1॥(ਗਗਸ 470)

4) ਸ਼ਲੋਕ ਭਗਤ ਕਬੀਰ ਜੀ, ਸ਼ੇਖ਼ ਫ਼ਰੀਦ ਜੀ ਅਤੇ ਸ਼ਲੋਕ ਮਹਲਾ 9 ਪੜ੍ਹਨ ਸਮੇਂ ਕੋਈ ਓਪਰਾਪਨ ਨਹੀਂ ਲੱਗਦਾ ਭਾਵੇਂ ਇਨ੍ਹਾਂ ਸ਼ਲੋਕਾਂ ਦੇ ਰਚਨ-ਕਾਲ਼ ਵਿੱਚ ਸਦੀਆਂ ਦਾ ਅੰਤਰ ਹੈ।

**ਹੁਣ ਗੱਲ ਕਰਦੇ ਹਾਂ 'ਕਬਿਯੋ ਬਾਚ ਬੇਨਤੀ ਚੌਪਈ' ਦੀ।**

ਇਹ ਰਚਨਾ ਧੁਰ ਕੀ ਬਾਣੀ ਹੈ ਕਿ ਨਹੀਂ? ਇਹ ਰਚਨਾ ਤ੍ਰਿਅ ਚਰਿੱਤ੍ਰਾਂ/ਚਰਿਤ੍ਰੋਪਾਖਿਆਨ ਵਿੱਚੋਂ 404ਵੇਂ ਚਰਿੱਤ੍ਰ ਦਾ ਇੱਕ ਭਾਗ ਹੈ। ਤ੍ਰਿਅ ਚਰਿੱਤ੍ਰ ਦੇ 405 ਬੰਦ ਹਨ। ਚੌਪਈ 29 ਬੰਦਾਂ ਵਿੱਚ ਬੰਦ ਨੰਬਰ 377 ਤੋਂ 405 ਤਕ ਹੈ। ਇਨ੍ਹਾਂ 29

ਬੰਦਾਂ ਵਿੱਚੋਂ 25 ਬੰਦ, ਬੰਦ ਨੰਬਰ ਬਦਲ ਕੇ (377 ਤੋਂ 401 ਬੰਦ ਨੰਬਰ ਲਿਖਣ ਦੀ ਥਾਂ ਨਿੱਤ-ਨੇਮ ਵਿੱਚ 1 ਤੋਂ 25 ਬੰਦ ਨੰਬਰ ਸਾਬਤ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਹੈ ਕਿ 25 ਬੰਦਾਂ ਵਾਲ਼ੀ ਚੌਪਈ ਵੱਖਰੀ ਆਜ਼ਾਦ ਰਚਨਾ ਹੈ। ਬਾਕੀ ਚਾਰ ਬੰਦ ਚੌਪਈ ਵਿੱਚੋਂ ਕੱਟ ਦਿੱਤੇ ਗਏ) ਇਹ ਚੌਪਈ ਆਜ਼ਾਦ ਰਚਨਾ ਨਹੀਂ ਹੈ। ਇਹ ਚੌਪਈ ਮਹਾਂਕਾਲ਼ ਦੇਵਤੇ ਦੀ ਹੋਈ ਦੈਂਤਾਂ ਉੱਪਰ ਜਿੱਤ ਦੇ ਪ੍ਰਭਾਵ ਸਦਕਾ ਕਵੀ ਮਹਾਂਕਾਲ਼ ਦੇਹ ਧਾਰੀ ਦੇਵਤੇ ਦੀ ਸ਼ਕਤੀ ਨੂੰ ਸਿਜਦਾ ਕਰਦਾ ਹੋਇਆ ਉਸ ਦੇਵਤੇ ਤੋਂ ਆਪਣੀ ਰੱਖਿਆ ਲਈ ਵੀ ਲਿਲਕੜੀਆਂ ਕੱਢਦਾ ਹੈ।

ਕੁੱਝ ਕ ਟੀ.ਵੀ. ਚੈਨਲਾਂ ਉੱਤੇ ਵੀ ਸਿੱਖ ਵਿਦਵਾਨਾਂ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਚੌਪਈ ਪੜ੍ਹਿਆ ਕਰੋ ਤੇ ਦੁੱਖ ਦੂਰ ਹੋਣਗੇ। ਅਜਿਹਾ ਕਹਿ ਕੇ ਧੁਰ ਕੀ ਬਾਣੀ ਦੀ ਅਣਭੋਲ਼ੇ ਹੀ ਨਿੰਦਾ ਕੀਤੀ ਜਾ ਰਹੀ ਹੈ ਤੇ ਕੱਚੀ ਬਾਣੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿਦਵਾਨਾਂ ਨੂੰ ਆਪਣੀਆਂ ਧੀਆਂ ਭੈਣਾਂ ਨੂੰ ਕੋਲ਼ ਬਿਠਾ ਕੇ ਤ੍ਰਿਅ ਚਰਿੱਤਰਾਂ ਦੇ ਪਾਠ ਪੜ੍ਹਾਉਣੇ ਪੈਣ ਤਾਂ ਸ਼ਾਇਦ ਇਹ ਚੌਪਈ ਪੜ੍ਹਨ ਤੋਂ ਸਦਾ ਵਾਸਤੇ ਤੋਅਬਾ ਕਰ ਦੇਣ। ਕੁੱਝ ਇੱਕ ਸਿੱਖ ਚੈਨਲ ਲਗਾਤਾਰ ਹੋ ਰਿਹਾ ਇਸ ਚੌਪਈ ਦਾ ਪਾਠ ਪ੍ਰਸਾਰਤ ਕਰ ਕੇ ਧੁਰ ਕੀ ਬਾਣੀ ਦੀ ਥਾਂ ਕੱਚੀ ਬਾਣੀ ਦਾ ਪ੍ਰਚਾਰ ਕਰ ਰਹੇ ਹਨ।

ਗੱਲ ਹੈ ਚੌਪਈ ਦੀ ਭਾਸ਼ਾ ਦੀ। ਬਿਪ੍ਰਨ ਕੀਆਂ ਰੀਤਾਂ ਕਰਨ ਅਤੇ ਹੋਰਨਾਂ ਤੋਂ ਕਰਾਉਣ ਵਾਲਿਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਇਹ ਚੌਪਈ ਦਸਵੇਂ ਗੁਰੂ ਜੀ ਦੀ ਰਚਨਾ ਹੈ, ਭਾਵੇਂ ਇੱਸ ਵਿੱਚ ਕੋਈ ਸੱਚਾਈ ਨਹੀਂ। ਇਸ ਰਚਨਾ ਦੀ ਭਾਸ਼ਾ ਵਲ ਦੇਖਿਆਂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਵਾਈ ਲੈਂਦਿਆਂ ਡੰਕੇ ਦੀ ਚੋਟ ਨਾਲ਼ ਕਿਹਾ ਜਾ ਸਕਦਾ ਹੈ ਕਿ ਇਹ ਚੌਪਈ ਧੁਰ ਕੀ ਬਾਣੀ ਨਹੀਂ ਹੈ। ਜੇ ਕੋਈ ਕਹੇ ਕਿ ਕਿਉਂ? ਤਾਂ ਇਸ ਦਾ ਸਬੂਤ ਭਾਸ਼ਾਈ ਗਿਆਨ ਤੋਂ ਮਿਲ਼ਦਾ ਹੈ। ਨੌਂਵੇਂ ਗੁਰੂ ਜੀ ਦੀ ਬਾਣੀ ਦੀ ਭਾਸ਼ਾ ਬਾਕੀ ਧੁਰ ਕੀ ਬਾਣੀ ਨਾਲ਼ੋਂ ਓਪਰੀ ਨਹੀਂ। ਦਸਵੇਂ ਗੁਰੂ ਜੀ ਦੀ ਰਚਨਾ ਦੀ ਭਾਸ਼ਾ ਵੀ ਆਪਣੇ ਪਿਤਾ ਗੁਰੂ ਜੀ ਦੀ ਵਰਤੀ ਭਾਸ਼ਾ ਨਾਲ਼ ਮਿਲਣੀ ਜ਼ਰੂਰੀ ਸੀ।

ਜੇ ਗੁਰੂ ਜੀ ਨੇ ਚੌਪਈ ਜਾਂ ਕੋਈ ਹੋਰ ਰਚਨਾ ਕੀਤੀ ਹੁੰਦੀ, ਤਾਂ ਉਸ ਦੀ ਭਾਸ਼ਾ ਧੁਰ ਕੀ ਬਾਣੀ ਦੀ ਭਾਸ਼ਾ ਨਾਲ਼ ਮਿਲ਼ਦੀ ਜੁਲ਼ਦੀ ਹੋਣੀ ਸੀ ਤੇ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਣੀ ਸੀ। ਭਾਸ਼ਾ ਰਾਤੋ-ਰਾਤ ਨਹੀਂ ਬਦਲ ਜਾਂਦੀ। ਗੁਰਬਾਣੀ ਵਿੱਚੋਂ ਜੋ ਉੱਪਰ ਵੰਨਗੀਆਂ ਦਿੱਤੀਆਂ ਗਈਆਂ ਹਨ ਉਹ ਸਿੱਧ ਕਰਦੀਆਂ ਹਨ ਕਿ ਪੰਜ ਸਦੀਆਂ ਤਕ ਲਿਖੀ ਜਾਂਦੀ ਰਹੀ ਧੁਰ ਕੀ ਬਾਣੀ ਦੀ ਭਾਸ਼ਾ ਮੁੱਖ ਤੌਰ ਤੇ ਰਲ਼ਦੀ ਮਿਲ਼ਦੀ ਹੈ।

ਜੇ ਚੌਪਈ ਦੀ ਭਾਸ਼ਾ ਵਲ ਦੇਖੀਏ ਤਾਂ ਇਹ ਧੁਰ ਕੀ ਬਾਣੀ ਦੀ ਭਾਸ਼ਾ ਦੇ ਨੇੜੇ ਤੇੜੇ ਵੀ ਨਹੀਂ ਢੁੱਕਦੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 35 ਬਾਣੀਕਾਰਾਂ ਵਲੋਂ ਵਰਤੀ ਭਾਸ਼ਾ ਅਤੇ ਸ਼ੈਲੀ ਦੀ ਤਰਜ਼ ਤੇ ਦੁਨੀਆਂ ਦਾ ਕੋਈ ਲਿਖਾਰੀ ਵੀ ਕੋਈ ਰਚਨਾ ਕਰਨ ਦੇ ਸਮਰੱਥ ਨਹੀਂ ਹੈ ਤੇ ਉਸ ਦੀ ਕੀਤੀ ਰਚਨਾ ਦੀ ਭਾਸ਼ਾ ਅਤੇ ਸ਼ੈਲੀ ਧੁਰ ਕੀ ਬਾਣੀ ਨਾਲ਼ ਨਹੀਂ ਮਿਲ਼ ਸਕਦੀ। ਇਸੇ ਕਰਕੇ ਚੌਪਈ ਦੀ ਭਾਸ਼ਾ ਅਤੇ ਸ਼ੈਲੀ ਗੁਰੂ-ਕ੍ਰਿਤ ਧੁਰ ਕੀ ਬਾਣੀ ਨਾਲ਼ ਕਿਸੇ ਤਰ੍ਹਾਂ ਨਾਲ਼ ਵੀ ਨਹੀਂ ਮਿਲ਼ਦੀ।

ਵਿਸ਼ਾ-ਵਸਤੂ ਦੇ ਪੱਖ ਤੋਂ ਚੌਪਈ ਕੀ ਹੈ? ਵਿਸ਼ੇ-ਵਸਤੂ ਦੇ ਪੱਖ ਤੋਂ ਦੇਖੀਏ ਤਾਂ ਵੀ ਚੌਪਈ ਧੁਰ ਕੀ ਬਾਣੀ ਨਾਲ਼ ਨਹੀਂ ਮਿਲ਼ਦੀ। ਚੌਪਈ ਦਾ ਵਿਸ਼ਾ-ਵਸਤੂ ਦੇਹ ਧਾਰੀ ਮਹਾਂਕਾਲ਼ ਦੇਵਤੇ ਦੀ ਸਿਫ਼ਤਿ ਹੈ ਜੋ ਇੱਕ ਸੁੰਦਰੀ ਦੂਲਹ ਦੇਈ ਨਾਲ਼ ਵਿਆਹ ਰਚਾਉਣਾ ਚਾਹੁੰਦਾ ਹੈ। ਉਹ ਸੁੰਦਰੀ ਦੀ ਦੈਂਤਾਂ ਵਿੱਰੁਧ ਜੰਗ ਵਿੱਚ ਮੱਦਦ ਕਰਦਾ ਹੈ। ਧੁਰ ਕੀ ਬਾਣੀ ਦਾ ਵਿਸ਼ਾ-ਵਸਤੂ ਕੇਵਲ ਗੁਰ ਪਰਮੇਸ਼ਰ ਦੀ ਆਰਾਧਨਾ ਨਾਲ਼ ਜੁੜਿਆ ਹੋਇਆ ਹੈ ਕਿਸੇ ਦੇਵੀ ਜਾਂ ਦੇਵਤੇ ਦੀ ਸਿਫ਼ਤਿ ਨਾਲ਼ ਨਹੀਂ।

**ਚੌਪਈ ਵਿੱਚ ਮਹਾਂਕਾਲ਼ ਲਈ ਵਰਤੇ ਸ਼ਬਦ** :

ਚੌਪਈ ਵਿੱਚ ਵਰਤੇ ਅਸਿਧੁਜ, ਖੜਗਕੇਤ, ਫੂਲ ਰਾਜਾ, ਨ੍ਰਿਬਿਕਾਰ ਆਦਿਕ ਸ਼ਬਦ ਕੇਵਲ ਮਹਾਂਕਾਲ਼ ਦੇਵਤੇ ਲਈ ਹੀ ਕਵੀ ਨੇ ਵਰਤੇ ਹਨ। ਇਹ ਸ਼ਬਦ 35 ਬਾਣੀਕਾਰਾਂ ਵਲੋਂ ਲਿਖੀ ਧੁਰ ਕੀ ਬਾਣੀ ਦੀ ਭਾਸ਼ਾ ਵਿੱਚ ਤੇ ਨਹੀਂ ਵਰਤੇ ਗਏ, ਕਿਉਂਕਿ ਧੁਰ ਕੀ ਬਾਣੀ ਵਿੱਚ ਕਿਸੇ ਮਹਾਂਕਾਲ਼ ਦੇਵਤੇ ਦੀ ਸਿਫ਼ਤਿ ਨਹੀਂ ਹੈ।

ਧੁਰ ਕੀ ਬਾਣੀ ਵਿੱਚ ਇਹ ਸ਼ਬਦ ਕਿਤੇ ਵੀ ਕਰਤਾ ਪੁਰਖ ਲਈ ਨਹੀਂ ਵਰਤੇ ਗਏ। ਧੁਰ ਕੀ ਬਾਣੀ ਕੇਵਲ ਗੁਰ ਪਰਮੇਸ਼ਰ ਦੀ ਹੀ ਸਿਫ਼ਤਿ ਕਦੀ ਹੈ।

**'ਨਾਨਕ' ਜੋਤਿ ਦੀ ਮੁਹਰ-ਛਾਪ** :

ਧੁਰ ਕੀ ਬਾਣੀ ਦੀ ਪਛਾਣ 'ਨਾਨਕ' ਸ਼ਬਦ ਦੀ ਮੁਹਰ ਹੈ ਜੋ

ਚੌਪਈ ਵਿੱਚ ਨਹੀਂ ਹੈ। ਜੇ ਇਹ ਮੁਹਰ ਹੋਵੇ ਵੀ ਤਾਂ ਵੀ ਇਸ ਨੂੰ ਗੁਰੂ ਵਲੋਂ ਕੋਈ ਪ੍ਰਵਾਨਗੀ ਨਹੀਂ ਮਿਲ਼ੀ।

**ਚੌਪਈ ਸ਼੍ਰੀ ਗੁਰ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ :**

ਜੋ ਵੀ ਰਚਨਾ ਦਸਵੇਂ ਪਾਤਿਸ਼ਾਹ ਜੀ ਵਲੋਂ ਖ਼ੁਦ ਦਮਦਮੀ ਬੀੜ ਵਿੱਚ ਦਰਜ ਨਹੀਂ ਕਰਵਾਈ ਗਈ ਉਹ ਕਿਸੇ ਤਰ੍ਹਾਂ ਵੀ ਧੁਰ ਕੀ ਬਾਣੀ ਦੇ ਬਰਾਬਰ ਨਹੀਂ ਰੱਖੀ ਜਾ ਸਕਦੀ ਭਾਵੇਂ ਕਿੰਨੀ ਵੀ ਮਹਾਨ ਹੋਵੇ ਤੇ 'ਨਾਨਕ' ਸ਼ਬਦ ਦੀ ਮੁਹਰ-ਛਾਪ ਵੀ ਕਿਉਂ ਨਾ ਰੱਖਦੀ ਹੋਵੇ। ਕਈਆਂ ਵਲੋਂ 'ਨਾਨਕ' ਮੁਹਰ ਨਾਲ਼ ਕੀਤੀਆਂ ਰਚਨਾਵਾਂ ਵੀ ਮਿਲ਼ਦੀਆਂ ਹਨ ਪਰ ਉਹ ਧੁਰ ਕੀ ਬਾਣੀ ਨਹੀਂ ਹੈ।

**ਸੰਦੇਸ਼ ਪੱਖੋਂ :** ਧੁਰ ਕੀ ਬਾਣੀ ਜਗਤ ਜਲੰਦੇ ਨੂੰ ਬਚਾਉਣ ਲਈ ਪੁਕਾਰ ਕਰਦੀ ਹੈ ਜਦੋਂ ਕਿ ਚੌਪਈ ਖ਼ੁਦ ਨੂੰ ਅਤੇ ਖ਼ੁਦ ਦੇ ਸੇਵਕਾਂ ਨੂੰ ਬਚਾਉਣ ਖ਼ਾਤਰ ਦੁਸ਼ਟਾਂ ਨੂੰ ਮਾਰਨ ਲਈ ਪੁਕਾਰ ਕਰਦੀ ਹੈ। ਧੁਰ ਕੀ ਬਾਣੀ 'ਨਾ ਕੋ ਮੇਰਾ ਦੁਸਮਨੁ ਰਹਿਆ' ਅਤੇ 'ਨਾ ਕੋ ਬੈਰੀ ਨਹੀ ਬਿਗਾਨਾ' ਦੀ ਗੱਲ ਕਰਦੀ ਹੈ ਜਦੋਂ ਕਿ ਚੌਪਈ ਦੇ ਕਵੀ ਨੇ ਆਪਣੇ ਆਲ਼ੇ ਦੁਆਲ਼ੇ ਦੁਸ਼ਟਾਂ ਦਾ ਜਾਲ਼ ਬੁਣਿਆ ਹੋਇਆ ਹੈ।

**ਵਿਚਾਰ ਦਾ ਸਿੱਟਾ :** ਸਪੱਸ਼ਟ ਹੈ ਕਿ ਸੰਨ 1931 ਤੋਂ 45 ਵਿੱਚ ਬਣੀ ਰਹਿਤ ਮਰਯਾਦਾ ਰਾਹੀਂ ਸ਼੍ਰੋ ਕਮੇਟੀ ਵਲੋਂ ਅੰਗ੍ਰੇਜ਼ ਰਾਜ ਸਮੇਂ ਨਿੱਤ-ਨੇਮ ਵਿੱਚ ਪਾਈ ਤ੍ਰਿਅ ਚਰਿੱਤ੍ਰ ਵਾਲ਼ੀ ਚੌਪਈ ਧੁਰ ਕੀ ਬਾਣੀ ਦਾ ਅੰਗ ਨਹੀਂ ਹੈ। ਇਸ ਵਿੱਚ ਵਰਤੀ ਗਈ ਭਾਸ਼ਾ ਇਸ ਨੂੰ ਧੁਰ ਕੀ ਬਾਣੀ ਹੋਣ ਤੋਂ ਮੂਲ਼ੋਂ ਹੀ ਰੱਦ ਕਰਦੀ ਹੈ। ਇਹ ਅਗਵਾਈ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖੀ ਨੌਂਵੇ ਗੁਰੂ ਜੀ ਅਤੇ ਸਦੀਆਂ ਪੁਰਾਣੀ ਲਿਖੀ ਬਾਣੀ ਦੀ ਭਾਸ਼ਾ ਤੋਂ ਲਈ ਗਈ ਹੈ। ਦਸਵੇਂ ਪਾਤਿਸ਼ਾਹ ਜੀ ਵਲੋਂ ਜੋ ਰਚਨਾਵਾਂ ਦਮਦਮੀ ਬੀੜ ਵਿੱਚ ਦਰਜ ਕਰਵਾਈਆਂ ਗਈਆਂ ਉਹ ਹੀ ਧੁਰ ਕੀ ਬਾਣੀ ਦਾ ਦਰਜਾ ਰੱਖਦੀਆਂ ਹਨ। ਗੁਰ-ਗੱਦੀ ਦਮਦਮੀ ਬੀੜ ਨੂੰ ਬਖ਼ਸ਼ੀ ਗਈ ਹੈ ਤੇ ਇਸ ਦੀ ਬਾਣੀ ਨਾਲ਼ ਹੀ ਸਿੱਖ ਕੌਮ ਦਾ ਰਿਸ਼ਤਾ ਹੈ। ਜੋ ਕੁੱਝ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਾਹਰ ਹੈ ਉਹ ਧੁਰ ਕੀ ਬਾਣੀ ਨਹੀਂ ਭਾਵੇਂ ਭਗਤ ਜੈ ਦੇਵ ਜੀ ਦੀ ਰਚਨਾ 'ਗੀਤ ਗੋਬਿੰਦ' ਹੋਵੇ, ਭਾਵੇਂ ਭਗਤ ਕਬੀਰ ਜੀ ਦੇ ਨਾਂ ਤੇ 'ਬੀਚਕ' ਗ੍ਰੰਥ ਹੋਵੇ, ਭਾਵੇਂ ਭਗਤ ਰਵਿਦਾਸ ਜੀ ਦੇ ਨਾਮ ਤੇ 'ਰੈਦਾਸ' ਨਾਂ ਦੇ ਸ਼ਬਦ ਹੋਣ, ਭਾਵੇਂ ਨਾਨਕ ਮੁਹਰ ਨਾਲ਼ ਲਿਖੇ ਗ੍ਰੰਥ ਹੋਣ।

**ਪ੍ਰਸ਼ਨ - ਕੀ ਹਿੰਦੂ ਮੱਤ ਦੇ ਗ੍ਰੰਥਾਂ ਦੀ ਗੁਰਦੁਆਰਿਆਂ ਵਿੱਚ ਕਥਾ ਹੋ ਸਕਦੀ ਹੈ?**

**ਉੱਤਰ : ਹਰ ਸਿੱਖ ਕਹੇਗਾ - ਨਹੀਂ। ਜੇ ਨਹੀਂ ਤਾਂ ਦਸ਼ਮ ਗ੍ਰੰਥ ਦੀਆਂ ਰਚਨਾਵਾਂ ਦੀ ਕਥਾ ਕਿਉਂ ਨਹੀਂ ਰੋਕੀ ਜਾ ਰਹੀ? ਦਸ਼ਮ ਗ੍ਰੰਥ ਵੀ ਤਾਂ ਸ਼ਿਵ ਪੁਰਾਣ, ਮਾਰਕੰਡੇ ਪੁਰਾਣ, ਭਾਗਵਤ ਪੁਰਾਣ ਆਦਿਕ ਹਿੰਦੂ ਮੱਤ ਦੇ ਗ੍ਰੰਥਾਂ ਦੀਆਂ ਕਹਾਣੀਆਂ ਤੋਂ ਹੀ ਬਣਾਇਆ ਗਿਆ ਹੈ ਜਿਸ ਦੀਆਂ ਰਚਨਾਵਾਂ ਦੀ ਵਰਤੋਂ ਨਿੱਤ-ਨੇਮ, ਅਰਦਾਸਿ, ਕੀਰਤਨ, ਪਾਹੁਲ ਅਤੇ ਕਥਾ ਰਾਹੀਂ ਗੁਰਦੁਆਰਿਆਂ ਵਿੱਚ ਕਿਵੇਂ ਜਾਇਜ਼ ਹੈ?**

**ਪ੍ਰਸ਼ਨ - ਕੀ ਸਿੱਖ ਰਹਤ ਮਰਯਾਦਾ ਵਿੱਚ ਲਿਖੇ ਸ਼ਾਮ ਦੇ ਨਿੱਤ-ਨੇਮ ਵਿੱਚ ਸਿੱਖਾਂ ਨੂੰ ਦਸਮ ਗ੍ਰੰਥ ਦੀ ਸ਼੍ਰੀ ਰਾਮ ਚੰਦਰ ਵਾਲ਼ੀ ਰਮਾਇਣ ਵੀ ਪੜ੍ਹਾਈ ਜਾ ਰਹੀ ਹੈ?**

**ਉੱਤਰ : ਹਾਂ, 'ਇਤਿ ਸ੍ਰੀ ਰਾਮਾਇਣ ਸਮਾਪਤਮ' ਸਤੁ ਸੁਭਮ ਸਤੁ ਪੰਨਾਂ 254 ਉੱਤੋਂ 'ਪਾਇ ਗਹੇ ਜਬ ਤੇ---' ਛੰਦ ਨੰਬਰ 863 ਰਾਹੀਂ ਅਤੇ 'ਸਗਲ ਦੁਆਰ ਕਉ ਛਾਡ ਕੇ' ਛੰਦ ਨੰਬਰ 864 ਰਾਹੀਂ ਰਾਮਾਇਣ ਦੇ ਅੰਸ਼ ਪੜ੍ਹਾਏ ਜਾ ਰਹੇ ਹਨ ਪਰ ਬਹੁਤੇ ਸਿੱਖਾਂ ਨੂੰ ਅਗਿਆਨਤਾ ਕਾਰਣ ਇਸ ਤੱਥ ਦੀ ਭਨਕ ਤੱਕ ਨਹੀਂ। ਰਾਮਾਇਣ ਦੇ ਦਸ਼ਮ ਗ੍ਰੰਥ ਵਿੱਚ 864 ਬੰਦ ਹਨ।**

# ਦੇਹ ਧਾਰੀ ਦੇਵਤੇ ਮਹਾਂਕਾਲ਼ ਅੱਗੇ ਕੀਤੀ ਬੇਨਤੀ ਹੈ
# ਕਬਿਯੋ ਬਾਚ ਬੇਨਤੀ ਚੌਪਈ !

ਸੰਨ 1897 ਵਿੱਚ ਪਹਿਲੀ ਵਾਰ ਛਪੇ ਦਸਮ ਗ੍ਰੰਥ ਵਿੱਚ ਚਰਿਤ੍ਰੋਪਾਖਿਆਨ (ਤ੍ਰਿਅ ਚਰਿੱਤ੍ਰ-ਬਹੁਤੀਆਂ ਕਹਾਣੀਆਂ ਮਰਦਾਂ ਅਤੇ ਔਰਤਾਂ ਦੀਆਂ ਗੁਪਤ ਕਹਾਣੀਆਂ ਹਨ) ਵਿੱਚ ਆਖ਼ਰੀ ਚਰਿੱਤ੍ਰ ਨੰਬਰ 404 ਦੇ 405 ਛੰਦ ਜਾਂ ਬੰਦ ਹਨ। ਪਹਿਲੇ 374 ਬੰਦਾਂ ਵਿੱਚ ਦੇਵ ਰਾਜਾ ਸਤਿਸੰਧਿ ਅਤੇ ਦੀਰਘਦਾੜ ਦੈਂਤ ਰਾਜੇ ਦੇ ਯੁੱਧ ਦਾ ਇਸ ਯੁੱਧ ਦੇ ਅੰਤ ਤੇ ਤਲਵਾਰਾਂ ਦੀ ਲਿਸ਼ਕ ਵਿੱਚੋਂ ਇਕ ਸੁੰਦਰ ਬਾਲਾ ਦੂਲਹ ਦੇਈ ਪੈਦਾ ਹੁੰਦੀ ਹੈ ਅਤੇ ਫਿਰ ਦੈਂਤ ਰਾਜਾ ਸ੍ਵਾਸ ਬੀਰਜ ਨੂੰ ਮਹਾਂਕਾਲ ਵਲੋਂ ਦੈਂਤਾਂ ਸਮੇਤ ਮਾਰੇ ਜਾਣ ਦੇ ਯੁੱਧ ਦਾ ਬਿਆਨ ਹੈ ਜਿਸ ਵਿੱਚ ਦੈਤਾਂ ਵਲੋਂ ਖ਼ੂਹਾਂ ਦੇ ਖ਼ੂਹ ਅਤੇ ਸਰੋਵਰਾਂ ਦੇ ਸਰੋਵਰ ਭਰੇ ਸ਼ਰਾਬ ਅਤੇ ਭੰਗ ਦੇ ਪੀ ਜਾਣੇ ਆਦਿਕ ਹੋਰ ਬਹੁਤ ਸਾਰੀਆਂ ਕਰਾਮਾਤਾਂ ਦਾ ਜ਼ਿਕਰ ਹੈ, ਕਿਉਂਕਿ ਬੰਦ ਨੰਬਰ 375 ਵਿੱਚ ਦੇਹ ਧਾਰੀ ਮਹਾਂਕਾਲ਼ ਨੂੰ ਹੋਈ ਜਿੱਤ ਪਿੱਛੋਂ ਮਿਲ਼ਦੀ ਵਧਾਈ ਦਾ ਜ਼ਿਕਰ ਹੈ ਕਿਉਂਕਿ ਉਸ ਨੇ ਦੈਂਤ ਰਾਜੇ ਨੂੰ ਮਾਰ ਕੇ ਦੂਲਹ ਦੇਈ ਸੁੰਦਰੀ ਦੀ ਮੱਦਦ ਕੀਤੀ ਹੈ ਜਿਵੇਂ-ਪੁਨਿ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤੁ ਜਗਤ ਕੇ ਈਸਾ।

**ਪੁਹਪਨ ਬ੍ਰਿਸਟਿ ਗਗਨ ਤੇ ਭਈ।**

**ਸਭਹਿਨ ਆਨਿ ਬਧਾਈ ਦਈ।375।।।**

**ਪਦ ਅਰਥ--** ਰਾਛਸ- ਸ੍ਵਾਸ ਬੀਰਜ, ਦੈਂਤ ਰਾਜਾ। ਸੀਸਾ- ਸਿਰ (ਸ਼ੀਸ਼)। ਅਸਿਕੇਤ- ਝੰਡੇ ਵਿੱਚ ਤਲਵਾਰ ਦਾ ਚਿੰਨ੍ਹ ਰੱਖਣ ਵਾਲ਼ਾ ਦੇਹ ਧਾਰੀ ਮਹਾਂਕਾਲ਼। ਈਸਾ- ਈਸ਼ਵਰ ਜਗਤ ਦਾ ਈਸ਼ਵਰ ਕੇਵਲ ਰੱਬ ਹੈ, ਦੇਹ ਧਾਰੀ ਬੰਦਾ ਨਹੀਂ ਜੈਸਾ ਕਿ ਕਵੀ ਨੇ ਮਹਾਂਕਾਲ਼ ਬਾਰੇ ਲਿਖਿਆ ਹੈ।ਪੁਹਪਨ- ਫੁੱਲ।

ਰਾਖ਼ਸ਼ ਦਾ ਸਿਰ ਕੱਟਣ ਵਾਲ਼ਾ ਕੌਣ ਹੈ? ਦੇਹ ਧਾਰੀ ਮਹਾਂਕਾਲ਼ ਹੈ।

ਵਧਾਈ ਲੈਣ ਵਾਲ਼ਾ ਕੌਣ ਹੈ? ਅਸਿਕੇਤ ਹੈ ਜੋ ਮਹਾਂਕਾਲ਼ ਦੇਹ ਧਾਰੀ ਦੇਵਤਾ ਹੈ ਜਿਸ ਦੇ ਖੜਗਕੇਤ ਆਦਿ ਹੋਰ ਕਈ ਨਾਂ ਵੀ ਹਨ।

**ਕੀ ਅਕਾਲ ਪੁਰਖ ਨੂੰ ਵਧਾਈ ਮਿਲ਼ੀ ਹੈ? ਨਹੀਂ, ਨਹੀਂ, ਨਹੀਂ। ਅਕਾਲ ਪੁਰਖ ਦੇਹ ਧਾਰੀ ਨਹੀਂ।**

**ਨੋਟ :** ਰਾਗੀ ਜਥੇ ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥ ਗਗਸ ਪੰਨਾਂ 28 ਕੀਰਤਨ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗਾ ਕੇ ਸਿੱਖ ਧਰਮ ਦੀਆਂ ਜੜ੍ਹਾਂ ਨੂੰ ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਦਾ ਤੇਲ ਵੀ ਦੇ ਰਹੇ ਹਨ ਜਿਸ ਨਾਲ਼ ਸਿੱਖ ਜਗਤ ਦਿਨੋ ਦਿਨ ਹਿੰਦੂ ਮੱਤ ਦੀ ਬੁੱਕਲ਼ (fraternity Embrace) ਵਿੱਚ ਆ ਰਿਹਾ ਹੈ। ਵਧਾਈ ਤਾਂ ਦੇਹ ਧਾਰੀ ਖੜਗਧੁਜ ਨੂੰ ਮਿਲ਼ਦੀ ਹੈ, ਅਕਾਲ ਪੁਰਖ ਨੂੰ ਨਹੀਂ। ਅਤੇ ਬੰਦ ਨੰਬਰ 376 ਵਿੱਚ ਦੇਹ ਧਾਰੀ ਮਹਾਂਕਾਲ਼ ਦੀ ਹੋਈ ਜਿੱਤ ਦੇਖ ਕੇ ਉਸ ਦੀ ਸਿਫ਼ਤਿ ਕੀਤੀ ਗਈ ਹੈ ਤੇ ਕਵੀ ਨੇ ਵੀ ਖ਼ੁਸ਼ ਹੋ ਕੇ ਦੇਹ ਧਾਰੀ ਮਹਾਂਕਾਲ਼ ਨੂੰ ਗ਼ਰੀਬ ਨਿਵਾਜ਼, ਲੋਗਨ ਕਾ ਰਾਜਾ, ਅਖਲ ਭਵਨ ਦਾ ਸਿਰਜਣਹਾਰਾ, ਦੁਸ਼ਟਨ ਦਾਹ ਕਿਹਾ ਗਿਆ ਹੈ। ਜਿਵੇਂ-

**ਧੰਨਯ ਧੰਨਯ ਲੋਗਨ ਕੇ ਰਾਜਾ।**

**ਦੁਸਟਨ ਦਾਹ ਗਰੀਬ ਨਿਵਾਜਾ।**

**ਅਖਲ ਭਵਨ ਕੇ ਸਿਰਜਨਹਾਰੇ।**

**ਦਾਸ ਜਾਨਿ ਮੁਹਿ ਲੇਹੁ ਉਬਾਰੇ।376।**

**ਨੋਟ :** ਇਹ ਬੰਦ ਵੀ ਰਾਗੀਆਂ ਵਲੋਂ ਗਾ ਕੇ ਧੁਰ ਕੀ ਬਾਣੀ ਦੀ ਨਿਰਾਦਰੀ ਕੀਤੀ ਜਾ ਰਹੀ ਹੈ। ਤ੍ਰਿਅ ਚਰਿੱਤ੍ਰ ਦੇ ਕਵੀ ਦੇ ਇਸ਼ਟ ਸ਼ਿਵ ਜੀ ਦੇ ਜਿਓਤ੍ਰੀਲਿੰਗਮ ਦੇਹ ਧਾਰੀ ਮਹਾਂਕਾਲ਼ ਮੰਦਰ ਉਜੈਨ ਵਿੱਚ ਹੈ ਨੂੰ ਅਕਾਲ ਪੁਰਖ ਵਜੋਂ ਗ਼ਲਤ ਅਰਥ ਦੇ ਕੇ ਸਿੱਖਾਂ ਵਲੋਂ ਅਗਿਆਨਤਾ ਵਸ਼ ਅਪਨਾਇਆ ਜਾ ਰਿਹਾ ਹੈ ਜੋ ਕੇਸ਼ਾ ਧਾਰੀ ਹਿੰਦੂ ਬਣ ਰਹੇ ਹਨ। ਇਕ ਦੇਹ ਧਾਰੀ ਮਹਾਂਕਾਲ਼ ਨੂੰ ਕਵੀ ਨੇ ਲੋਕਾਂ ਦਾ ਰਾਜਾ, ਗ਼ਰੀਬ ਨਿਵਾਜ਼ ਤੇ ਸਿਰਜਣਹਾਰ ਕਿਹਾ ਹੈ ਜੋ ਗੁਰਮਤਿ ਨਹੀਂ ਪ੍ਰਵਾਨ ਕਰਦੀ। ਪ੍ਰਭੂ ਦੇਹ ਧਾਰੀ ਨਹੀਂ ਹੈ। ਦੇਹ ਧਾਰੀ ਮਹਾਂਕਾਲ਼ ਨੇ ਹੀ ਦੈਂਤ ਰਾਜੇ ਨੂੰ ਮਾਰਿਆ ਹੈ ਤੇ ਆਪ ਭੀ ਮਰ ਚੁੱਕਾ ਹੈ।ਅਕਾਲ ਪੁਰਖ ਅਬਿਨਾਸ਼ੀ ਹੈ ਜੋ ਕਦੇ ਮਰਦਾ ਨਹੀਂ।

**ਪੂਰੇ ਚਰਿੱਤ੍ਰ ਨੰਬਰ 404 ਵਿੱਚ ਮਹਾਂਕਾਲ਼ ਨੂੰ ਅਸਿਧੁਜ, ਅਸਿਕੇਤ, ਕਾਲ਼, ਖੜਗਧੁਜ, ਖੜਗਾਧੁਜ, ਆਦਿ ਨਾਂਵਾਂ ਨਾਲ਼ ਵੀ ਲਿਖਿਆ ਗਿਆ ਹੈ। ਇਹ ਦੇਹਧਾਰੀ ਦੇਵਤਾ ਹੈ ਤੇ ਸ਼ਿਵ ਜੀ ਦੇ 12**

ਜੋਤ੍ਰਿਲਿੰਗਮਾਂ ਵਿੱਚੋਂ ਇੱਕ ਹੈ, ਸਿੱਖਾਂ ਲਈ ਰੱਬ ਨਹੀਂ। ਇਹ ਚਰਿੱਤ੍ਰ ਲਿਖਣ ਵਾਲ਼ੇ ਕਵੀ ਦਾ ਰੱਬ ਹੋ ਸਕਦਾ ਹੈ, ਸਿੱਖ ਦਾ ਨਹੀਂ।

ਦੇਹ ਧਾਰੀ ਮਹਾਂਕਾਲ਼ ਦੇ ਵੱਖ-ਵੱਖ ਨਾਂ ਦੇਖੋ-

ਅਸਿਧੁਜ ਅਧਿਕ ਕੋਪ ਕਰਿ ਧਾਯੋ।104। ਘੇਰਤ ਮਹਾਕਾਲ ਕਹ ਭਏ।105।


ਯੁੱਧ ਭਈ ਕਾਲੀ ਅਸੁਰਨ ਜਹ।132।

ਖੜਗਕੇਤ ਅਸ ਕੀਆ ਤਮਾਸ਼ਾ।247।

ਜੋ ਪੂਜਾ ਅਸਿਕੇਤ ਕੀ ਨਿਤ ਪ੍ਰਤਿ ਕਰੇ ਬਨਾਇ।366।

ਨਿਰਖਿਖੜਗਧੁਜ ਕਾਟਿ ਗਿਰਾਏ।371।

**ਨੋਟ : ਸਿੱਖ ਮਿਸ਼ਨਰੀ ਕਾਲਜ ਦੇ ਨਿੱਤਨੇਮ ਤੇ ਹੋਰ ਬਾਣੀਆਂ ਦੇ ਗੁਟਕੇ ਦਸੰਬਰ 1997 (ਛਪਾਈ) ਵਿੱਚ ਚੌਪਈ ਦੇ ਨਾਲ** ਪਾ:


ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥

ਹਮਰੀ ਕਰੋ ਹਾਥ ਦੈ ਰੱਛਾ ॥
ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥
ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
ਹਮਰੇ ਦੁਸਟ ਸਭੈ ਤੁਮ ਘਾਵਹੁ ॥
ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥
ਸੇਵਕ ਸਿਖ ਸਭੈ ਕਰਤਾਰਾ ॥੨॥
ਮੋ ਰੱਛਾ ਨਿਜ ਕਰ ਦੈ ਕਰਿਯੈ ॥
ਸਭ ਬੈਰਨ ਕੋ ਆਜ ਸੰਘਰਿਯੈ ॥
ਪੂਰਨ ਹੋਇ ਹਮਾਰੀ ਆਸਾ ॥
ਤੋਰ ਭਜਨ ਕੀ ਰਹੈ ਪਿਆਸਾ ॥੩॥
ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥

10 ਨਹੀਂ ਹੈ। ਭਾ. ਚਤਰ ਸਿੰਘ ਜੀਵਨ ਸਿੰਘ ਵਲੋਂ ਛਾਪੇ ਅਤੇ ਗਿਆਨੀ ਮੋਹਨ ਸਿੰਘ ਵਲੋਂ ਸ਼ੋਧੇ ਗੁਟਕੇ (ਕੋਈ ਸੰਨ ਨਹੀਂ ਲਿਖਿਆ) ਵਿੱਚ ਅਤੇ ਇੱਕ ਬਹੁਤ ਹੀ ਪੜ੍ਹੇ ਲਿਖੇ ਵਿਦਵਾਨ ਪ੍ਰੋ. ਉਜਾਗਰ ਸਿੰਘ ਐਮ. ਏ; ਪੀ. ਐਚ. ਡੀ. ਵਲੋਂ ਕੀਤੇ ਰਹਰਾਸਿ ਦੇ ਟੀਕੇ ਜੂਨ 1994 ਪ੍ਰਕਾਸ਼ਕ ਗੁਰਬਾਣੀ ਸੇਵਾ ਸੁਸਾਇਟੀ ਲੁਧਿਆਣਾ ਵਿੱਚ ਤਾਂ ਚੌਪਈ ਤੋਂ ਪਹਿਲਾਂ '੧ਓ ਵਾਹਿਗੁਰੂ ਜੀ ਕੀ ਫ਼ਤਹ ਸ਼੍ਰੀ ਮੁੱਖ ਵਾਕ ਪਾਤਿਸ਼ਾਹੀ ਦਸਵੀਂ' ਮੰਗਲ਼ ਰੂਪ ਵਿੱਚ ਲਿਖ ਕੇ ਝੂਠ ਦੇ ਸਾਰੇ ਹੱਦ ਬੰਨੇ ਪਾਰ ਕਰ ਦਿੱਤੇ ਗਏ ਹਨ। ਸ਼੍ਰੋ. ਗੁ. ਪ੍ਰ. ਕਮੇਟੀ ਦੇ ਗੁਟਕਿਆਂ ਵਿੱਚ ਵੀ ਚੌਪਈ ਤੋਂ ਪਹਿਲਾਂ ਪਾ. 10 ਪਤਾ ਨਹੀਂ ਕਿਹੜੀ ਸੋਚ ਅਧੀਨ ਲਿਖਿਆ ਗਿਆ ਹੈ ਪਰ ਗੁਰਮਤ ਦੀ ਬੇੜੀ ਨੂੰ ਹਿੰਦੂ ਮੱਤ ਦੇ ਤੇਜ਼ ਝੱਖੜਾਂ ਦੇ ਹਵਾਲੇ ਜ਼ਰੂਰ ਕਰ ਦਿੱਤਾ ਹੈ। **ਸੰਨ 1897 ਈ. ਵਿੱਚ ਪਹਿਲੀ ਵਾਰ ਛਪੇ ਦਸਮ ਗ੍ਰੰਥ ਵਿੱਚ ਚੌਪਈ ਦੇ ਨਾਲ ਪਾ :10 ਲਿਖੇ ਹੋਣ ਦਾ ਕੋਈ ਸੰਕੇਤ ਹੀ ਨਹੀਂ ਹੈ।**

ਮੰਗਲਾਚਰਣ ਕਿਸੇ ਰਚਨਾ ਦੇ ਮੁੱਢ ਵਿੱਚ ਹੀ ਹੁੰਦਾ ਹੈ ਵਿਚਕਾਰ ਨਹੀਂ ਹੁੰਦਾ। ਕਵੀ ਨੇ ਕੋਈ ਐਸਾ ਮੰਗਲ਼ ਚੌਪਈ ਦੇ ਮੁੱਢ ਵਿੱਚ ਨਹੀਂ ਦਿੱਤਾ ਸੀ ਪਰ ਸਿੱਖਾਂ ਨੂੰ ਜਾਣ ਬੁੱਝ ਕੇ ਬੁੱਧੂ ਬਣਾਉਣ ਵਾਲ਼ੇ ਆਪ ਹੀ ਮੰਗਲ਼ ਲਿਖ ਕੇ ਵਡੀ ਗਲਤੀ ਕਰ ਗਏ ਹਨ।

**ਬੰਦ ਨੰਬਰ** 377 **ਤੋਂ ਸ਼ੁਰੂ ਹੁੰਦੀ ਹੈ ------ ਕਬਿਯੋ ਬਾਚ ਬੇਨਤੀ ਚੌਪਈ**

**ਇਹ ਬੇਨਤੀ ਕਿਸ ਅੱਗੇ ਹੈ?**

ਚੌਪਈ ਲਿਖਣ ਵਾਲ਼ੇ ਦੀ ਕੀਤੀ ਬੇਨਤੀ ਓਸੇ ਦੇਹ ਧਾਰੀ ਮਰ ਚੁੱਕੇ ਮਹਾਂਕਾਲ਼ ਅੱਗੇ ਹੈ ਜਿਸ ਨੇ ਦੂਲਹ ਦੇਈ ਸੁੰਦਰੀ ਦੀ ਦੈਂਤ ਰਾਜੇ ਨੂੰ ਮਾਰਨ ਵਿੱਚ ਮੱਦਦ ਕੀਤੀ ਤਾਂ ਜੁ ਦੂਲਹ ਦੇਈ ਉਸ ਨਾਲ਼ ਵਿਆਹ ਰਚਾ ਸਕੇ। ਦੂਲਹ ਦੇਈ ਮਹਾਂਕਾਲ਼ (ਜਗਤ ਦੇ ਸੁਆਮੀ) ਨਾਲ਼ ਵਿਆਹ ਕਰਨਾ ਚਾਹੁੰਦੀ ਸੀ। ਭਵਾਨੀ ਨੇ ਸਲਾਹ ਦਿੱਤੀ ਕਿ ਉਹ ਰਾਤ ਨੂੰ ਜ਼ਮੀਨ ਉਤੇ ਹੀ ਸੌਂ ਜਾਵੇ ਤੇ ਇਕ ਆਵਾਜ਼ ਆਵੇਗੀ। ਮਹਾਂਕਾਲ਼ ਨੇ ਗੁਪਤ ਆਵਾਜ਼ ਵਿੱਚ ਰਾਤ ਨੂੰ ਕਿਹਾ ਸੀ ਕਿ ਉਹ ਪਹਿਲਾਂ ਸ੍ਵਾਸਬੀਰਜ ਦੈਂਤ ਨੂੰ ਮਾਰੇ। ਦੂਲਹ ਦੇਈ ਨੇ ਯੁੱਧ ਵਿੱਚ ਮੱਦਦ ਲਈ ਬੇਨਤੀ ਕੀਤੀ ਜੋ ਮਹਾਂਕਾਲ਼ ਨੇ ਮੰਨ ਲਈ ਤੇ ਦੈਂਤ ਰਾਜਾ ਮਾਰਿਆ ਗਿਆ। ਕਵੀ ਨੇ ਦੋਹਾਂ ਦਾ ਵਿਆਹ ਹੁੰਦਾ ਨਹੀਂ ਦਿਖਾਇਆ ਕੇਵਲ ਜਿੱਤ ਪਿੱਛੋਂ ਵਧਾਈ ਦਾ ਜ਼ਿਕਰ ਹੀ ਕੀਤਾ ਹੈ।

**ਚੌਪਈ ਦੇ ਅਰਥ ਕੀ ਨੇ?**

ਅਰਥ ਕੁਝ ਵੀ ਹੋਣ, ਅਸਲੀ ਸਰਬ ਸਮਰੱਥ ਖ਼ਸਮ ਗੁਰ ਪਰਮੇਸ਼ਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਕਿਸੇ ਹੋਰ ਓਪਰੇ ਬੰਦੇ ਤੋਂ ਅਸਲੀ ਸੁੱਖ ਲੈਣ ਦੀ ਇਹ ਝੂਠੀ ਤ੍ਰਿਸ਼ਨਾਮਈ ਭਟਕਣਾ ਜ਼ਰੂਰ ਹੈ।

# ਅਰਦਾਸਿ ਵਿੱਚ 'ਭਗਉਤੀ' ਸ਼ਬਦ ਕੀ ਹੈ?

ਮੌਜੂਦਾ ਅਰਦਾਸਿ ਦੀ ਬਣਤਰ ਕਿਸੇ ਵੀ ਗੁਰੂ ਪਾਤਿਸ਼ਾਹ ਜੀ ਵਲੋਂ ਨਹੀਂ ਬਣਾਈ ਗਈ। ਸੰਨ 1469 ਤੋਂ ਸੰਨ 1930 ਤਕ ਇਹ ਅਰਦਾਸਿ ਨਹੀਂ ਸੀ।

**ਅਰਦਾਸਿ ਵਿੱਚ 'ਭਗਉਤੀ' ਕੌਣ ਹੈ?**

ਸੰਸਕ੍ਰਿਤ ਦੇ 'ਭਗਵਤੀ' (ਅਰਥ ਦੇਵੀ) ਸ਼ਬਦ ਤੋਂ ਹੀ 'ਭਗਉਤੀ' ਸ਼ਬਦ ਬਣਿਆਂ ਹੈ। ਮਹਾਨ ਕੋਸ਼ ਵਿੱਚ ਭਗਉਤੀ ਨੂੰ 'ਭਗਵਤੀ' ਅਤੇ 'ਦੁਰਗਾ' ਦੇਵੀ ਕਰ ਕੇ ਲਿਖਿਆ ਹੈ। ਵੈਸ਼ਨਵ ਭਗਤ ਨੂੰ ਵੀ 'ਭਗਉਤੀ' ਕਿਹਾ ਜਾਂਦਾ ਸੀ, ਜਿਸ ਦਾ 'ਸੁਖਮਨੀ' ਦੀ ਨੌਂਵੀਂ ਅਸ਼ਟਪਦੀ ਵਿੱਚ ਜ਼ਿਕਰ ਹੈ।

ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿੱਚ ਦੁਰਗਾ ਦੇ ਪਾਠ ਵਾਲ਼ੀਆਂ 55 ਪਉੜੀਆਂ ਦੀ ਰਚਨਾ ਵਾਲ਼ੀ 'ਵਾਰ ਦੁਰਗਾ ਕੀ' ਦੀ ਪਹਿਲੀ ਪਉੜੀ ਨੂੰ ਅਰਦਾਸਿ ਦੇ ਮੁੱਢ ਵਿੱਚ ਰੱਖਿਆ ਗਿਆ ਹੈ। ਸੰਨ 1897 ਵਿੱਚ ਸਿੱਖਾਂ ਨੂੰ ਗ਼ੁਲਾਮ ਰੱਖਣ ਵਾਲ਼ੇ ਅੰਗ੍ਰੇਜ਼ ਰਾਜ ਸਮੇ ਇੱਕ ਸ਼ੋਧਕ ਕਮੇਟੀ ਵਲੋਂ ਬਣਾਏ ਤੇ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਵਾਲ਼ਿਆ ਤੋਂ ਛਪਵਾਏ ਗਏ 'ਦਸਮ ਗ੍ਰੰਥ' ਵਿਚ ਇੱਕ ਰਚਨਾ 'ਵਾਰ ਦੁਰਗਾ ਕੀ' ਹੈ। ਦਸਮ ਗ੍ਰੰਥ ਬਣਾਉਣ ਸਮੇਂ 32 ਪੋਥੀਆਂ ਤੋਂ ਰਚਨਾਵਾਂ ਲਈਆਂ ਗਈਆਂ। ਡਾ: ਰਤਨ ਸਿੰਘ ਜੱਗੀ ਦਸਮ ਗ੍ਰੰਥ ਦੇ ਟੀਕੇ ਦੀ ਭੂਮਕਾ ਵਿੱਚ ਲਿਖਦਾ ਹੈ "ਅਫ਼ਸੋਸ ਕਿ ਇਨ੍ਹਾਂ 32 ਪੋਥੀਆਂ ਵਿੱਚ ਕੋਈ ਵੀ ਪੁਰਾਤਨ ਜਾਂ ਇਤਿਹਾਸਕ ਨਹੀਂ ਸੀ"। 'ਵਾਰ ਦੁਰਗਾ ਕੀ' ਦਾ ਨਾਂ 'ਚੰਡੀ' ਦੀ ਵਾਰ ਵੀ ਚੱਲਦਾ ਰਿਹਾ ਤੇ ਸੰਨ 1895 ਵਿੱਚ ਬਣਾਏ ਅਤੇ ਸੰਨ 1897 ਵਿੱਚ ਛਪੇ ਦਸਮ ਗ੍ਰੰਥ ਵਿੱਚ ਸ਼ੋਧਕ ਕਮੇਟੀ ਵਲੋਂ ਇਸ ਵਾਰ ਦੇ ਸਿਰਲੇਖ ਨੂੰ 'ਵਾਰ ਸ਼੍ਰੀ ਭਗਉਤੀ ਜੀ ਕੀ ਪਾਤਿਸ਼ਾਹੀ 10' ਵਿੱਚ ਤਬਦੀਲ ਕਰ ਕੇ ਸਿੱਖਾਂ ਨਾਲ਼ ਧੋਖਾ ਕੀਤਾ ਗਿਆ ਤੇ ਸਿੱਖ ਸਿਧਾਂਤਾਂ ਨੂੰ ਖ਼ਤਮ ਕੀਤੇ ਜਾਣ ਲਈ ਮਾਰੂ ਵਾਰ ਕੀਤਾ ਗਿਆ। ਸਪੱਸ਼ਟ ਹੈ ਕਿ ਅਜਿਹਾ ਬ੍ਰਾਹਮਣਵਾਦੀ, ਸੋਚ ਦੇ ਪ੍ਰਭਾਵ ਥੱਲੇ ਕੀਤਾ ਗਿਆ। ਗੁਰੂ ਨਾਨਕ ਨੂੰ ਪਿੱਛੋਂ ਤੇ ਭਗਉਤੀ (ਦੁਰਗਾ) ਨੂੰ ਪਹਿਲਾਂ ਯਾਦ ਕਰਦੇ ਹੋਏ ਸਿੱਖ ਅਰਦਾਸਿ ਕਰਦੇ ਹਨ। ਅਜਿਹੀ ਸੋਚ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਕਦੇ ਪ੍ਰਵਾਨ ਹੀ ਨਹੀਂ ਕਰਦੇ। ਬ੍ਰਾਹਮਣਵਾਦੀ ਸੋਚ ਹੁਣ ਤਕ ਬੁੱਧ ਮੱਤ, ਜੈਨ ਮੱਤ ਅਤੇ ਪਾਰਸੀ ਮੱਤ ਦਾ ਭਾਰਤ ਵਿੱਚ ਬਹੁਤ ਭਾਰੀ ਨੁਕਸਾਨ ਕਰ ਚੁੱਕੀ ਹੈ ਤੇ ਹੁਣ ਇਹ ਸਿੱਖੀ ਵਿਚਾਰਧਾਰਾ ਦਾ ਹਰ ਸੰਭਵ ਸਾਧਨ ਵਰਤ ਕੇ, ਹਿੰਦੂਕਰਣ ਕਰਨ ਵਿੱਚ ਦਿਨ ਰਾਤ ਇੱਕ ਕਰ ਰਹੀ ਹੈ ਤੇ ਸਫਲ ਵੀ ਹੋ ਰਹੀ ਹੈ। ਡਾਕਟਰ ਰਾਧਾ ਕ੍ਰਿਸ਼ਨਨ ਦੇ ਇਹ ਵਿਚਾਰ ਸਿੱਖਾਂ ਦੀਆਂ ਅੱਖਾਂ ਖੋਲ੍ਹਣ ਵਾਲੇ ਹਨ, ਪਰ ਜੇ ਫਿਰ ਵੀ ਅੱਖਾਂ ਬੰਦ ਦੀਆਂ ਬੰਦ ਰਹਿ ਗਈਆਂ ਤਾਂ ਬਹੁਤ ਨੁਕਸਾਨ ਹੋਵੇਗਾ। ਪੜ੍ਹੋ ਇਹ ਵੀਚਾਰ–

**"It is said, not without truth that Brahmanism killed Budhism by a fraternal embrace."**

**ਭਾਵ ਅਰਥ** - ਬ੍ਰਾਹਮਣਵਾਦ ਨੇ ਬੁੱਧ ਧਰਮ ਨੂੰ ਬਾਪੂ ਵਾਲ਼ੀ ਗਲ਼ਵਕੜੀ ਪਾ ਕੇ ਖ਼ਤਮ ਕੀਤਾ।

ਤਕਰੀਬਨ 90 ਸਾਲ ਪਹਿਲਾਂ ਅੰਗ੍ਰੇਜ਼ ਲਿਖਾਰੀ ਮੈਕਾਲਿਫ਼ ਨੇ ਜੋ ਲਿਖਿਆ ਸੀ ਉਹ ਵੀ ਸਿੱਖਾਂ ਦੀਆਂ ਅੱਖਾਂ ਖੋਲ੍ਹ ਦੇਣ ਵਾਲ਼ਾ ਹੈ। ਉਹ ਲਿਖਦਾ ਹੈ– **"Hinduism has embraced Sikhism in its fold."**

**ਭਾਵ ਅਰਥ**- ਹਿੰਦੂ ਮੱਤ ਨੇ ਸਿੱਖ ਧਰਮ ਨੂੰ ਆਪਣੀ ਗਲ਼ਵਕੜੀ ਵਿੱਚ ਲੈ ਲਿਆ ਹੈ।

(ਸਿੱਖ ਵੀਰਾਂ ਨੂੰ ਹਲੂਣਾ ਪੁਸਤਕ ਵਿੱਚੋਂ– ਲੇਖਕ ਨਰੈਣ ਸਿੰਘ)

ਸੰਨ 1999 ਵਿੱਚ, ਸ਼੍ਰੋ.ਗੁ.ਪ੍ਰ. ਕਮੇਟੀ ਭੀ ਆਪਣੀ ਮੁਹਰ ਹੇਠ ਹਿੰਦੀ ਭਾਸ਼ਾ ਵਿੱਚ 'ਸਿੱਖੋਂ ਕਾ ਇਤਿਹਾਸ' ਨਾਮਕ, ਸਿੱਖੀ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਕਿਤਾਬ, ਲਿਖ ਕੇ ਬ੍ਰਾਹਮਣਵਾਦੀ ਸੋਚ ਦਾ ਪ੍ਰਭਾਵ ਕਬੂਲ ਕਰ ਚੁੱਕੀ ਹੈ ਮਾਨੋ ਵਾੜ ਨੇ ਖੇਤ ਨੂੰ ਹੀ ਖਾਣਾ ਸ਼ੁਰੂ ਕਰ ਦਿੱਤਾ ਹੈ ਭਾਵੇਂ ਕਿ ਇਹ ਕਿਤਾਬ ਬਾਅਦ ਵਿੱਚ ਜ਼ਬਤ ਕਰ ਲਈ ਗਈ ਸੀ। ਕਿਤਾਬ ਨੂੰ ਜ਼ਬਤ ਕਰਨਾ ਹੀ ਦੱਸਦਾ ਹੈ ਕਿ ਇਹ ਸਿੱਖੀ ਵਿਚਾਰਧਾਰਾ ਨੂੰ ਜ਼ਰੂਰ ਹੀ ਢਾਹ ਲਾ ਰਹੀ ਸੀ, ਨਹੀਂ ਤਾਂ ਜ਼ਬਤ ਨਾ ਹੁੰਦੀ।

# ਅਰਦਾਸਿ ਵਿੱਚ ਪੜ੍ਹੀ ਜਾਂਦੀ 'ਵਾਰ ਸ਼੍ਰੀ ਭਗਉਤੀ ਜੀ ਕੀ ਪਾ:10' ਦੀ ਅਸਲੀਅਤ !

ਸੱਭ ਤੋਂ ਵੱਡਾ ਸੱਚ ਇਹ ਹੈ ਕਿ ਵਾਰ ਦਾ ਸਿਰਲੇਖ ਸਿੱਖਾਂ ਦੇ ਅੱਖੀਂ ਘੱਟਾ ਪਾ ਕੇ ਬਣਾਇਆ ਗਿਆ ਹੈ। ਇਸ ਸਿਰਲੇਖ ਵਿੱਚ 'ਪਾ:10' ਬਿਲਕੁਲ ਧੋਖੇ ਨਾਲ਼, ਸਿੱਖਾਂ ਨੂੰ ਦੁਰਗਾ ਦੇਵੀ ਜਾਂ ਸ਼ਿਵਾ ਪੂਜਕ ਸਾਬਤ ਕਰਨ ਲਈ, ਜੋੜਿਆ ਗਿਆ ਹੈ। ਜਿਸ ਵਾਰ ਦੀ ਪਉੜੀ ਅਰਦਾਸਿ ਵਿੱਚ ਪੜ੍ਹੀ ਜਾ ਰਹੀ ਹੈ, ਉਹ ਵਾਰ ਤਾਂ ਦੁਰਗਾ ਦੇਵੀ ਦਾ ਪਾਠ ਹੈ ਤੇ ਇਹ ਸੱਚਾਈ ਵਾਰ ਦੀ ਆਖ਼ਰੀ ਪਉੜੀ ਨੰਬਰ 55 ਵਿੱਚ ਹੀ ਦਰਜ ਹੈ ਜੋ ਕਹਿੰਦੀ ਹੈ- ਦੁਰਗਾ ਪਾਠ ਬਣਾਇਆ ਸਭੇ ਪਉੜੀਆਂ। ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ।

ਡਾਕਟਰ ਰਤਨ ਸਿੰਘ ਜੱਗੀ ਨੇ ਦਸ਼ਮ ਗ੍ਰੰਥ ਦੀ ਪੀ.ਐੱਚ.ਡੀ. ਦੇ ਥੀਸਸ (ਓ-ਬੋਕ) ਵਿੱਚ ਇਹ ਗੱਲ, 'ਬਚਿਤ੍ਰ ਨਾਟਕ' ਦੀਆਂ ਹੱਥ-ਲਿਖਤਾਂ ਪਟਨਾ ਸਾਹਿਬ ਵਾਲੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਸਿਰਲੇਖ ਹੈ, ਸੰਗਰੂਰ ਵਾਲ਼ੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਰਚਨਾ ਹੈ ਹੀ ਨਹੀਂ, ਮੋਤੀ ਬਾਗ਼ ਗੁਰਦੁਆਰੇ ਵਿੱਚਲੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਸਿਰਲੇਖ ਹੈ, ਭਾਈ ਮਨੀ ਸਿੰਘ ਦੇ ਨਾਂ ਵਾਲ਼ੀ ਕਹੀ ਜਾਂਦੀ ਹੱਥ-ਲਿਖਤ ਵਿੱਚ 'ਵਾਰ ਦੁਰਗਾ ਕੀ' ਸਿਰਲੇਖ ਹੈ ਦੇ ਹਵਾਲੇ ਦੇ ਕੇ, ਸਪੱਸ਼ਟ ਤੌਰ 'ਤੇ ਲਿਖੀ ਹੈ ਕਿ ਵਾਰ ਦਾ ਅਸਲੀ ਨਾਂ 'ਵਾਰ ਦੁਰਗਾ ਕੀ' ਹੈ। 'ਚੰਡੀ ਦੀ ਵਾਰ' ਅਤੇ 'ਵਾਰ ਸ਼੍ਰੀ ਭਗਉਤੀ ਜੀ ਕੀ ਪਾ:10' ਅਸਲੀ ਨਾਂ ਨੂੰ ਬਦਲ ਕੇ ਬਣਾਏ ਗਏ ਸਿਰਲੇਖ ਹਨ ਤਾਂ ਜੁ ਸਿੱਖਾਂ ਦੇ ਅੱਖੀਂ ਘੱਟਾ ਪਾਉਣਾ ਸੌਖਾ ਹੋ ਸਕੇ।

**ਬਚਿੱਤ੍ਰ ਨਾਟਕ ਦੀਆਂ ਹੱਥ ਲਿਖਤਾਂ ਦੇ ਤਤਕਰੇ ਪਟਨੇ ਵਾਲ਼ੀ ਲਿਖਤ- ਲਿਖਾਰੀ ਸੁੱਖਾ ਸਿੰਘ, ਪੱਤਰੇ 713 ਸੰਮਤ 1832 !**

1.) ਜਾਪ। 2.) ਅਕਾਲ ਉਸਤਤ. 3.) ਸਵਯੇ. 4.) ਬਚਿੱਤਰ ਨਾਟਕ. 5.) ਚੌਬੀਸ ਅਵਤਾਰ. 6.) ਚੰਡੀ ਚਰਿੱਤ੍ਰ 1. 7.) ਬ੍ਰਹਮਾ ਅਵਤਾਰ. 8.) ਗਿਆਨ ਪ੍ਰਬੋਧ. 9.) ਚੰਡੀ ਚਰਿੱਤ੍ਰ 2. 10.) ਰੁਦ੍ਰ ਅਵਤਾਰ. 11.) ਬਿਸ਼ਨਪਦੇ. 12.) ਛਕਾ ਭਗਉਤੀ ਜੂ ਕਾ। 13.) ਸ਼ਸਤ੍ਰ ਨਾਮ ਮਾਲਾ। 14.) ਵਾਰ ਦੁਰਗਾ ਕੀ। 15.) ਚਰਿਤ੍ਰੋਪਾਖਿਆਨ। 16.) ਅਸਫੋਟਕ ਕਬਿਤ। 17.) ਭਗਵੰਤ ਗੀਤਾ। 18.) ਸੰਸਾਹਰ ਸੁਖਮਨਾ। 19.) ਸ਼ਬਦ। 20.) ਵਾਰ ਮਾਲਕੌਂਸ ਕੀ। 21.) ਵਾਰ ਭਗਉਤੀ ਜੂ ਕੀ। 22.) ਜਫਰਨਾਮਾ ਗੁਰਮੁਖੀ।

**ਸੰਗਰੂਰ ਵਾਲੀ ਲਿਖਤ ਇੱਕ ਪਠਾਣ ਤੋਂ ਰਾਜਾ ਸਰੂਪ ਸਿੰਘ (1837-1864 ਈ.) ਨੂੰ ਮਿਲ਼ੀ !**

1.) ਜਾਪ। 2.) ਸ਼ਸਤਰ ਨਾਮ ਮਾਲਾ। 3.) ਅਕਾਲ ਉਸਤਤਿ। 4.) ਬਚਿਤਰ ਨਾਟਕ। 5.) ਚੰਡੀ ਚਰਿਤਰ। 6.) ਚੌਬੀਸ ਅਵਤਾਰ। 7.) ਬ੍ਰਹਮਾਵਤਾਰ।



8.) ਰੁਦ੍ਰਾਵਤਾਰ। 9.) ਗਿਆਨ ਪ੍ਰਬੋਧ। 10.) ਚਰਿਤਰੋਪਾਖਿਆਨ। 11.) ਸੰਸਾਹਰ ਸੁਖਮਨਾ। 12.) ਵਾਰ ਮਾਲਕੌਸ ਕੀ। 13.) ਛਕਾ ਭਗਉਤੀ ਜੀ ਕਾ। 14.) ਬਿਸ਼ਨਪਦੇ। 15.) ਜ਼ਫ਼ਰਨਾਮਾ ਗੁਰਮੁਖੀ ਤੇ ਫ਼ਾਰਸੀ। 16.) ਸਵਯੇ। 17.) ਅਸਫੋਟਕ ਕਬਿਤ। 18.) ਸਿਰਲੇਖ ਤੋਂ ਬਿਨਾ ਕੁਝ ਪਦ।

**ਮੋਤੀ ਬਾਗ ਪਟਿਆਲੇ ਵਾਲ਼ੀ ਲਿਖਤ** (1775 **ਈ. ਵਿੱਚ ਤਿਆਰ ਕੀਤੀ ਲਿਖਤ ਦਾ ਉਤਾਰਾ) ਇੱਕ ਤੋਂ ਵੱਧ ਲਿਖਾਰੀਆਂ ਦੀ ਲਿਖੀ।**

1.) ਜਾਪ। 2.) ਬਚਿਤ੍ਰ ਨਾਟਕ। 3.) ਚੰਡੀ ਚਰਿਤ੍ਰ 1। 4.) ਚੰਡੀ ਚਰਿਤ੍ਰ 2। 5.) ਚੌਬੀਸ ਅਵਤਾਰ। 6.) ਬ੍ਰਹਮਾਵਤਾਰ। 7.) ਰੁਦ੍ਰਾਵਤਾਰ। 8.) ਪਾਰਸਨਾਥ। 9.) ਸ਼ਸਤਰ ਨਾਮ ਮਾਲਾ। 10.) ਅਕਾਲ ਉਸਤਤਿ। 11.) ਗਿਆਨ ਪ੍ਰਬੋਧ। 12.) ਵਾਰ ਦੁਰਗਾ ਕੀ। 13.) ਚਰਿਤ੍ਰੋਪਾਖਿਆਨ॥ 14.) ਅਸਫੋਟਕ ਕਬਿਤ। 15.) ਸਵਯੇ। 16.) ਬਿਸ਼ਨਪਦੇ (ਸ਼ਬਦ ਹਜ਼ਾਰੇ)। 17.) ਸਦ। 18.) ਜ਼ਫ਼ਰਨਾਮਾ ਫ਼ਾਰਸੀ ਤੇ ਗੁਰਮੁਖੀ।

**ਭਾਈ ਮਨੀ ਸਿੰਘ ਦੇ ਨਾਂ ਵਾਲੀ ਲਿਖਤ ਮੁਲਤਾਨ ਦੀ ਜਿੱਤ ਸੰਨ 1818 ਵਿੱਚ ਕਿਸੇ ਸੈਨਿਕ ਨੂੰ ਲੁੱਟ ਵਿੱਚ ਮਿਲੀ।**

1.) ਜਾਪ। 2.) ਬਚਿਤ੍ਰ ਨਾਟਕ। 3.) ਚੰਡੀ ਚਰਿਤ੍ਰ 1। 4.) ਚੰਡੀ ਚਰਿਤ੍ਰ 2। 5.) ਚੌਵੀਸ ਅਵਤਾਰ। 6.) ਬ੍ਰਹਮਾ ਅਵਤਾਰ। 7.) ਰੁਦ੍ਰਾਵਤਾਰ। 8.) ਪਾਰਸਨਾਥ (ਸਵਯੇ 32 ਅਤੇ 9 ਸ਼ਬਦ। 9.) ਸ਼ਸਤ੍ਰ ਨਾਮ ਮਾਲ਼ਾ। 10.) ਗਿਆਨ ਪ੍ਰਬੋਧ। 11.) ਅਕਾਲ ਉਸਤਤ। 12.) ਵਾਰ ਦੁਰਗਾ ਕੀ। 13.) ਚਰਿਤ੍ਰੋਪਾਖਿਆਨ। 14.) ਜ਼ਫ਼ਰਨਾਮਾ (ਹਿਕਾਯਤਾ ਸਮੇਤ)।

ਹੁਣ ਦੇਖੋ ਪ੍ਰਸਿੱਧ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ 'ਵਾਰ ਦੁਰਗਾ ਕੀ' ਦੀ ਅਸਲੀਅਤ ਕਿਵੇਂ ਬਿਆਨ ਕਰਦੇ ਹਨ :– 'ਮਾਰਕੰਡੇ ਪੁਰਾਣ' ਇੱਕ ਗ੍ਰੰਥ ਹੈ ਜੋ ਮਾਰਕੰਡੇ ਰਿਖੀ ਨਾਲ਼ ਸੰਬੰਧਤ ਕਿਹਾ ਜਾਂਦਾ ਹੈ। ਇਸ ਵਿੱਚ ਨੌਂ ਹਜ਼ਾਰ ਸ਼ਲੋਕ ਹਨ। ਇਸ ਵਿੱਚ ਲਿਖੇ ਕਈ ਪ੍ਰਸੰਗਾਂ ਵਿੱਚੋਂ ਇੱਕ ਪ੍ਰਸੰਗ ਦੁਰਗਾ ਦੇਵੀ ਦਾ ਹੈ ਜਿਸ ਦੇ ਸੱਤ ਸੌ ਸ਼ਲੋਕ ਹਨ। 'ਦਸ਼ਮ ਗ੍ਰੰਥ' ਵਿੱਚ ਜੋੜੇ ਗਏ ਦੋ 'ਚੰਡੀ ਚਰਿਤ੍ਰ' ਅਤੇ ਦਰਜ ਕੀਤੀ 'ਚੰਡੀ ਦੀ ਵਾਰ', ਅਸਲੀ ਨਾਂ 'ਵਾਰ ਦੁਰਗਾ ਕੀ', ਮਾਰਕੰਡੇ ਪੁਰਾਣ ਵਿੱਚ ਲਿਖੇ 'ਦੁਰਗਾ ਸਪਤਸ਼ਤੀ' ਦਾ ਸੁਤੰਤਰ ਅਨੁਵਾਦ ਹਨ। ਇਸ ਦਾ ਸਿੱਧਾ ਅਰਥ ਇਹ ਹੋਇਆ ਕਿ ਦੋਵੇਂ 'ਚੰਡੀ ਚਰਿਤ੍ਰ' ਅਤੇ 'ਵਾਰ ਦੁਰਗਾ ਕੀ'/ 'ਵਾਰ ਸ੍ਰੀ ਭਗਉਤੀ ਜੀ ਕੀ'/ 'ਚੰਡੀ ਦੀ ਵਾਰ' ਦੁਰਗਾ ਦੇਵੀ ਦੀ ਪੂਜਾ ਦੀਆਂ ਰਚਨਾਵਾਂ ਹਨ ਕਿਉਂਕਿ ਇਹ ਦੁਰਗਾ ਦੀਆਂ ਸਿਫ਼ਤਾਂ ਵਾਲ਼ੇ, ਮਾਰਕੰਡੇ ਪੁਰਾਣ ਵਿੱਚ ਲਿਖੇ, ਪ੍ਰਸੰਗ ਦਾ ਸੁਤੰਤਰ ਅਨੁਵਾਦ ਜੁ ਹਨ।

**ਦੁਰਗਾ ਦੇਵੀ ਦੇ ਹੋਰ ਨਾਂ ਵੀ ਇਨ੍ਹਾਂ ਰਚਨਾਵਾਂ ਵਿੱਚ ਮਿਲ਼ਦੇ ਹਨ, ਜਿਵੇਂ:-**

ਭਵਾਨੀ, ਦੁਰਗਸ਼ਾਹ, ਗਿਰਜਾ, ਕਾਲਿਕਾ, ਸ਼ਿਵਾ ਆਦਿਕ। ਕਿਸੇ ਨੂੰ ਅਜੇ ਵੀ ਕੋਈ ਇਸ ਅਸਲੀਅਤ ਬਾਰੇ ਕੋਈ ਸ਼ੱਕ ਹੋਵੇ ਤਾਂ ਉਹ 'ਮਹਾਨ ਕੋਸ਼' (www.ik13.com. library Bhai Daya Singh), ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਵਿੱਚ 'ਮਾਰਕੰਡੇ' ਸ਼ਬਦ ਦੇ ਅਰਥ ਪੜ੍ਹੋ ਤੇ ਮੱਦ ਨੰਬਰ 2 ਹੇਠ ਇਹ ਸਚਾਈ ਦਰਜ ਹੈ।

ਅਗਿਆਨਤਾ ਤੇ ਗ਼ਫ਼ਲਤ ਦੀ ਗਹਿਰੀ ਨੀਂਦ ਵਿੱਚੋਂ ਨਿਕਲਣ ਲਈ ਇਸ ਤੋਂ ਹੋਰ ਵੱਧ ਸਬੂਤ ਦੀ ਕੀ ਲੋੜ ਹੈ। ਗਿਆਨ ਦੀ ਇਹ ਵੱਟ ਕੇ ਚਪੇੜ 'ਮਹਾਨ ਕੋਸ਼' ਨੇ ਮਾਰੀ ਹੈ। ਸੋਚੋ ਸਮਝੋ ਤੇ ਇਹ ਰਚਨਾਵਾਂ ਗੁਰੂ ਉਸਤਤਿ ਵਾਲ਼ੀਆਂ ਮੰਨ ਕੇ ਧੰਨੁ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੱਚੀ ਤੇ ਸੁੱਚੀ ਸ਼ਾਨ ਨੂੰ ਵੱਟਾ ਨਾ ਲਾਓ। ਪੰਥ ਦੋਖੀਆਂ ਨੇ ਹੀ 'ਵਾਰ ਦੁਰਗਾ ਕੀ' ਦਾ ਨਾਂ ਬਦਲ ਕੇ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ 10' ਲਿਖ ਕੇ ਸਿੱਖਾਂ ਦੇ ਅੱਖੀਂ ਘੱਟਾ ਪਾ ਦਿੱਤਾ ਹੋਇਆ ਹੈ।

ਜੇ ਗ਼ਲਤੀ ਨਾਲ਼ ਜਾਂ ਜਾਣ ਬੁੱਝ ਕੇ ਜਾਂ ਅਣਭੋਲ਼ੇ ਹੀ 'ਰੇਖਾ' ਟੱਪੀ ਗਈ ਹੈ, ਤਾਂ ਧੰਨੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਵਾਜ਼ ਮਾਰੋ ਤੇ ਫ਼ਰਿਆਦ ਕਰੋ ਤੇ ਆਖੋ ਪਿਤਾ ਜੀ! ਹੁਣ ਸਾਡੀ ਬੱਸ ਹੋ ਗਈ ਹੈ; ਅਸੀਂ ਹੁਣ ਅਸਲੀਅਤ ਸਮਝ ਗਏ ਹਾਂ; ਸਾਨੂੰ ਹੁਣ ਸਿੱਖੀ ਦੇ ਵੈਰੀਆਂ ਦੇ ਪੰਜੇ ਤੋਂ ਛੁਡਾ ਕੇ ਮੁੜ ਆਪਣੇ ਘਰ ਲੈ ਜਾਓ ਤੇ ਹੋਈਆਂ ਭੁੱਲਾਂ ਦੀ ਮੁਆਫ਼ੀ ਬਖ਼ਸ਼ੋ ਜੀ ਤੇ ਅੱਗੇ ਤੋਂ ਦਸਵੇਂ ਗੁਰੂ ਜੀ ਵਲੋਂ 'ਗੁਰੂ' ਦਾ ਦਰਜਾ ਪ੍ਰਾਪਤ ਆਪ ਜੀ ਦੀ ਬਾਣੀ ਹੀ ਪੜ੍ਹਾਂਗੇ, ਗਾਵਾਂਗੇ ਤੇ ਸੁਣਾਂਗੇ।

# ‘ਭਗਵਤੀ’ ਸ਼ਬਦ ਤੋਂ ‘ਭਗਉਤੀ’ ਸ਼ਬਦ ਕਿਵੇਂ ਬਣਿਆ?

ਹਿੰਦੂ ਮੱਤ ਵਿੱਚ ਭਗਵਤੀ ਇੱਕ ਦੇਵੀ ਹੈ ਅਤੇ ਪਾਰਵਤੀ ਦੇ ਕਈ ਨਾਵਾਂ ਵਿੱਚੋਂ ਉਸਦਾ ਇੱਕ ਨਾਂ ਹੈ। ‘ਭਗਉਤੀ’ ਸ਼ਬਦ ਵੀ ‘ਭਗਵਤੀ’ ਸ਼ਬਦ ਤੋਂ ਬਦਲ ਕੇ ਹੀ ਬਣਿਆ ਹੈ।

ਭਗਉਤੀ ਅਤੇ ਭਗਵਤੀ ਇੱਕੋ ਦੇਵੀ ਦੇ ਨਾਂ ਹਨ।‘ਵ’ ਅੱਖਰ ਵਿੱਚ ‘ੳ’ ਦੀ ਆਈ ਤਬਦੀਲੀ ਕਾਰਨ ‘ਭਗਵਤੀ’ ਤੋਂ ‘ਭਗਉਤੀ’ ਸ਼ਬਦ ਬਣਿਆ ਹੈ ਇਸ ਲਈ ਦੋਹਾਂ ਸ਼ਬਦਾਂ ਦਾ ਅਰਥ ਇੱਕੋ ਹੀ ਹੈ।ਸ੍ਰੀ ਭਗਵਤੀ ਜੀ ਸਹਾਇ ਦਾ ਅਰਥ ਉਹੀ ਹੈ ਜੋ ਸ੍ਰੀ ਭਗਉਤੀ ਜੀ ਸਹਾਇ ਦਾ ਹੈ ਅਤੇ ਦੋਹਾਂ ਵਾਕਾਂ ਵਿੱਚ ਹਿੰਦੂ ਮੱਤ ਦੀ ਦੇਵੀ ਪਾਰਬਤੀ ਅੱਗੇ ਸਹਾਈ ਹੋਣ ਦੀ ਬੇਨਤੀ ਹੈ। ਭਗਵਤੀ ਅਤੇ ਭਗਉਤੀ ਦਾ ਅਰਥ ਕਿਸੇ ਵੀ ਸੂਰਤ ਵਿੱਚ ਕਰਤਾ ਪੁਰਖ/ ਅਕਾਲ ਪੁਰਖ ਨਹੀਂ ਹੈ ਅਤੇ ਨਾ ਹੀ ਅਜਿਹਾ ਅਰਥ ਕਰਨਾ ਸਿੱਖੀ ਵਿਚਾਰਧਾਰਾ ਵਿੱਚ ਪ੍ਰਵਾਨ ਹੈ। ਜੇ ਕੋਈ ਅਜਿਹਾ ਅਰਥ ਕਰ ਕੇ ਸੁਣਾਉਂਦਾ ਵੀ ਹੈ ਤਾਂ ਉਹ ਬਿੱਪਰਵਾਧੀ ਵਿਚਾਰਧਾਰਾ ਨੂੰ ਸਿੱਖੀ ਵਿੱਚ ਘੁਸਪੈਠ ਕਰਨ ਦਾ ਰਾਹ ਹੀ ਖੋਲ੍ਹਦਾ ਹੈ। ਹੇਠਾਂ ਕੁੱਝ ਪ੍ਰਮਾਣ ਦਿੱਤੇ ਗਏ ਹਨ ਜੋ ਸਮੇਂ ਦੀ ਗਤੀ ਨਾਲ਼ ‘ਵ’ ਤੋਂ ‘ੳ’ ਬਦਲ ਜਾਣ ਦੀ ਪੁਸ਼ਟੀ ਕਰਦੇ ਹਨ ਅਤੇ ਜਿਨ੍ਹਾਂ ਦੇ ਅਰਥ ਇਸ ਤਬਦੀਲੀ ਕਾਰਨ ਨਹੀਂ ਬਦਲਦੇ।




**ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਤਬਦੀਲੀ ਦੇ ਦਿੱਤੇ ਇਨ੍ਹਾਂ ਪ੍ਰਮਾਣਾਂ ਵਿੱਚੋਂ ਕਈ ਪ੍ਰਮਾਣ ਮਿਲ਼ਦੇ ਹਨ-**

ਅਵਗੁਣ ਤੋਂ ਅਉਗਣ, ਅਵਤਾਰ ਤੋਂ ਅਉਤਾਰ, ਅਵਸਰ ਤੋਂ ਅਉਸਰ, ਪਵਨ ਤੋਂ ਪਉਣ, ਪੜਾਵ ਤੋਂ ਪੜਾਉ, ਬਚਾਵ ਤੋਂ ਬਚਾਉ, ਝੁਕਾਵ ਤੋਂ ਝੁਕਾਉ, ਬਹਾਵ ਤੋਂ ਬਹਾਉ, ਸੱਭਾਵ ਤੋਂ ਸੁਭਾਉ, ਪੁਲਾਵ ਤੋਂ ਪੁਲਾਉ, ਦਬਾਵ ਤੋਂ ਦਬਾਉ, ਪ੍ਰਭਾਵ ਤੋਂ ਪ੍ਰਭਾਉ, ਦੇਵਰਾਨੀ ਤੋਂ ਦਿਉਰਾਣੀ, ਦੇਵ ਤੋਂ ਦੇਉ, ਕੇਵੜਾ ਤੋਂ ਕਿਉੜਾ, ਰੇਵੜੀ ਤੋਂ ਰਿਉੜੀ, ਆਵਣਗੇ ਤੋਂ ਆਉਣਗੇ, ਗਾਂਵ ਤੋਂ ਗਾਉਂ, ਰਾਵ ਤੋਂ ਰਾਉ, ਗਾਂਵਦਾ ਤੋਂ ਗਾਉਂਦਾ, ਉਠਾਵ ਤੋਂ ਉਠਾਉ, ਅਵਖਦ ਤੋਂ ਅਉਖਦ, ਅਵਰਿਆ ਤੋਂ ਅਉਤਰਿਆ, ਵਰਤਾਵ ਤੋਂ ਵਰਤਾਉ ਆਦਿਕ।

ਹੇਠਾਂ ਦੇਖੋ ਮਾਰਕੰਡੇ ਪੁਰਾਣ ਵਿੱਚੋਂ ਪੰਨਾ 202 ਦੀ ਫੋਟੋ ਕਾਪੀ ਜਿਸ ਵਿੱਚ ਦੁਰਗਾ ਦੇਵੀ ਨੂੰ ਭਗਵਤੀ (ਪੰਜਾਬੀ

ਵਿੱਚ ਭਗਉਤੀ) ਕਰ ਕੇ ਲਿਖਿਆ ਗਿਆ ਹੈ।'ਭਗਉਤੀ' ਸ਼ਬਦ ਦਾ ਅਰਥ ਅਕਾਲਪੁਰਖ ਕਰਨ ਵਾਲ਼ਿਆਂ ਦਾ ਪਾਖੰਡ ਅਤੇ ਅਗਿਆਨ ਦੂਰ ਕਰਨ ਲਈ ਇਹ ਸਬੂਤ ਕਾਫੀ ਹੈ। ਸੰਸਕ੍ਰਿਤ ਵਿੱਚ ਲਿਖੀ ਕਵਿਤਾ ਵਿੱਚ ਕਵੀ ਨੇ ਦੇਵੀ ਨੂੰ 'ਭਗਵਯਾ' ਲਿਖਿਆ ਹੈ ਅਤੇ ਅਰਥਾਂ ਵਿੱਚ 'ਭਗਵਤੀ' ਦੇਵੀ ਲਿਖਿਆ ਹੈ।

२०२ • संक्षिप्त मार्कण्डेयपुराण •

हृदयमें कृपा और युद्धमें निष्ठुरता—ये दोनों बातें तीनों लोकोंके भीतर केवल आपमें ही देखी गयी हैं॥ २२॥ मातः! आपने शत्रुओंका नाश करके इस समस्त त्रिलोकीकी रक्षा की है। उन शत्रुओंको भी युद्धभूमिमें मारकर स्वर्गलोकमें पहुँचाया है तथा उन्मत्त दैत्योंसे प्राप्त होनेवाले हमलोगोंके भयको भी दूर कर दिया है, आपको हमारा नमस्कार है॥ २३॥ देवि! आप शूलसे हमारी रक्षा करें। अम्बिके! खड्गसे भी हमारी रक्षा करें तथा घण्टाकी ध्वनि और धनुषकी टंकारसे भी आप हमलोगोंकी रक्षा करें॥ २४॥ चण्डिके! पूर्व, पश्चिम और दक्षिण दिशामें आप हमारी रक्षा करें तथा ईश्वरि! अपने त्रिशूलको घुमाकर आप उत्तर दिशामें भी हमारी रक्षा करें॥ २५॥ तीनों लोकोंमें आपके जो परम सुन्दर एवं अत्यन्त भयङ्कर रूप विचरते रहते हैं, उनके द्वारा भी आप हमारी तथा इस भूलोककी रक्षा करें॥ २६॥ अम्बिके! आपके कर पल्लवोंमें शोभा पानेवाले खड्ग, शूल और गदा आदि जो जो अस्त्र हों, उन सबके द्वारा आप सब ओरसे हमलोगोंकी रक्षा करें॥ २७॥

*ऋषिरुवाच॥ २८॥*

**एवं स्तुता सुरैर्दिव्यैः कुसुमैर्नन्दनोद्भवैः।**
**अर्चिता जगतां धात्री तथा गन्धानुलेपनैः॥ २९॥**
**भक्त्या समस्तैस्त्रिदशैर्दिव्यैर्धूपैस्तु[1] धूपिता।**
**प्राह प्रसादसुमुखी समस्तान् प्रणतान् सुरान्॥ ३०॥**

**ऋषि कहते हैं**—॥ २८॥ इस प्रकार जब देवताओंने जगन्माता दुर्गाकी स्तुति की और नन्दनवनके दिव्य पुष्पों एवं गन्ध-चन्दन आदिके द्वारा उनका पूजन किया, फिर सबने मिलकर जब भक्तिपूर्वक दिव्य धूपोंकी सुगन्ध निवेदन की, तब देवीने प्रसन्नवदन होकर प्रणाम करते हुए सब देवताओंसे कहा—॥ २९-३०॥

*देव्युवाच॥ ३१॥*

**व्रियतां त्रिदशाः सर्वे यदस्मत्तोऽभिवाञ्छितम्[2]॥ ३२॥**

**देवी बोलीं**—॥ ३१॥ देवताओ! तुम सब लोग मुझसे जिस वस्तुकी अभिलाषा रखते हो, उसे माँगो॥ ३२॥

*देवा ऊचुः॥ ३३॥*

**भगवत्या कृतं सर्वं न किंचिदवशिष्यते॥ ३४॥**
**यदयं निहतः शत्रुरस्माकं महिषासुरः।**
**यदि चापि वरो देयस्त्वयास्माकं महेश्वरि॥ ३५॥**
**संस्मृता संस्मृता त्वं नो हिंसेथाः परमापदः।**
**यश्च मर्त्यः स्तवैरेभिस्त्वां स्तोष्यत्यमलानने॥ ३६॥**
**तस्य वित्तर्द्धिविभवैर्धनदारादिसम्पदाम्।**
**वृद्धयेऽस्मत्प्रसन्ना त्वं भवेथाः सर्वदाम्बिके॥ ३७॥**

**देवता बोले**—॥ ३३॥ भगवतीने हमारी सब इच्छा पूर्ण कर दी, अब कुछ भी बाकी नहीं है॥ ३४॥ क्योंकि हमारा यह शत्रु महिषासुर मारा गया। महेश्वरि! इतनेपर भी यदि आप हमें और वर देना चाहती हैं॥ ३५॥ तो हम जब-जब आपका स्मरण करें, तब-तब आप दर्शन देकर हमलोगोंके महान् संकट दूर कर दिया करें तथा प्रसन्नमुखी अम्बिके! जो मनुष्य इन स्तोत्रोंद्वारा आपकी स्तुति करे, उसे वित्त, समृद्धि और वैभव देनेके साथ ही उसकी धन और स्त्री आदि सम्पत्तिको भी बढ़ानेके लिये आप सदा हमपर प्रसन्न रहें॥ ३६-३७॥

१. पा०—पैः सुधूपिता। २. मार्कण्डेयपुराणकी आधुनिक प्रतियोंमें—'ददाम्यहमतिप्रीत्या स्तवैरेभिः सुपूजिता।'— इतना पाठ अधिक है। किसी-किसी प्रतिमें—'कर्तव्यमपरं यच्च दुष्करं तन्न विद्महे। इत्याकर्ण्य वचो देव्याः प्रत्यूचुस्ते दिवौकसः॥'—इतना और अधिक पाठ है।

# ਇੱਕ ਔਰਤ ਹੈ ਭਗਉਤੀ ਦਸਮ ਗ੍ਰੰਥ ਵਿੱਚ !

'ਪ੍ਰਿਥਮ ਭਗਉਤੀ ਸਿਮਰ ਕੈ' ਪਉੜੀ ਵਿੱਚ 'ਭਗਉਤੀ' ਸ਼ਬਦ ਦੇ ਅਰਥ ਕਰਨ ਲੱਗੇ ਬਹੁਤ ਸਾਰੇ ਸਿੱਖ ਵਿਦਵਾਨ ਅਤੇ ਪ੍ਰਚਾਰਕ ਉਕਾਈ ਅਤੇ ਧੋਖਾ ਖਾ ਗਏ ਹਨ। 'ਭਗਉਤੀ' ਸ਼ਬਦ ਪੁਲਿੰਗ ਹੈ ਕਿ ਇਸਤਰੀ ਲਿੰਗ?

ਇਸ ਰਮਜ਼ ਨੂੰ ਸਮਝਣ ਵਾਸਤੇ ਦਸ਼ਮ ਗ੍ਰੰਥ ਨੂੰ ਖੰਘਾਲਣਾ ਪਵੇਗਾ। 'ਦੇਹੁ ਸ਼ਿਵਾ ਬਰ' ਵਾਲ਼ੀ ਰਚਨਾ ਵਿੱਚ 'ਸ਼ਿਵਾ' ਸ਼ਬਦ ਇੱਕ ਮਰਦ ਲਈ ਹੈ ਕਿ ਔਰਤ ਲਈ? 'ਸ਼ਿਵਾ' ਸ਼ਬਦ ਇਸਤ੍ਰੀ ਲਿੰਗ ਹੈ ਜਿਸ ਦਾ ਅਰਥ 'ਪਾਰਬਤੀ' ਹੈ। 'ਭਗਉਤੀ' ਸ਼ਬਦ ਵੀ ਦਸ਼ਮ ਗ੍ਰੰਥ ਵਿੱਚ ਇਸਤ੍ਰੀ ਲਿੰਗ ਵਜੋਂ ਵਰਤਿਆ ਗਿਆ ਹੈ। ਜੇ ਇਹ ਸਬਦ ਇਸਤ੍ਰੀ ਲਿੰਗ ਹੈ ਤਾਂ ਇਸ ਦਾ ਅਰਥ, ਅਕਾਲਪੁਰਖ, ਕਰਨ ਵਾਲ਼ੇ ਸਿੱਖ ਦੁਬਾਰਾ ਜ਼ਰੂਰ ਸੋਚਨ, ਕਿਉਂਕਿ ਅਕਾਲ ਪੁਰਖ ਇਸਤ੍ਰੀ ਲਿੰਗ ਨਹੀਂ ਹੈ। ਦਸ਼ਮ ਗ੍ਰੰਥ ਵਿੱਚੋਂ 'ਭਗਉਤੀ' ਸ਼ਬਦ ਦੇ ਇਸਤ੍ਰੀ ਲਿੰਗ ਹੋਣ ਦੇ ਸਬੂਤ ਦੇਣ ਦੀ ਹੇਠਾਂ ਕੋਸ਼ਿਸ਼ ਕੀਤੀ ਗਈ ਹੈ:–

**ਭਗਉਤੀ ਉਸਤਤ ਵਿੱਚ ਲਿਖੇ ਗਏ 48 ਬੰਦ,**

**(ਪੰਨਾ ਦਸ਼ਮ ਗ੍ਰੰਥ 809)**

ਭਗਉਤੀ ਉਸਤਤ ਵਿੱਚ ਲਿਖੇ 48 ਬੰਦਾਂ ਦਾ ਸਿਰਲੇਖ ਹੈ 'ਸ੍ਰੀ ਭਗਉਤੀ ਏ ਨਮ'। ਪ੍ਰਚੱਲਤ ਗ੍ਰੰਥ ਵਿੱਚ 'ਸ੍ਰੀ ਭਗਉਤੀ ਜੀ ਸਹਾਇ' ਲਿਖਿਆ ਹੈ ਇਸੇ ਭਗਉਤੀ ਨੂੰ ਲਿਖਾਰੀ ਨੇ ਚੰਡੀ ਦਾ ਨਾਂ ਵੀ ਦਿੱਤਾ ਹੈ, ਕਿਉਂਕਿ ਉਹ ਚੰਡੀ ਦਾ ਚਰਿੱਤ੍ਰ ਲਿਖਦਾ ਹੈ ਜੋ ਚਰਿਤ੍ਰੋ ਪਾਖਯਾਨ ਦਾ ਪਹਿਲਾ ਚਰਿਤ੍ਰ ਹੈ। ਲਿਖਾਰੀ ਨੇ ਭਗਉਤੀ ਨੂੰ ਆਪਿ ਹੀ, ਤ੍ਰਿਅ ਚਰਿਤ੍ਰਾਂ ਵਿੱਚ, ਚੰਡੀ ਨਾਂ ਦੀ ਔਰਤ (ਤ੍ਰਿਅ) ਮੰਨਿਆਂ ਹੈ, ਅਕਾਲ ਪੁਰਖ ਨਹੀਂ, ਜਿਵੇਂ ਚਰਿਤ੍ਰ ਦੇ ਅੰਤ ਉੱਤੇ ਲਿਖਾਰੀ ਲਿਖਦਾ ਹੈ– ਇਤਿ ਸ੍ਰੀ ਚਰਿਤ੍ਰ ਪਖਯਾਨੇ ਚੰਡੀ ਚਰਿਤ੍ਰੇ ਪ੍ਰਥਮ ਧਿਆਇ ਸਮਾਪਤਮ ਸਤੁ ਸੁਭਮ ਸਤੁ।1।48। ਅਫਜੂੰ। ਜਿਸ ਭਗਉਤੀ ਨੂੰ ਉਹ ਨਮਸਕਾਰ ਕਰਦਾ ਹੈ ਉਸ ਨੂੰ ਤ੍ਰਿਅ (ਚੰਡੀ) ਮੰਨ ਕੇ ਓਸੇ ਦਾ ਚਰਿਤ੍ਰ ਲਿਖਦਾ ਹੈ।

**ਭਗਉਤੀ ਵਾਸਤੇ ਵਰਤੇ ਇਸਤ੍ਰੀ ਲਿੰਗ ਸ਼ਬਦਾਂ ਦੀ ਵਰਤੋਂ ਦੇਖੋ:-**

1. **ਠਾਢੀ-** ਖੜੀ। ਭਗਉਤੀ ਖੜੀ ਹੈ, ਭਗਉਤੀ ਖੜਾ ਨਹੀਂ।

ਨਿਹਾਰੌ ਜਹਾਂ ਆਪ ਠਾਢੀ ਵਹੀ ਹੈਂ।1।

**ਅਰਥ** :- ਜਿੱਥੇ ਦੇਖਦੇ ਹਾਂ ਓਥੇ ਤੂੰ ਹੀ ਖੜੀ ਹੈਂ।

2. **ਅਵਤਰੀ-** ਜਨਮ ਲਿਆ। ਭਗਉਤੀ ਅਵਤਰੀ ਹੈ,




ਅਵਤਰਿਆ ਨਹੀਂ।

ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸ਼ਟਿ ਮਾਂਹੀ।3।

3. **ਰਾਨੀ।** ਭਗਉਤੀ 14 ਲੋਕਾਂ ਦੀ ਰਾਨੀ ਹੈ ਰਾਣਾ ਨਹੀਂ।

ਤੁਹੀ ਚੌਦਹੂੰ ਲੋਕ ਕੀ ਆਪੁ ਰਾਨੀ।7।

4. **ਕੇਸਰੀ ਬਾਹਨੀ।** ਭਗਉਤੀ ਸ਼ੇਰ ਦੀ ਅਸਵਾਰੀ ਕਰਦੀ ਹੈ, ਕਰਦਾ ਨਹੀਂ। ਚੰਡੀ ਚਰਿੱਤ੍ਰਾਂ ਅਤੇ ਵਾਰ ਦੁਰਗਾ ਕੀ ਵਿੱਚ ਇਹੀ ਭਗਉਤੀ/ਚੰਡੀ ਸ਼ੇਰ ਦੀ ਅਸਵਾਰੀ ਕਰਦੀ ਲੜਦੀ ਹੈ।

ਤੁਹੀ ਕੇਸਰੀ ਬਾਹਨੀ ਕੈ ਕਹਾਈ।8।

5. ਭਗਉਤੀ ਹੀ ਜਯੰਤੀ, ਕਾਲ਼ੀ,

ਕਪਾਲਨਿ ਅਤੇ ਭੱਦ੍ਰਕਾਲੀ ਹੈ।

ਜਯੰਤੀ ਤੁਹੀ ਮੰਗਲਾ ਰੂਪ ਕਾਲੀ।

ਕਪਾਲਨਿ ਤੁਹੀ ਹੈ ਤੁਹੀ ਭਦ੍ਰਕਾਲੀ।

**ਅਰਥ** :- ਹੇ ਭਗਉਤੀ ! ਤੂੰ ਹੀ ਜਯੰਤੀ, ਮੰਗਲਾ, ਕਾਲੀ, ਖੋਪਰੀਆਂ ਗਲ਼ ਵਿੱਚ ਪਉਣ ਵਾਲ਼ੀ ਅਤੇ ਭਦ੍ਰਕਾਲੀ ਦੇਵੀ ਹੈਂ।

6. ਦੁਰਗਾ ਅਤੇ ਸ਼ਿਵਾ ਵੀ ਭਗਉਤੀ ਹੀ ਹੈ।

ਦੁਰਗਾ ਤੂੰ ਛਿਮਾ ਤੂੰ ਸ਼ਿਵਾ ਰੂਪ ਤੇਰੋ ।12। 'ਦੇਹੁ ਸ਼ਿਵਾ ਬਰ' ਵਾਲ਼ੀ ਕਵਿਤਾ ਵਿੱਚ ਭਗਉਤੀ ਦਾ ਨਾਂ ਹੀ ਸ਼ਿਵਾ ਹੈ, ਸ਼ਿਵਾ ਕੋਈ ਅਕਾਲ ਪੁਰਖ ਨਹੀਂ। ਲਿਖਾਰੀ ਨੇ ਭਗਉਤੀ ਦੇਵੀ ਤੋਂ ਹੀ ਬਰ ਮੰਗਿਆ ਹੈ।

7. ਔਤਰੇਗੀ-ਜਨਮ ਲਵੇਗੀ। ਭਗਉਤੀ ਔਤਰੇਗੀ, ਔਤਰੇਗਾ ਨਹੀਂ ਲਿਖਿਆ। ਭਗਉਤੀ ਇਸਤਰੀ ਹੀ ਹੈ।

ਤੁਹੀ ਨੰਦ ਕੇ ਧਾਮ ਮੇ ਔਤਰੈਗੀ ।14।

**ਅਰਥ**:- ਹੇ ਭਗਉਤੀ, ਤੂੰ ਹੀ ਕ੍ਰਿਸ਼ਨ ਹੋ ਕੇ ਜਨਮ ਲੈਣ ਵਾਲੀ ਹੈਂ।

8. ਭਗਉਤੀ ਮੱਈਆ ਹੈ, ਇਸਤ੍ਰੀ ਹੈ।

ਮੱਯਾ ਜਾਨਿ ਚੇਰੋ ਮਯਾ ਮੋਹਿ ਕੀਜੈ ।16।

9. ਭਗਉਤੀ ਹੀ ਚੰਡਿਕਾ ਹੈ।

ਚੜ੍ਹੀ ਚੰਡਿਕਾ ਚੰਡ ਹ੍ਵੈ ਤਪਤ ਤਾਂਬ੍ਰ ਸੇ ਨੈਨ ।30।

**ਅਰਥ** :- ਭਗਉਤੀ ਚੰਡੀ ਹੋ ਕੇ ਚੜ੍ਹ ਪਈ। ਉਸ ਦੇ ਨੈਣ tambe ਦੀ ਤਰ੍ਹਾਂ ਲਾਲ ਸਨ।

10. ਭਗਉਤੀ ਸ਼ਰਾਬ ਪੀਂਦੀ ਹੈ, ਅਟਪਟਾ ਬੋਲਦੀ ਹੈ।

ਮੱਤ ਭਈ ਮਦਰਾ ਭਏ ਬਕਤ ਅਟਪਟੇ ਬੈਨ ।30। ਮਦਰਾ-ਸ਼ਰਾਬ।

11. ਧਸੀ ਰਨ ਮੈ। ਭਗਉਤੀ 'ਧਸੀ' ਹੈ 'ਧਸਿਆ' ਨਹੀਂ। ਭਗਉਤੀ ਇਸਤ੍ਰੀ ਹੈ। ਤਰਵਾਰਿ ਸੰਭਾਰਿ ਮਹਾਂ ਬਲ ਧਾਰਿ ਧਵਾਇਕੈ ਸਿੰਘ ਧਸੀ ਰਨ ਮੈ ।31। ਸਿੰਘ- ਸ਼ੇਰ। ਧਸੀ ਧਸ ਗਈ, ਵੜ ਗਈ। ਭਗਉਤੀ ਰਣ ਵਿੱਚ ਵੜ ਗਈ।

12. ਭਗਉਤੀ ਹੀ ਭਗਵਤੀ ਹੈ ('ਵ' ਅਤੇ 'ੳ' ਦੀ ਪ੍ਰਸਪਰ ਬਦਲੀ ਹੈ ਜਿਵੇਂ ਉਪਾਵ ਤੋਂ ਉਪਾਉ, ਘਾਵ ਤੋਂ ਘਾਉ, ਥਾਵ ਤੋਂ ਥਾਉ, ਨਾਵ ਤੋਂ ਨਾਉ, ਗਾਂਵ ਤੋਂ ਗਾਂਉ ਸ਼ਬਦ ਬਣੇ ਪਰ ਅਰਥ ਨਹੀਂ ਬਦਲੇ)। ਭਗਉਤੀ/ਭਗਵਤੀ ਅਕਾਲ ਪੁਰਖ ਨਹੀਂ।

ਪ੍ਰਥਮ ਧਿਆਇ ਸ੍ਰੀ ਭਗਵਤੀ ਬਰਨੌਂ ਤ੍ਰਿਅ ਪ੍ਰਸੰਗ। ਭਗਵਤੀ/ਭਗਉਤੀ ਦੇਹਧਾਰੀ ਦੇਵੀ ਦਾ ਪੁਜਾਰੀ ਕਵੀ ਤੀਵੀਆਂ ਦੇ ਅਸ਼ਲੀਲ ਚਰਿੱਤ੍ਰ ਲਿਖਣ ਤੋਂ ਪਹਿਲਾਂ ਦੇਵੀ ਨੂੰ ਯਾਦ ਕਰਦਾ ਹੈ।

ਉਪਰੋਕਤ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ ਦਸ਼ਮ ਗ੍ਰੰਥ ਵਿੱਚ ਭਗਉਤੀ ਇੱਕ ਇਸਤ੍ਰੀ ਪਾਰਬਤੀ ਸ਼ਿਵ ਜੀ ਦੀ ਪਤਨੀ ਹੈ।

ਵਾਰ ਦੁਰਗਾ ਕੀ ਦਾ ਸਿਰਲੇਖ ਬਦਲ ਕੇ ਵਾਰ ਸ੍ਰੀ ਭਗਉਤੀ ਜੀ ਕੀ ਲਿਖਣਾ ਵੀ ਇਸ ਗੱਲ ਦਾ ਸਬੂਤ ਹੈ ਕੀ ਭਗਉਤੀ ਅਤੇ ਦੁਰਗਾ ਪਾਰਬਤੀ ਦੇ ਹੀ ਨਾਂ ਹਨ ਕਿਉਂਕਿ ਪਾਰਬਤੀ ਹੀ ਦੁਰਗਾ ਰੂਪ ਬਣ ਕੇ ਦੈਂਤਾਂ ਨਾਲ ਯੁੱਧ ਕਰਦੀ ਹੈ।

**ਨੋਟ 1: ਪ੍ਰਥਮ ਧਿਆਇ ਸ੍ਰੀ ਭਗਵਤੀ ਬਰਨੌਂ ਤ੍ਰਿਅ ਪ੍ਰਸੰਗ। ਅਤੇ ਵਾਰ ਦੁਰਗਾ ਕੀ ਵਿੱਚ ਲਿਖਿਆ- 'ਪ੍ਰਿਥਮ ਭਗਉਤੀ ਸਿਮਰ ਕੈ'** ਨੂੰ ਟਕਰਾਈਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਭਗਉਤੀ ਅਤੇ ਭਗਵਤੀ ਦੋ ਵੱਖਰੀਆਂ ਹਸਤੀਆਂ ਨਹੀਂ ਸਗੋਂ ਇਕੋ ਪਾਰਬਤੀ ਦੇ ਵੱਖ-ਵੱਖ ਨਾਂ ਹਨ।

**ਨੋਟ 2**: ਕੁੱਝ ਰਾਗੀ ਜਥਿਆਂ ਨੂੰ ਕੀਰਤਨ ਵਿੱਚ ਰਚਨਾਵਾਂ ਪੜ੍ਹਨ ਤੋਂ ਪਹਿਲਾਂ ਉਨ੍ਹਾਂ ਦੇ ਸ੍ਰੋਤਾਂ ਵਲ ਝਾਤੀ ਮਾਰਨ ਲਈ ਬਿਬੇਕ ਦਾਨ ਨੂੰ ਵਰਤਣ ਦੀ ਲੋੜ ਹੈ, ਭਾਵੇਂ ਬਿਬੇਕ ਦਾਨ ਮੰਗਿਆ ਤਾਂ ਰੋਜ਼ ਹੀ ਜਾਂਦਾ ਹੈ। ਅਜਿਹੇ ਰਾਗੀ ਜਥੇ ਭਗਉਤੀ ਜਾਂ ਗਵਤੀ ਦੀ ਕਵੀ ਵਲੋਂ ਲਿਖੀ ਸਿਫ਼ਤਿ ਨੂੰ ਧੱਕੇ ਨਾਲ਼ ਹੀ ਅਕਾਲਪੁਰਖ ਦੀ ਸਿਫ਼ਤਿ ਮੰਨ ਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਕਰਦੇ ਹੋਏ ਭਗਉਤੀ ਦੇਵੀ ਕਾਲ਼ੀ ਦੀ ਸਿਫ਼ਤਿ ਵਾਲ਼ੀਆਂ **ਹੇਠ ਲਿਖੀਆਂ ਰਚਨਾਵਾਂ ਅਕਸਰ ਪੜ੍ਹਦੇ ਹਨ ਜਿਸ ਨਾਲ਼ ਦਸਵੇਂ ਗੁਰੂ ਜੀ ਦੀ ਵੀ ਨਿਰਾਦਰੀ ਕਰਨ ਦੇ ਉਹ ਭਾਗੀ ਬਣਦੇ ਹਨ**:-

**ਭਗਉਤੀ ਦੇਵੀ ਦੀਆਂ ਸਿਫ਼ਤਾਂ-**

ਮੂਕ ਉਚਰੈ ਸ਼ਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ। ਅੰਧ ਲਖੈ ਬਧਰੋ ਸੁਨੈ ਜੌ ਤੁਮ (ਹੇ ਭਗਉਤੀ ਦੇਵੀ ਜੀ) ਕਰੋ ਸਹਾਇ।43। (ਮੂਕ- ਗੂੰਗਾ। ਖਟ- ਛੇ। ਗਿਰਨ- ਪਰਬਤ। ਬਧਰੋ- ਬੋਲ਼ਾ।)

ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੌਂ। ਭੂਲ ਛਿਮਾ ਹਮਰੀ ਪ੍ਰਭੁ ਆਪੁਨ ਭੂਲਨਹਾਰ ਕਹੂੰ ਕੋਊ ਮੋ ਸੌਂ।

ਸੇਵ ਕਰੀ ਤੁਮਰੀ ਤਿਨ ਕੇ ਛਿਨ ਮੇ ਧਨ ਲਾਗਤ ਧਾਮ। ਰੋਸੌਂ। ਯਾ ਕਲਿ ਮੈ ਸਭ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੌਂ ।47।

**ਅਰਥ** :- ਹੇ ਦੇਵੀ ਭਗਉਤੀ ! ਤੂੰ ਮੈਨੂੰ ਤਿਨਕੇ ਤੋਂ ਪਹਾੜ ਬਣਾਇਆ ਹੈ। ਤੂੰ ਰੀਬ ਨਿਵਾਜ਼ ਹੈਂ। ਮੇਰੀ ਗ਼ਲਤੀ ਦੇਵੀ ਜੀ

ਮੁਆਫ਼ ਕਰ ਦੇਵੀਂ। ਤੇਰੇ ਸੇਵਕਾਂ ਦੇ ਘਰ ਤੂੰ ਧਨ ਨਾਲ਼ ਭਰਦੀ ਹੈਂ। ਹੇ ਕਾਲ਼ੀ ਦੇਵੀ ਭਗਵਤੀ ! ਇਸ ਕਲ਼ਯੁਗ ਵਿੱਚ ਮੈਨੂੰ ਤੇਰੀ ਪਹਿਨੀ ਕਿਰਪਾਨ ਅਤੇ ਤੇਰੀਆਂ ਭਾਰੀ ਬਾਹਾਂ ਦਾ ਭਰੋਸਾ ਤੇ ਸਹਾਰਾ ਹੈ। ਉਪਰੋਕਤ ਰਚਨਾਵਾਂ ਇਸ ਦੀ ਸਿਫ਼ਤ ਵਿੱਚ ਹਨ?

ਪੜ੍ਹੋ ਹੇਠ ਲਿਖਿਆ ਵਾਕ –

**ਇਤਿ ਸ੍ਰੀ ਚਰਿੱਤ੍ਰ ਪਖਯਾਨੇ ਚੰਡੀ (ਦੇਵੀ, ਇਸਤ੍ਰੀ) ਚਰਿਤ੍ਰੇ ਪ੍ਰਥਮ ਧਿਆਇ ਸਮਾਪਤਮ ਸਤੁ ਸੁਭਮ ਸਤੁ ।48 ।1 ।**

**(ਪੰਨਾ ਦਸ਼ਮ ਗ੍ਰੰਥ 813)**

# ਦਸਮ ਗ੍ਰੰਥ ਕਿਵੇਂ ਬਣਿਆ ?

**1. ਗੁਰਮਤ ਗ੍ਰੰਥ ਪਰਚਾਰਕ ਸਭਾ ਅਮ੍ਰਿਤਸਰ ਬਣੀ:**

**ਗਿਆਨੀ ਸਰਦੂਲ ਸਿੰਘ ਨੇ 8 ਅਪ੍ਰੈਲ ਸੰਨ 1885 ਨੂੰ ਉਪਰੋਕਤ ਸਭਾ ਦੀ ਸਥਾਪਨਾ ਕੀਤੀ ਤਾਂ ਜੁ ਅਪਣੇ ਪਿਤਾ ਗਿਆਨੀ ਗਿਆਨ ਸਿੰਘ (ਮੌਤ 30 ਮਾਰਚ ਸੰਨ 1884) ਦੇ ਆਰੰਭੇ ਕਾਰਜ ਅੱਗੇ ਤੋਰੇ ਜਾ ਸਕਣ। ਸ. ਆਗਿਆ ਸਿੰਘ ਹਕੀਮ ਨੂੰ ਸਭਾ ਦਾ ਸਕੱਤ੍ਰ ਚੁਣਿਆਂ ਗਿਆ ਜਿਸ ਦੀ ਮੌਤ( ਅਪ੍ਰੈਲ ਸੰਨ 1887) ਉਪਰੰਤ ਉਸ ਦੇ ਪੁੱਤਰ ਸ. ਮੰਨਾਂ ਸਿੰਘ ਹਕੀਮ ਸਭਾ ਦੇ ਸਕੱਤ੍ਰ ਬਣੇ।**

**2. ਗਿਆਨੀ ਗਿਆਨ ਸਿੰਘ ਕੌਣ ਸੀ?**

**ਖੇਮ ਸਿੰਘ ਬੇਦੀ ਨੇ ਸਿੰਘ ਸਭਾ ਅੰਮ੍ਰਿਤਸਰ ਸੰਨ 1873 ਵਿੱਚ ਬਣਾਈ ਸੀ ਜਿਸ ਦਾ ਸਕੱਤ੍ਰ ਗਿਆਨੀ ਗਿਆਨ ਸਿੰਘ ਸੀ। ਖੇਮ ਸਿੰਘ ਬੇਦੀ ਬ੍ਰਾਹਮਣਵਾਦ ਦਾ ਪ੍ਰਚਾਰ ਕਰਨ ਵਿੱਚ ਤੱਤਪਰ ਸੀ ਅਤੇ ਉਹ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਗਦੇਲਾ ਲਾ ਕੇ ਬੈਠਦਾ ਸੀ ਜਿਸ ਕਾਰਣ ਇਸ ਦੀ ਸਭਾ ਦਾ ਨਾਂ ਹੀ ਗਦੇਲਾ ਪਾਰਟੀ ਪੈ ਗਿਆ ਸੀ ਉਹ ਅਪਨੇ ਉਤੇ ਚਵਰ ਵੀ ਕਰਵਾਉਂਦਾ ਸੀ !**

**3. ਪ੍ਰਚਾਰਕ ਸਭਾ ਵਲੋਂ ਛਾਪੀਆਂ ਪੁਸਤਕਾਂ:**

**ਗੁਰਸਿੱਖਾਂ ਦੇ ਨਿੱਤ ਦੇ ਕਰਮ। ਇਸ ਪੁਸਤਕ 'ਸਿੱਖ ਧਰਮ ਸ਼ਾਸਤ੍ਰ' ਨਾਮੀ ਪੁਸਤਕ ਦੇ ਆਧਾਰ ਤੇ ਲਿਖੀ ਗਈ, ਸਦ ਸਿਧਾਂਤ, ਗੁਰਮਤ ਸਿਧਾਂਤ, ਥਿੱਤਾਂ ਵਾਰ ਬਾਰਾਂਮਾਹ, ਸੁਧਾਸਰ ਸਤਕ ਪਚੀਸਾ , ਯਾਤਰਾ ਹਜ਼ੂਰ ਸਾਹਿਬ , ਗੁਰ ਬਿਲਾਸ ਦਸਮ ਪਾਤਿਸ਼ਾਹ ਕਾ, ਆਦਿਕ।**

**4. ਦਸ਼ਮ ਗ੍ਰੰਥ ਤਿਆਰ ਕਰਨਾ:**

**ੳ. ਅੰਮ੍ਰਿਤਸਰ ਸਿੰਘ ਸਭਾ ਦੇ ਕਰਤਾ ਧਰਤਾ ਭਾਈ ਖੇਮ ਸਿੰਘ ਬੇਦੀ ਦੇ ਕਹਿਣ ਤੇ ਗੁਰਮਤ ਪ੍ਰਚਾਰਕ ਸਭਾ ਨੇ ਦਸ਼ਮ ਗ੍ਰੰਥ ਤਿਆਰ ਕਰਨ ਦਾ ਕੰਮ ਸ਼ੁਰੂ ਕੀਤਾ। ਵੱਖ-ਵੱਖ 32 ਪੁਸਤਕਾਂ ਇਕੱਠੀਆਂ ਕੀਤੀਆਂ ਗਈਆਂ। ਇਨ੍ਹਾਂ ਪਾਸਤਕਾਂ ਦੀਆਂ ਰਚਨਾਵਾਂ ਉਤੇ ਵਿਚਾਰ ਕਰਨ ਲਈ 13 ਜੂਨ ਸੰਨ 1895 ਅਤੇ 16 ਫਰਬਰੀ ਸੰਨ 1896 ਵਿਚਕਾਰ ਸ਼੍ਰੀ ਅਕਾਲ ਬੁੰਗੇ ਦੇ ਸਥਾਨ ਉਤੇ ਕਈ ਬੈਠਕਾਂ ਕੀਤੀਆਂ ਗਈਆਂ। ਇਨ੍ਹਾਂ ਬੈਠਕਾਂ ਵਿੱਚ ਕੌਣ ਕੌਣ ਸ਼ਾਮਲ ਹੋਏ ਇਹ ਸੂਚਨਾ ਨਹੀਂ ਮਿਲ਼ਦੀ।**

**ਅ. ਪਹਿਲੀ ਰੀਪੋਟ ਤਿਆਰ ਕੀਤੀ ਗਈ: ਇੱਕ ਰੀਪੋਟ ਤਿਆਰ ਕੀਤੀ ਗਈ ਜਿਸ ਦਾ ਨਾਂ 'ਰੀਪੋਟ ਸੋਧਕ ਕਮੇਟੀ ਦਸਵੇਂ ਪਾਤਿਸ਼ਾਹ ਦੇ ਗ੍ਰੰਥ ਸਾਹਿਬ ਕੀ' ਰੱਖਿਆ ਗਿਆ। ਇਹ ਰੀਪੋਟ ਕਿਹੜੇ ਸਿੱਖ ਵਿਦਵਾਨਾਂ ਜਾਂ ਸੰਸਥਾਵਾਂ ਨੂੰ ਭੇਜੀ ਗਈ ਅਤੇ ਉਨ੍ਹਾਂ ਨੇ ਆਪਣੀਆਂ ਕੀ ਟਿੱਪਣੀਆਂ ਕੀਤੀਆਂ ਇਸ ਦਾ ਕੋਈ ਵੇਰਵਾ ਨਹੀਂ ਮਿਲ਼ਿਆ, ਕੀ ਇਹ ਰਿਪੋਟ ਭੇਜੀ ਵੀ ਗਈ ਕੀ ਨਹੀਂ !**

**ੲ. ਦੂਜੀ ਰੀਪੋਟ ਬਣਾਈ ਗਈ: 11 ਫਰਬਰੀ ਸੰਨ 1898 ਨੂੰ ਪ੍ਰਚਾਰਕ ਸਭਾ ਵਲੋਂ ਦੂਜੀ ਰੀਪੋਟ ਤਿਆਰ ਕੀਤੀ ਗਈ। ਇਸ ਵਿੱਚ ਲਿਖਿਆ ਗਿਆ ਕਿ ਦਸ਼ਮ ਗ੍ਰੰਥ ਵਾਲ਼ੀਆਂ ਸਾਰੀਆਂ ਰਚਨਾਵਾਂ ਸੰਨ 1698 ਨੂੰ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਲਿਖਣੀਆਂ ਮੁਕੰਮਲ ਕੀਤੀਆਂ ਗਈਆਂ ਜਿਸ ਦਾ ਆਧਾਰ ਸਭਾ ਵਲੋਂ ਸ਼੍ਰੀ ਪਟਨਾ ਸਾਹਿਬ ਵਿੱਚ ਪਈ ਭਾਈ ਸੁੱਖਾ ਸਿੰਘ ਦੇ ਲਿਖੇ ਗ੍ਰੰਥ ਨੂੰ ਬਣਾਇਆ ਗਿਆ ਹੈ।**

**ਸ. ਪ੍ਰਚਾਰਕ ਸਭਾ ਦੀ ਹੋਂਦ ਖ਼ਤਮ ਹੋ ਗਈ: ਸੰਨ 1893 ਵਿੱਚ ਖ਼ਾਲਸਾ ਟ੍ਰੈਕਟ ਸੁਸਾਇਟੀ ਅਤੇ ਸੰਨ 1902 ਵਿੱਚ ਬਣੇ ਚੀਫ਼ ਖ਼ਾਲਸਾ ਦੀਵਾਨ ਦੀਆਂ ਕਾਰਵਾਈਆਂ ਵਧਣ ਨਾਲ਼ 'ਗੁਰਮਤ ਪ੍ਰਚਾਰਕ ਸਭਾ' ਦੀ ਪੁੱਛਗਿੱਛ ਨਾ ਰਹੀ।**

# ਹਿੰਦੂ ਅੰਨ੍ਹਾ ਤੁਰਕੂ ਕਾਣਾ, ਪਰ ਸਿੱਖ ਨੂੰ ਕੀ ਕਹੋਗੇ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਨਾਮ ਦੇਵ ਜੀ ਨੇ ਬਿਲਾਵਲ ਗੋਂਡ ਦੇ ਇੱਕ ਸ਼ਬਦ ਵਿੱਚ ਲਿਖਿਆ ਹੈ-

**ਹਿੰਦੂ ਅੰਨ੍ਹਾ ਤੁਰਕੂ ਕਾਣਾ॥**

**ਦੁਹਾਂ ਤੇ ਗਿਆਨੀ ਸਿਆਣਾ॥**

(**ਪੰਨਾ ਗਗਸ** 874)।

**ਹਿੰਦੂ ਕੌਣ ਹੈ?**

ਜੋ ਵੇਦਾਂ, ਸ਼ਾਸਤ੍ਰਾਂ, ਸਿਮ੍ਰਿਤੀਆਂ, ਉਪਨਿਸ਼ਦਾਂ, ਪੁਰਾਣਾਂ ਆਦਿਕ ਹਿੰਦੂ ਮੱਤ ਦੀਆਂ ਪੁਸਤਕਾਂ ਦੇ ਉਪਦੇਸ਼ ਨੂੰ ਮਨ, ਬਚਨ ਅਤੇ ਕਰਮ ਕਰਕੇ ਧਾਰਣ ਕਰਦਾ ਹੈ ਉਸ ਨੂੰ ਹਿੰਦੂ ਕਿਹਾ ਜਾਂਦਾ ਹੈ ਭਾਵੇਂ ਬਾਹਰੋਂ ਉਹ ਕਿਸੇ ਵੀ ਹੋਰ ਧਰਮ ਦਾ ਵਿਖਾਵਾ ਕਰਦਾ ਹੋਵੇ।

**ਧਾਰਮਿਕ ਤੌਰ ਤੇ ਅੰਨ੍ਹਾਂ ਕੌਣ ਹੁੰਦਾ ਹੈ?**

ਜਿਸ ਵਿਅਕਤੀ ਦੀਆਂ ਅੱਖਾਂ ਸੰਸਾਰ ਨੂੰ ਤਾਂ ਵੇਖ ਸਕਣ ਪਰ ਦੋ ਲੱਛਣ ਹੋਰ ਵੀ ਰਖਦਾ ਹੋਵੇ, ਉਸ ਨੂੰ ਭਗਤ ਨਾਮ ਦੇਵ ਜੀ ਨੇ ਅੰਨ੍ਹਾਂ ਕਿਹਾ ਹੈ।

**ਦੋ ਲੱਛਣ ਕੇਹੜੇ ਹਨ ਜਿਸ ਨਾਲ਼ ਵਿਅਕਤੀ ਦੋਵੇਂ ਗਿਆਨ ਦੀਆਂ ਅੱਖਾਂ ਗਵਾ ਲੈਂਦਾ ਹੈ?**

ਇਹ ਲੱਛਣ ਹੇਠ ਲਿਖੇ ਹਨ-

1. ਪਹਿਲਾ ਲੱਛਣ ਇਹ ਹੈ ਕਿ ਵਿਅਕਤੀ ਆਪਣੇ ਇਸ਼ਟ-ਇਸ਼ਟਾਂ ਪ੍ਰਤੀ ਸ਼ਰਧਾ ਹੀਣ ਕਹਾਣੀਆਂ ਘੜਨ ਲੱਗ ਪਵੇ।

2. ਦੂਜਾ ਲੱਛਣ ਇਹ ਹੈ ਕਿ ਉਹ ਵਿਅਕਤੀ ਰੱਬ ਨੂੰ ਆਪਣੇ ਧਰਮ ਅਸਥਾਨ ਵਿੱਚ ਹੀ ਵਸਦਾ ਸਮਝ ਬੈਠੇ।

**ਭਗਤ ਨਾਮ ਦੇਵ ਜੀ ਨੇ ਹਿੰਦੂ ਨੂੰ ਅੰਨ੍ਹਾਂ ਕਹਿਣ ਵਿੱਚ ਹੇਠ ਲਿਖੇ ਦੋ ਤਰਕ ਦਿੱਤੇ ਹਨ-**

ੳ) ਹਿੰਦੂ (ਪੰਡਿਤ) ਨੇ ਆਪਣੇ ਇਸ਼ਟ-ਇਸ਼ਟਾਂ (ਪੂਜਨੀਕ ਹਸਤੀਆਂ) ਪ੍ਰਤੀ ਸ਼ਰਧਾ ਹੀਣ ਕਹਾਣੀਆਂ ਘੜੀਆਂ ਜਿਨ੍ਹਾਂ ਵਿੱਚ ਉਸ ਨੇ ਕਿਹਾ-

1. ਸ੍ਰੀ ਰਾਮ ਚੰਦਰ ਹੈ ਤਾਂ ਅਵਤਾਰ ਸੀ ਅਤੇ ਹਿੰਦੂ ਉਸ ਦੀ ਪੂਜਾ ਵੀ ਕਰਦਾ ਸੀ ਪਰ ਉਸ ਪ੍ਰਤੀ ਕਹਾਣੀ ਘੜ ਲਈ ਕਿ ਰਾਵਣ ਨਾਲ਼ ਅਣਬਣ ਹੋਣ ਕਰਕੇ ਉਸ ਨੇ ਆਪਣੀ ਵਹੁਟੀ ਹੀ ਗਵਾ ਲਈ ਸੀ। ਭਾਵ, ਵਹੁਟੀ ਨੂੰ ਅਗਵਾ ਹੋਣੋ ਬਚਾ ਨਾ ਸਕਿਆ।

2. ਹਿੰਦੂ ਸ਼ਿਵ ਜੀ ਦੀ ਪੂਜਾ ਵੀ ਕਰਦਾ ਹੈ ਅਤੇ ਨਾਲ਼ ਹੀ ਉਸ ਇਸ਼ਟ ਪ੍ਰਤੀ ਸ਼ਰਧਾ ਹੀਣ ਕਹਾਣੀ ਘੜਦਾ ਇਹ ਵੀ ਕਹਿੰਦਾ ਹੈ ਕਿ ਸ਼ਿਵ ਜੀ ਬਹੁਤ ਕ੍ਰੋਧੀ ਸੀ ਜਿਸ ਨੇ ਕਿਸੇ ਭੰਡਾਰੀ ਵਲੋਂ ਬਣਾਇਆ ਖਾਣਾ ਪਸੰਦ ਨਾ ਆਉਣ ਤੇ ਉਸ ਦਾ ਮੁੰਡਾ ਹੀ ਮਾਰ ਦਿੱਤਾ ਸੀ, ਭਾਵ, ਉਹ ਆਪਣੇ ਗੁੱਸੇ ਨੂੰ ਹੀ ਕਾਬੂ ਨਾ ਕਰ ਸਕਿਆ।

3. ਹਿੰਦੂ ਲੋਕ ਗਾਇਤ੍ਰੀ ਮੰਤ੍ਰ ਨੂੰ ਪਵਿੱਤ੍ਰ ਸਮਝ ਕੇ ਉਸ ਦਾ ਨੇਮ ਨਾਲ਼ ਦੋ ਵੇਲੇ ਪਾਠ ਵੀ ਕਰਦਾ ਹੈ ਪਰ ਉਸ ਪ੍ਰਤੀ ਸ਼ਰਧਾ ਹੀਣ ਕਹਾਣੀ ਘੜ ਕੇ ਇਹ ਵੀ ਕਹੀ ਜਾਂਦਾ ਹੈ ਕਿ ਗਾਇਤ੍ਰੀ ਇੱਕ ਵਾਰੀ ਗਊ ਦੀ ਜੂਨੇ ਪੈ ਕੇ ਲੋਧੇ ਜੱਟ ਦੀ ਫ਼ਸਲ ਦਾ ਨੁਕਸਾਨ ਕਰਨ ਲੱਗੀ ਜਿਸ ਤੇ ਉਸ ਜੱਟ ਨੇ ਗਾਇਤ੍ਰੀ ਦੀ ਇੱਕ ਲੱਤ ਤੋੜ ਦਿੱਤੀ ਸੀ, ਭਾਵ, ਗਾਇਤ੍ਰੀ ਆਪਣੀ ਰੱਖਿਆ ਨਹੀਂ ਕਰ ਸਕੀ ਅਤੇ ਉਹ ਜੂਨਾਂ ਵਿੱਚ ਵੀ ਪੈਂਦੀ ਹੈ। ਪਹਿਲੀ ਅੱਖ ਜਾਂਦੀ ਲੱਗੀ ਸਮਝੋ!

ਅ) ਜਿਹੜਾ ਹਿੰਦੂ ਵਿਅਕਤੀ ਰੱਬ ਨੂੰ ਮੂਰਤੀਆਂ ਦੇ ਰੂਪ ਵਿੱਚ ਆਪਣੇ ਧਾਰਮਿਕ ਅਸਥਾਨ ਵਿੱਚ ਵਸਦਾ ਹੀ ਸਮਝ ਲੈਂਦਾ ਹੈ ਉਹ ਗਿਆਨ ਦੀ ਦੂਜੀ ਅੱਖ ਵੀ ਗਵਾ ਲੈਂਦਾ ਹੈ।

**ਮੁਸਲਮਾਨ ਨੂੰ ਭਗਤ ਨਾਮ ਦੇਵ ਜੀ ਨੇ ਕਾਣਾ ਕਿਉਂ ਕਿਹਾ ਹੈ?**

ਮੁਸਲਮਾਨ ਦੀ ਇੱਕ ਅੱਖ ਬਚ ਗਈ ਪਰ ਦੂਜੀ ਨਾ ਬਚ ਸਕੀ ਇਸ ਲਈ ਉਹ ਕਾਣਾ ਹੋ ਗਿਆ।

**ਮੁਸਲਮਾਨ ਦੀ ਕਿਹੜੀ ਅੱਖ ਬਚੀ?**

ਮੁਸਲਮਾਨ ਦਾ ਇੱਕ ਅੱਲ੍ਹਾ ਉਤੇ ਹੀ ਯਕੀਨ ਰਹਿਣ ਕਰਕੇ ਉਸ ਦੀ ਗਿਆਨ ਰੂਪੀ ਇੱਕ ਅੱਖ ਬਚ ਗਈ।

**ਮੁਸਲਮਾਨ ਦੀ ਕਿਹੜੀ ਅੱਖ ਨਾ ਬਚ ਸਕੀ?**

ਮੁਸਲਮਾਨ ਅੱਲ੍ਹਾ ਨੂੰ ਕੇਵਲ ਮਸਜਿਦ (ਕਾਅਬੇ) ਵਿੱਚ ਹੀ ਵਸਦਾ ਸਮਝ ਬੈਠਾ ਜਿਸ ਨਾਲ਼ ਉਸ ਦੀ ਗਿਆਨ ਰੂਪੀ ਦੂਜੀ ਅੱਖ ਨਾ ਰਹੀ ਅਤੇ ਭਗਤ ਜੀ ਨੇ ਉਸ ਨੂੰ ਕਾਣਾ ਕਹਿ ਦਿੱਤਾ।

**ਸਿੱਖ ਵਾਰੇ ਕੀ ਕਿਹਾ ਜਾਏ? ਕੀ ਭਗਤ ਨਾਮ ਦੇਵ ਜੀ ਦੇ 'ਹਿੰਦੂ ਅੰਨ੍ਹਾਂ ਤੁਰਕੂ ਕਾਣਾ' ਵਾਲ਼ੇ ਵਚਨ ਅੱਜ ਦੇ ਸਿੱਖਾਂ ਉਤੇ ਵੀ ਲਾਗੂ ਹੋ ਸਕਦੇ ਹਨ?**

ਸਿੱਖ ਨੇ ਆਪਣੇ ਇਸ਼ਟ ਗੁਰੂ ਪਾਤਿਸ਼ਾਹਾਂ ਪ੍ਰਤੀ ਵੀ ਬਹੁਤ ਸ਼ਰਧਾ ਹੀਣ ਕਹਾਣੀਆਂ ਘੜੀਆਂ ਹੋਈਆਂ ਹਨ ਜੋ 'ਗੁਰਬਿਲਾਸ ਪਾ:6', 'ਗੁਰਬਿਲਾਸ ਪਾ: 10' (ਰਚਿਤ ਕਵੀ ਸੁੱਖਾ ਸਿੰਘ, ਕੁਇਰ ਸਿੰਘ ਆਦਿਕ), 'ਨਾਨਕ ਪ੍ਰਕਾਸ਼' ਅਤੇ 'ਸੂਰਜ ਪ੍ਰਕਾਸ਼' ਰਚਿਤ ਕਵੀ ਸੰਤੋਖ ਸਿੰਘ, 'ਪੰਥ ਪ੍ਰਕਾਸ਼' ਰਚਿਤ ਗਿਆਨੀ ਗਿਆਨ ਸਿੰਘ, 'ਦਸ਼ਮ ਗ੍ਰੰਥ' ਰਚਿਤ ਸੋਧਕ ਕਮੇਟੀ ਅੰਮ੍ਰਿਤਸਰ ਆਦਿਕ ਗ੍ਰੰਥਾਂ ਵਿੱਚ ਲਿਖੀਆਂ ਹੋਈਆਂ ਹਨ ਜਿਨ੍ਹਾਂ ਵਿੱਚੋਂ ਕੁੱਝ ਕੁ ਇਸ਼ਾਰੇ ਮਾਤ੍ਰ ਇਉਂ ਹਨ-

**ੳ**) ਗੁਰੂ ਨਾਨਕ ਪਾਤਿਸ਼ਾਹ ਨੇ ਜਨੇਊ ਪਾ ਲਿਆ ਸੀ, ਪਰ ਇਹ ਝੂਠ ਹੈ।

**ਅ**) ਦਸਵੇਂ ਗੁਰੂ ਜੀ ਭੰਗ ਅਤੇ ਅਫ਼ੀਮ ਦੀ ਵਰਤੋਂ ਕਰਦੇ ਸਨ, ਪਰ ਇਹ ਝੂਠ ਹੈ।

**ੲ**) ਦਸਵੇਂ ਗੁਰੂ ਜੀ ਨੇ ਦੁਰਗਾ ਮਾਈ ਪਾਰਬਤੀ ਦੀ ਕਈ ਮਹੀਨੇ ਪੂਜਾ ਕੀਤੀ ਜਿਸ ਤੋਂ ਬਖ਼ਸ਼ਸ਼ ਵਿੱਚ ਮਿਲ਼ੀ ਕਰਦ ਨਾਲ਼ ਖੰਡੇ ਦੀ ਪਾਹੁਲ ਦਿੱਤੀ ਗਈ, ਪਰ ਇਹ ਝੂਠ ਹੈ।

**ਸ**) ਸਿੱਖਾਂ ਨੂੰ ਕਛਿਹਰਾ ਹਨੂਮਾਨ ਨੇ ਦਿੱਤਾ, ਕੇਸ਼ ਸ਼ਿਵ ਜੀ ਨੇ ਦਿੱਤੇ ਆਦਿਕ, ਪਰ ਇਹ ਝੂਠ ਹੈ।

**ਹ**) ਦਸਵੇਂ ਗੁਰੂ ਜੀ ਦਾ ਪਿਛਲਾ ਯੋਗੀ ਯੋਗ-ਸਾਧਨਾ ਵਾਲ਼ਾ ਜਨਮ ਦੱਸਣਾ ਅਤੇ 'ਮਹਾਂਕਾਲ਼ ਕਾਲਿਕਾ ਅਰਾਧੀ', ਗੁਰ ਸਿਮਰਿ ਮਨਾਈ ਕਾਲਿਕਾ ਖੰਡੇ ਕੀ ਵੇਲਾ' ਆਦਿਕ ਮਨਘੜਤ ਰਚਨਾਵਾਂ ਰਾਹੀ  ਗੁਰੂ ਜੀ ਨੂੰ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲ਼ੇ ਸਾਬਤ ਕਰਨਾ, ਪਰ ਇਹ ਝੂਠ ਹੈ।

**ਕ**) ਦਸਵੇਂ ਗੁਰੂ ਜੀ ਨੂੰ 'ਵਾਰ ਦੁਰਗਾ ਕੀ' ਦੇ ਲਿਖਾਰੀ ਸਿੱਧ ਕਰ ਕੇ ਉਨ੍ਹਾਂ ਤੋਂ ਦੁਰਗਾ ਦੇ ਪਾਠ ਦੀਆਂ 55 ਪਉੜੀਆਂ ਲਿਖਵਾ ਕੇ ਦੇਵੀ ਦੀ ਸਿਫ਼ਤਿ ਕਰਵਾਉਣੀ, ਪਰ ਇਹ ਝੂਠ ਹੈ।

**ਖ**) ਦਸਵੇਂ ਗੁਰੂ ਜੀ ਵਲੋਂ ਹਿੰਦੂ ਮੱਤ ਦੇ ਦੇਵਤੇ ਸ਼ਿਵ ਜੀ ਦੇ ਇੱਕ ਰੂਪ ਮਹਾਂਕਾਲ਼ ਦੇਵਤੇ ਅੱਗੇ ਬੇਨਤੀ ਕਰਦੇ ਦਿਖਾਉਣਾ, ਪਰ ਇਹ ਠੀਕ ਨਹੀਂ।

**ਗ**) ਦਸਵੇਂ ਗੁਰੂ ਜੀ ਨੂੰ ਦੁਰਗਾ ਦੇਵੀ ਪਾਰਬਤੀ ਦੇ ਸ਼ਿਵਾ ਨਾਂ ਵਾਲ਼ੇ ਰੂਪ ਤੋਂ ਬਰ ਮੰਗਦੇ ਸਾਬਤ ਕਰਨਾ, ਪਰ ਇਹ ਝੂਠ ਹੈ।

**ਘ**) ਨੌਂਵੇਂ ਗੁਰੂ ਜੀ ਨੂੰ ਹਿੰਦੂ ਮੱਤ ਦੇ ਵੱਖ-ਵੱਖ ਤੀਰਥਾਂ ਉਤੇ ਇਸ਼ਨਾਨ ਕਰਦੇ ਅਤੇ ਸੁੱਖਾਂ ਸੁੱਖਦੇ ਦੱਸਣਾ ਤਾਂ ਜੁ ਹਿੰਦੂ ਮੱਤ ਦੇ ਤੀਰਥਾਂ ਦੀ ਕਿਰਪਾ ਦੇ ਭਰਮ ਨਾਲ਼ ਪੁੱਤਰ ਮਿਲ਼ ਸਕੇ ਜਦੋਂ ਕਿ ਗੁਰੂ ਜੀ ਆਪ ਹੀ ਪੂਰੇ ਤੀਰਥ ਅਤੇ ਸਿੱਖਾਂ ਨੂੰ ਆਪਿ ਬਖ਼ਸ਼ਸ਼ਾਂ ਕਰਨ ਵਾਲ਼ੇ ਹੁੰਦੇ ਹਨ।

ਸਿੱਖਾਂ ਵਲੋਂ ਬਣਾਈਆਂ ਉਪਰੋਕਤ ਕੁੱਝ ਕੁ ਸ਼ਰਧਾ ਹੀਣ ਕਹਾਣੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਨ੍ਹਾਂ ਕਹਾਣੀਆਂ ਦਾ ਪ੍ਰਚਾਰ ਕਰਨ ਵਾਲ਼ੇ ਸਿੱਖ ਆਪਣੀ ਗਿਆਨ ਰੂਪੀ ਇੱਕ ਅੱਖ ਗੁਆ ਚੁੱਕੇ ਹਨ ਕਿਉਂਕਿ ਭਗਤ ਨਾਮ ਦੇਵ ਜੀ ਅਨੁਸਾਰ ਆਪਣੇ ਇਸ਼ਟ ਪ੍ਰਤੀ ਅਜਿਹੀਆਂ ਸ਼ਰਧਾ ਹੀਣ ਕਹਾਣੀਆਂ ਨਾਲ਼ ਵਿਅੱਕਤੀ ਇੱਕ ਅੱਖ ਗੁਆ ਬੈਠਦਾ ਹੈ।

ਬਹੁਤੇ ਸਿੱਖ ਤਾਂ ਗੁਰਦੁਆਰਿਆਂ ਨੂੰ 'ਗੁਰੂ-ਘਰ' ਹੀ ਸਮਝ ਬੈਠੇ ਹਨ ਅਤੇ 'ਗੁਰਦੁਆਰੇ' ਲਈ 'ਗੁਰੂ-ਘਰ' ਸ਼ਬਦ ਦੀ ਖੁੱਲ੍ਹੀ ਵਰਤੋਂ ਕਰ ਰਹੇ ਹਨ ਜਿਵੇਂ ਗੁਰੂ- ਪਰਮੇਸ਼ਰ ਗੁਰਦੁਆਰੇ ਤੋਂ ਬਾਹਰ ਕਿਤੇ ਨਹੀਂ ਅਤੇ ਇਹ ਹੀ ਗੁਰੂ-ਪਰਮੇਸ਼ਰ ਦਾ ਘਰ ਹੋਵੇ।ਅਜਿਹੀ ਸੋਚ ਭਗਤ ਨਾਮ ਦੇਵ ਜੀ ਅਨੁਸਾਰ ਦੂਜੀ ਅੱਖ ਵੀ ਗੁਆ ਦਿੰਦੀ ਹੈ।ਸਚਾਈ ਹੈ-**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥(ਗਗਸ 394)**

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੈ ਜੈਕਾਰ! ਭੁੱਲ ਚੁੱਕ ਦੀ ਖਿਮਾ!